




WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo By: Mangat Media Group

Vol-1 Issue - 13 10 September to 16 September 2026 Email: bcpunjabinews@gmail.com Website: www.bcpunjabinews.ca Phone: +1 604 750 4259







## Canada ਦੇ 11 ਕੌਮਾਂਤਰੀ ਹਵਾਈ ਅੱਡਿਆਂ ਤੇ CBSA ਦਾ ਸਿਸਟਮ ਠੱਪ ਰਿਹਾ, ਯਾਰਤੀ ਪਰੇਸ਼ਾਨ



**ਵੈਨਕੂਵਰ–** ਕੈਨੇਡਾ ਦੇ ਪ੍ਰਮੁੱਖ ਇੰਟਰਨੈਸ਼ਨਲ ਹਵਾਈ ਅੱਡਿਆਂ ਉੱਤੇ ਸੀਮਾ ਸੁਰੱਖਿਆ ਸੇਵਾਵਾਂ ਏਜੰਸੀ (CBSA) ਦੇ ਸਿਸਟਮ ਵਿੱਚ ਖਰਾਬੀ ਆਉਣ ਕਾਰਨ ਕਈ ਘੰਟੇ ਸੇਵਾਵਾਂ ਬੁਰੀ ਤਰਾਂ ਪ੍ਰਭਾਵਤ ਹੋਈਆਂ। ਇਸ ਦੌਰਾਨ ਵਿਦੇਸ਼ਾਂ ਤੋਂ ਆਉਣ ਵਾਲਿਆਂ ਨਾਲ ਨਿੱਜੀ ਤੌਰ ਤੇ ਨਜਿੱਠਣ ਕਰਕੇ ਯਾਤਰੀਆਂ ਨੂੰ ਬਾਹਰ ਜਾਣ ਵਿੱਚ ਘੰਟਿਆਂ ਦੀ ਦੇਰੀ ਹੁੰਦੀ ਰਹੀ।

ਹਾਲਾਂਕਿ ਏਜੰਸੀ ਨੇ ਇਸ ਗੱਲ ਨੂੰ ਖਾਰਜ ਕੀਤਾ ਕਿ ਉਨ੍ਹਾਂ ਦਾ ਸਿਸਟਮ ਹੈਕ ਹੋਇਆ ਹੈ। ਟਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਹਵਾਈ ਅੱਡਾ ਪ੍ਰਬੰਧਨ ਨੇ ਵੀ ਆਪਣੇ ਹੈਂਡਲ ਐਕਸ ਤੇ ਪੋਸਟ ਪਾਕੇ ਏਜੰਸੀ ਦਾ ਸਿਸਟਮ ਫੇਲ ਹੋਣ ਕਰਕੇ ਯਾਤਰੀਆਂ ਨੂੰ ਹੋ ਰਹੀ ਭਾਰੀ ਪਰੇਸ਼ਾਨੀ ਲਈ ਮੁਆਫ਼ੀ ਮੰਗੀ ਹੈ।

ਟਰਾਂਟੋ, ਵੈਨਕੂਵਰ, ਕੈਲਗਰੀ, ਐਡਮੰਟਨ, ਹਮਿਲਟਨ. ਐਬਸਫੋਰਡ, ਮੌਂਟਰੀਆਲ, ਔਟਵਾ, ਵਿੰਨੀਪੈੱਗ ਤੇ ਦੋ ਹੋਰ ਹਵਾਈ ਅੱਡਿਆਂ ਦਾ ਸਿਸਟਮ ਪ੍ਰਭਾਵਤ ਹੋਣ ਦਾ ਪਤਾ ਲੱਗਾ ਹੈ। ਰਾਤ 10 ਵਜੇ ਸੀਬੀਐਸਏ ਨੇ ਯਾਤਰੀਆਂ ਨੂੰ ਹੋਈ ਅਸੁਵਿਧਾ ਲਈ ਮੁਆਫੀ ਮੰਗਦੇ ਹੋਏ ਕਿਹਾ ਕਿ ਹੁਣੇ ਹੁਣੇ ਉਸਨਾਂ ਦਾ ਸਿਸਟਮ ਪਹਿਲਾਂ ਵਾਂਗ ਕੰਮ ਕਰਨ ਲੱਗ ਪਿਆ ਹੈ।

ਇਨ੍ਹਾਂ 'ਚੋਂ ਕੁਝ ਵੱਡੇ ਹਵਾਈ ਅੱਡਿਆਂ ਉੱਤੇ ਵਿਦੇਸ਼ਾਂ ਤੋਂ ਉਡਾਣਾਂ ਆਉਂਦੀਆਂ ਹਨ, ਪਰ ਕੁਝ ਛੋਟੇ ਹਵਾਈ ਅੱਡਿਆਂ ਤੇ ਸੰਚਾਲਨ ਸਿਰਫ ਅਮਰੀਕਾ ਤੇ ਮੈਕਸੀਕੋ ਹਵਾਈ ਅੱਡਿਆਂ ਤੱਕ ਸੀਮਤ ਹੈ। ਪਤਾ ਲੱਗਾ ਹੈ ਕਿ ਏਜੰਸੀ ਨੇ ਯਾਤਰੀਆਂ ਦੀ ਅਸੁਵਿਧਾ ਘਟਾਉਣ ਲਈ ਤੁਰੰਤ ਸਟਾਫ ਵਧਾਉਣ ਦੇ ਯਤਨ ਕੀਤੇ, ਜਿਸ ਕਾਰਨ ਯਾਤਰੀਆਂ ਦੀਆਂ ਲੰਬੀਆਂ ਕਤਾਰਾਂ ਕੁਝ ਛੋਟੀਆਂ ਹੋਈਆਂ। ਦੇਰ ਰਾਤ ਸਿਸਟਮ ਠੀਕ ਹੋਣ ਕਾਰਨ ਵੀ ਹਾਲਾਤ ਆਮ ਵਾਂਗ ਹੋਣ ਵਿੱਚ ਕੁਝ ਘੰਟੇ ਲੱਗ ਸਕਦੇ ਹਨ।

# ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦਾ ਸਵਾਲ ਹੀ ਨਹੀਂ : ਡੇਵਿਡ ਈਬੀ

## ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਨੇ ਸਰਹੱਦ 'ਤੇ ਨਵੇਂ ਬੋਰਡ ਲਗਾ ਕੇ ਅਮਰੀਕਾ ਨੂੰ ਦਿੱਤਾ ਸਪੱਸ਼ਟ ਸੁਨੇਹਾ; 28 ਬਿਲੀਅਨ ਡਾਲਰ ਦੇ ਜਵਾਬੀ ਟੈਰਿਫਾਂ ਦਾ ਕੀਤਾ ਸਮਰਥਨ

**ਸਰੀ :** ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਅਮਰੀਕਾ ਨਾਲ ਵਧ ਰਹੇ ਵਪਾਰਕ ਤਣਾਅ ਦਰਮਿਆਨ ਸਖ਼ਤ ਰੁਖ਼ ਅਪਣਾਉਂਦਿਆਂ ਕਿਹਾ ਹੈ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ 51ਵਾਂ ਸੂਬਾ ਨਹੀਂ ਬਣੇਗਾ। ਮੰਗਲਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਨੇ ਵਾਸ਼ਿੰਗਟਨ ਸੂਬੇ ਨਾਲ ਲੱਗਦੀ ਸਰਹੱਦ 'ਤੇ ਲਗਾਏ ਜਾਣ ਵਾਲੇ ਨਵੇਂ ਸੰਕੇਤ ਬੋਰਡ ਜਨਤਕ ਕੀਤੇ।

ਇਨ੍ਹਾਂ ਬੋਰਡਾਂ ਰਾਹੀਂ ਅਮਰੀਕੀ ਪ੍ਰਸ਼ਾਸਨ ਨੂੰ ਸਪੱਸ਼ਟ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇੱਕ ਮੁੱਖ ਬੋਰਡ 'ਤੇ ਲਿਖਿਆ ਗਿਆ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਤੁਹਾਡਾ ਸੁਆਗਤ ਹੈ। ਇਸ ਦੇ ਨਾਲ ਕਿਹਾ ਗਿਆ ਹੈ ਕਿ ਸੂਬਾ ਮਜ਼ਬੂਤ ਅਤੇ ਅਣਖੀਲਾ ਹੈ ਅਤੇ ਕਦੇ ਵੀ ਅਮਰੀਕਾ ਦਾ 51ਵਾਂ ਸੂਬਾ ਨਹੀਂ ਬਣੇਗਾ। ਦੂਜੇ ਬੋਰਡ 'ਤੇ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਦੇ ਨਾਲ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਕੈਨੇਡਾ ਦੀ




ਨਿਮਰਤਾ ਨੂੰ ਕਮਜ਼ੋਰੀ ਨਾ ਸਮਝਿਆ ਜਾਵੇ।

ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵਪਾਰਕ ਗੱਲਬਾਤ ਟੁੱਟਣ ਤੋਂ ਬਾਅਦ ਦਿੱਤੇ ਗਏ ਬਿਆਨਾਂ ਦੇ ਜਵਾਬ ਵਜੋਂ ਦੇਖਿਆ ਜਾ ਰਿਹਾ ਹੈ। ਟਰੰਪ ਨੇ ਆਪਣੇ ਬਿਆਨਾਂ ਵਿੱਚ ਕੈਨੇਡਾ ਦੇ ਅਮਰੀਕਾ ਦਾ 51ਵਾਂ ਸੂਬਾ ਬਣਨ ਦੀ ਸੰਭਾਵਨਾ ਨੂੰ ਲੈ ਕੇ ਤਨਜ਼ ਕੀਤਾ ਸੀ।

ਅਮਰੀਕੀ ਟਿੱਪਣੀਆਂ ਅਤੇ ਵਪਾਰਕ ਪਾਬੰਦੀਆਂ ਦੇ ਵਿਰੋਧ ਵਿੱਚ ਬ੍ਰਿਟਿਸ਼ ਕੋਲੰਬੀਆ ਸਮੇਤ ਕੈਨੇਡਾ ਦੇ ਕਈ ਸੂਬੇ ਪਹਿਲਾਂ ਹੀ ਅਮਰੀਕੀ ਸ਼ਰਾਬ ਦੀ ਵਿਕਰੀ 'ਤੇ ਰੋਕ ਲਗਾ ਚੁੱਕੇ ਹਨ। ਪ੍ਰੀਮੀਅਰ ਈਬੀ ਨੇ ਲੋਕਾਂ ਨੂੰ ਅਮਰੀਕੀ ਵਸਤਾਂ ਦਾ ਬਾਈਕਾਟ ਕਰਨ ਅਤੇ ਸਥਾਨਕ ਉਤਪਾਦਾਂ ਨੂੰ ਤਰਜੀਹ ਦੇਣ ਲਈ 'ਬਾਏ ਬੀਸੀ' ਮੁਹਿੰਮ ਅਪਣਾਉਣ ਦੀ ਅਪੀਲ ਵੀ ਕੀਤੀ ਹੈ।

ਈਬੀ ਨੇ ਇਹ ਪ੍ਰੈਸ ਕਾਨਫਰੰਸ ਕੈਨੇਡਾ ਵੱਲੋਂ ਅਮਰੀਕਾ ਤੋਂ ਆਉਣ ਵਾਲੇ 28 ਬਿਲੀਅਨ ਡਾਲਰ ਦੇ ਸਾਮਾਨ 'ਤੇ ਜਵਾਬੀ ਟੈਰਿਫ ਲਾਗੂ ਕੀਤੇ ਜਾਣ ਤੋਂ ਤੁਰੰਤ ਬਾਅਦ ਕੀਤੀ।

ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਵਪਾਰਕ ਜੰਗ ਲੰਬੀ ਖਿੱਚ ਸਕਦੀ ਹੈ, ਜਿਸ ਕਾਰਨ ਦੋਵਾਂ ਪਾਸਿਆਂ ਦੇ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਣ ਦਾ ਖ਼ਤਰਾ ਹੈ।

ਪ੍ਰੀਮੀਅਰ ਨੇ ਕਿਹਾ ਕਿ ਫਿਲਹਾਲ ਕੈਨੇਡਾ ਅਤੇ ਅਮਰੀਕਾ ਗੱਲਬਾਤ ਦੀ ਮੇਜ਼ 'ਤੇ ਨਹੀਂ ਹਨ। ਉਨ੍ਹਾਂ ਉਮੀਦ ਜਤਾਈ ਕਿ ਅਮਰੀਕੀ ਜਨਤਾ ਕੈਨੇਡਾ ਦੀ ਮਹੱਤਤਾ ਨੂੰ ਸਮਝੇਗੀ ਅਤੇ ਅਜਿਹੇ ਨੁਮਾਇੰਦਿਆਂ ਦਾ ਸਮਰਥਨ ਕਰੇਗੀ ਜੋ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਸਾਂਝ, ਸਹਿਯੋਗ ਅਤੇ ਮਜ਼ਬੂਤ ਰਿਸ਼ਤਿਆਂ ਵਿੱਚ ਵਿਸ਼ਵਾਸ ਰੱਖਦੇ ਹਨ।

# ਵਰਕ ਪਰਮਿਟ ਵਾਲਿਆਂ ਲਈ ਕੈਨੇਡਾ ਸਰਕਾਰ ਦੀ ਵੱਡੀ ਰਾਹਤ, ਬਿਨਾਂ ਸਟੱਡੀ ਪਰਮਿਟ 6 ਮਹੀਨੇ ਤੱਕ ਕਰ ਸਕਣਗੇ ਪੜ੍ਹਾਈ

## ਨਵੀਂ ਆਰਜ਼ੀ ਨੀਤੀ 4 ਸਤੰਬਰ 2026 ਤੋਂ ਲਾਗੂ; ਰੀਨਿਊ ਕੀਤੇ ਵਰਕ ਪਰਮਿਟ ਅਤੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਵਾਲੇ ਕਾਮਿਆਂ ਨੂੰ ਵੀ ਮਿਲੇਗਾ ਲਾਭ

**ਸਰੀ,** ਕੈਨੇਡਾ ਦੇ ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਵਿਭਾਗ ਵੱਲੋਂ ਦੇਸ਼ ਵਿੱਚ ਵੈਧ ਵਰਕ ਪਰਮਿਟ 'ਤੇ ਕੰਮ ਕਰ ਰਹੇ ਵਿਦੇਸ਼ੀ ਕਾਮਿਆਂ ਲਈ ਇੱਕ ਅਹਿਮ ਰਾਹਤ ਦਾ ਐਲਾਨ ਕੀਤਾ ਗਿਆ ਹੈ। ਨਵੀਂ ਆਰਜ਼ੀ ਜਨਤਕ ਨੀਤੀ ਤਹਿਤ ਹੁਣ ਕੈਨੇਡਾ ਵਿੱਚ ਵੈਧ ਵਰਕ ਪਰਮਿਟ ਰੱਖਣ ਵਾਲੇ ਵਿਦੇਸ਼ੀ ਨਾਗਰਿਕ ਬਿਨਾਂ ਵੱਖਰੇ ਸਟੱਡੀ ਪਰਮਿਟ ਦੇ 6 ਮਹੀਨੇ ਜਾਂ ਇਸ ਤੋਂ ਘੱਟ ਸਮੇਂ ਦੇ ਵਿਦਿਅਕ ਕੋਰਸ ਜਾਂ ਸਿਖਲਾਈ ਪ੍ਰੋਗਰਾਮ ਕਰ ਸਕਣਗੇ।




ਫੈਡਰਲ ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਕੀਤੀ ਗਈ ਇਹ ਆਰਜ਼ੀ ਨੀਤੀ 4 ਸਤੰਬਰ 2026 ਤੋਂ ਲਾਗੂ ਹੋ ਚੁੱਕੀ ਹੈ ਅਤੇ 31 ਦਸੰਬਰ 2027 ਤੱਕ ਪ੍ਰਭਾਵੀ ਰਹੇਗੀ। ਇਸ ਫੈਸਲੇ ਨਾਲ ਕੈਨੇਡਾ ਵਿੱਚ ਕੰਮ ਕਰ ਰਹੇ ਹਜ਼ਾਰਾਂ ਵਿਦੇਸ਼ੀ ਕਾਮਿਆਂ ਨੂੰ ਨੌਕਰੀ ਦੇ ਨਾਲ ਆਪਣੇ ਹੁਨਰਾਂ ਵਿੱਚ ਵਾਧਾ ਕਰਨ ਅਤੇ ਛੋਟੇ ਸਮੇਂ ਦੇ ਕੋਰਸ ਕਰਨ ਦਾ ਮੌਕਾ ਮਿਲੇਗਾ।

ਕੈਨੇਡੀਅਨ ਇਮੀਗ੍ਰੇਸ਼ਨ ਨਿਯਮਾਂ ਤਹਿਤ ਪਹਿਲਾਂ ਵਿਦੇਸ਼ੀ ਕਾਮਿਆਂ ਲਈ 6 ਮਹੀਨੇ ਜਾਂ ਇਸ ਤੋਂ ਘੱਟ ਸਮੇਂ ਦਾ ਕੋਈ ਕੋਰਸ ਕਰਨ ਲਈ ਇਹ ਸ਼ਰਤ ਲਾਗੂ ਹੁੰਦੀ ਸੀ ਕਿ ਉਹ ਕੋਰਸ ਕੈਨੇਡਾ ਵਿੱਚ ਉਨ੍ਹਾਂ ਦੇ ਪਹਿਲੇ ਦਾਖਲੇ ਸਮੇਂ ਮਿਲੀ ਠਹਿਰਨ ਦੀ ਮਿਆਦ ਦੇ ਅੰਦਰ ਹੀ ਪੂਰਾ ਹੋਣਾ ਚਾਹੀਦਾ ਸੀ। ਜਿਹੜੇ ਕਾਮਿਆਂ ਨੇ ਬਾਅਦ ਵਿੱਚ ਆਪਣੇ ਵਰਕ ਪਰਮਿਟ ਦੀ ਮਿਆਦ ਵਧਾ ਲਈ ਹੁੰਦੀ ਸੀ, ਉਨ੍ਹਾਂ ਲਈ ਇਸ ਛੋਟ ਤਹਿਤ ਨਵਾਂ ਕੋਰਸ ਸ਼ੁਰੂ ਕਰਨ ਦੀ ਸਹੂਲਤ ਪਹਿਲਾਂ ਉਪਲਬਧ ਨਹੀਂ ਰਹਿੰਦੀ ਸੀ।

ਨਵੀਂ ਆਰਜ਼ੀ ਨੀਤੀ ਨੇ ਇਸ ਪੁਰਾਣੀ ਰੋਕ ਨੂੰ ਹਟਾ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਜਿਨ੍ਹਾਂ ਵਿਦੇਸ਼ੀ ਕਾਮਿਆਂ ਨੇ ਆਪਣਾ ਵਰਕ ਪਰਮਿਟ ਨਵਿਆ ਲਿਆ ਹੈ ਜਾਂ ਜਿਹੜੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ 'ਤੇ ਕੈਨੇਡਾ ਵਿੱਚ ਰਹਿ ਰਹੇ ਹਨ, ਉਹ ਵੀ ਬਿਨਾਂ ਵੱਖਰੇ ਸਟੱਡੀ ਪਰਮਿਟ ਲਈ ਅਰਜ਼ੀ ਦਿੱਤੇ ਆਪਣੇ ਹੁਨਰਾਂ ਨੂੰ ਨਿਖਾਰਨ ਲਈ 6 ਮਹੀਨੇ ਜਾਂ ਇਸ ਤੋਂ ਘੱਟ ਸਮੇਂ ਦੇ ਕੋਰਸ ਕਰ ਸਕਣਗੇ।

ਲ ਸਰਕਾਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਇਸ ਸਮੇਂ ਕੈਨੇਡਾ ਵਿੱਚ ਲਗਭਗ 15 ਲੱਖ ਵਿਦੇਸ਼ੀ ਨਾਗਰਿਕ ਸਿਰਫ਼ ਵਰਕ ਪਰਮਿਟ 'ਤੇ ਰਹਿ ਰਹੇ ਹਨ। ਨਵੀਂ ਨੀਤੀ ਦਾ ਲਾਭ ਇਨ੍ਹਾਂ ਅਸਥਾਈ ਕਾਮਿਆਂ ਲਈ ਖ਼ਾਸ ਤੌਰ 'ਤੇ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਹੁਣ ਉਹ ਆਪਣੀ ਨੌਕਰੀ ਦੇ ਨਾਲ ਨਵੀਆਂ ਤਕਨੀਕੀ ਮੁਹਾਰਤਾਂ ਹਾਸਲ ਕਰਨ, ਪੇਸ਼ੇਵਰ ਪ੍ਰਮਾਣ ਪੱਤਰ ਲੈਣ ਅਤੇ ਲਾਇਸੈਂਸਿੰਗ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਛੋਟੇ ਸਮੇਂ ਦੇ ਕੋਰਸ ਕਰ ਸਕਣਗੇ।

ਕਾਮੇ ਆਪਣੀ ਨੌਕਰੀ ਜਾਰੀ ਰੱਖਦਿਆਂ ਪਾਰਟ-ਟਾਈਮ ਜਾਂ ਸ਼ਾਮ ਦੀਆਂ ਕਲਾਸਾਂ ਰਾਹੀਂ ਵੀ ਇਹ ਕੋਰਸ ਪੂਰੇ ਕਰ ਸਕਣਗੇ। ਇਸ ਨਾਲ ਉਨ੍ਹਾਂ ਨੂੰ ਨੌਕਰੀ ਛੱਡੇ ਬਿਨਾਂ ਆਪਣੇ ਹੁਨਰ ਅਤੇ ਯੋਗਤਾਵਾਂ ਵਿੱਚ ਵਾਧਾ ਕਰਨ ਦਾ ਮੌਕਾ ਮਿਲੇਗਾ।

ਕਿਊਬੈਕ ਸੂਬੇ ਵਿੱਚ ਰਹਿ ਰਹੇ ਕਾਮਿਆਂ ਲਈ ਵੀ ਇਹ ਨਵੀਂ ਨੀਤੀ ਲਾਗੂ ਹੋਵੇਗੀ। ਉਨ੍ਹਾਂ ਨੂੰ 6 ਮਹੀਨੇ ਜਾਂ ਇਸ ਤੋਂ ਘੱਟ ਸਮੇਂ ਦੇ ਕੋਰਸ ਕਰਨ ਲਈ ਕਿਊਬੈਕ ਸਰਕਾਰ ਵੱਲੋਂ ਜਾਰੀ ਕੀਤਾ ਜਾਣ ਵਾਲਾ 'ਸੀਏਕਿਊ' ਪ੍ਰਮਾਣ ਪੱਤਰ ਲੈਣ ਤੋਂ ਵੀ ਛੋਟ ਦਿੱਤੀ ਗਈ ਹੈ। ਇਸ ਨਾਲ ਕਿਊਬੈਕ ਵਿੱਚ ਰਹਿ ਰਹੇ ਯੋਗ ਵਰਕ ਪਰਮਿਟ ਧਾਰਕਾਂ ਲਈ ਛੋਟੇ ਸਮੇਂ ਦੀ ਸਿੱਖਿਆ ਜਾਂ ਸਿਖਲਾਈ ਹਾਸਲ ਕਰਨਾ ਹੋਰ ਸੁਖਾਲਾ ਹੋਵੇਗਾ।

ਇਮੀਗ੍ਰੇਸ਼ਨ ਵਿਭਾਗ ਨੇ ਹਾਲਾਂਕਿ ਸਪੱਸ਼ਟ ਕੀਤਾ ਹੈ ਕਿ ਇਸ ਛੋਟ ਦਾ ਲਾਭ ਲੈਣ ਲਈ ਉਮੀਦਵਾਰ ਕੋਲ ਵੈਧ ਵਰਕ ਪਰਮਿਟ ਹੋਣਾ ਲਾਜ਼ਮੀ ਹੈ। ਵਿਦਿਆਰਥੀ ਨੂੰ ਵਿਦਿਅਕ ਅਦਾਰੇ ਵਿੱਚ ਦਾਖਲਾ ਲੈਂਦੇ ਸਮੇਂ ਆਪਣਾ ਵੈਧ ਵਰਕ ਪਰਮਿਟ ਪੇਸ਼ ਕਰਨਾ ਹੋਵੇਗਾ।

ਇਹ ਛੋਟ ਵੱਧ ਤੋਂ ਵੱਧ 6 ਮਹੀਨੇ ਦੀ ਮਿਆਦ ਜਾਂ ਵਰਕ ਪਰਮਿਟ ਦੀ ਬਾਕੀ ਰਹਿੰਦੀ ਮਿਆਦ ਤੱਕ ਹੀ ਲਾਗੂ ਰਹੇਗੀ। ਉਦਾਹਰਨ ਵਜੋਂ ਜੇਕਰ ਕਿਸੇ ਕਾਮੇ ਦੇ ਵਰਕ ਪਰਮਿਟ ਦੀ ਮਿਆਦ 4 ਮਹੀਨੇ ਬਾਅਦ ਖ਼ਤਮ ਹੋ ਰਹੀ ਹੈ ਤਾਂ ਉਹ ਇਸ ਨੀਤੀ ਤਹਿਤ ਸਿਰਫ਼ 4 ਮਹੀਨੇ ਤੱਕ ਹੀ ਪੜ੍ਹਾਈ ਕਰ ਸਕੇਗਾ। ਇਸੇ ਤਰ੍ਹਾਂ ਜੇਕਰ ਕੋਈ ਵਿਦਿਅਕ ਜਾਂ ਸਿਖਲਾਈ ਪ੍ਰੋਗਰਾਮ 6 ਮਹੀਨੇ ਤੋਂ ਵੱਧ ਸਮੇਂ ਦਾ ਹੈ ਤਾਂ ਉਸ ਲਈ ਆਮ ਇਮੀਗ੍ਰੇਸ਼ਨ ਨਿਯਮਾਂ ਅਨੁਸਾਰ ਸਟੱਡੀ ਪਰਮਿਟ ਲੈਣਾ ਲਾਜ਼ਮੀ ਹੋਵੇਗਾ।

ਨਵੀਂ ਨੀਤੀ ਵਿੱਚ ਇੱਕ ਮਹੱਤਵਪੂਰਨ ਚੇਤਾਵਨੀ ਵੀ ਸ਼ਾਮਲ ਕੀਤੀ ਗਈ ਹੈ। ਜੇਕਰ ਕੋਈ ਵਿਅਕਤੀ ਇਸ ਆਰਜ਼ੀ ਨੀਤੀ ਤਹਿਤ ਪੂਰੇ ਸਮੇਂ ਦੀ ਪੜ੍ਹਾਈ ਕਰਦਾ ਹੈ ਤਾਂ ਪੜ੍ਹਾਈ ਦੌਰਾਨ ਹਾਸਲ ਕੀਤਾ ਕੰਮ ਦਾ ਤਜਰਬਾ ਕੈਨੇਡੀਅਨ ਐਕਸਪੀਰੀਅੰਸ ਕਲਾਸ ਜਾਂ ਐਕਸਪ੍ਰੈਸ ਐਂਟਰੀ ਦੇ ਅੰਕਾਂ ਲਈ ਗਿਣਿਆ ਨਹੀਂ ਜਾਵੇਗਾ।

ਹਾਲਾਂਕਿ ਜੇਕਰ ਕੋਈ ਵਰਕਰ ਪੂਰੇ ਸਮੇਂ ਦੀ ਨੌਕਰੀ ਦੇ ਨਾਲ ਪਾਰਟ-ਟਾਈਮ ਪੜ੍ਹਾਈ ਕਰਦਾ ਹੈ ਤਾਂ ਉਸ ਦੌਰਾਨ ਹਾਸਲ ਕੀਤਾ ਕੰਮ ਦਾ ਤਜਰਬਾ ਪੱਕੀ ਰਿਹਾਇਸ਼ ਲਈ ਦਾਇਰ ਕੀਤੀ ਜਾਣ ਵਾਲੀ ਫਾਈਲ ਵਿੱਚ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਰਹੇਗਾ। ਇਸ ਲਈ ਵਰਕ ਪਰਮਿਟ ਧਾਰਕਾਂ ਲਈ ਕੋਰਸ ਦੀ ਮਿਆਦ ਅਤੇ ਪੜ੍ਹਾਈ ਦੇ ਢੰਗ ਦੀ ਚੋਣ ਕਰਨਾ ਮਹੱਤਵਪੂਰਨ ਰਹੇਗਾ।

ਜਿਨ੍ਹਾਂ ਕੋਰਸਾਂ ਵਿੱਚ ਸਹਿਕਾਰੀ ਕੰਮ ਜਾਂ ਅਮਲੀ ਸਿਖਲਾਈ ਸ਼ਾਮਲ ਹੋਵੇਗੀ, ਉਨ੍ਹਾਂ ਲਈ ਵੀ ਵੱਖਰੇ ਨਿਯਮ ਨਿਰਧਾਰਤ ਕੀਤੇ ਗਏ ਹਨ। ਖੁੱਲ੍ਹਾ ਵਰਕ ਪਰਮਿਟ ਰੱਖਣ ਵਾਲੇ ਵਿਅਕਤੀ ਬਿਨਾਂ ਕਿਸੇ ਵਾਧੂ ਮਨਜ਼ੂਰੀ ਦੇ ਸਹਿਕਾਰੀ ਕੰਮ ਕਰ ਸਕਣਗੇ, ਜਦਕਿ ਕਿਸੇ ਖਾਸ ਰੁਜ਼ਗਾਰਦਾਤਾ ਨਾਲ ਜੁੜੇ ਵਰਕ ਪਰਮਿਟ ਵਾਲੇ ਕਾਮਿਆਂ ਨੂੰ ਕਿਸੇ ਹੋਰ ਰੁਜ਼ਗਾਰਦਾਤਾ ਲਈ ਸਹਿਕਾਰੀ ਕੰਮ ਕਰਨ ਵਾਸਤੇ ਵੱਖਰਾ ਸਹਿਕਾਰੀ ਵਰਕ ਪਰਮਿਟ ਹਾਸਲ ਕਰਨਾ ਪਵੇਗਾ।

ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਸਰਕਾਰ ਦਾ ਇਹ ਫੈਸਲਾ ਕੈਨੇਡਾ ਦੀ ਮਜ਼ਦੂਰ ਮੰਡੀ ਵਿੱਚ ਹੁਨਰਮੰਦ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਇਸ ਦੇ ਨਾਲ ਹੀ ਵਿਦੇਸ਼ੀ ਕਾਮਿਆਂ ਨੂੰ ਆਪਣੀ ਮੌਜੂਦਾ ਨੌਕਰੀ ਦੇ ਨਾਲ ਨਵੀਆਂ ਯੋਗਤਾਵਾਂ ਹਾਸਲ ਕਰਨ ਅਤੇ ਬਿਹਤਰ ਰੁਜ਼ਗਾਰ ਦੇ ਮੌਕੇ ਤਲਾਸ਼ਣ ਲਈ ਵੀ ਸਹੂਲਤ ਮਿਲੇਗੀ।

ਇਸ ਆਰਜ਼ੀ ਨੀਤੀ ਰਾਹੀਂ ਕੈਨੇਡਾ ਸਰਕਾਰ ਨੇ ਇੱਕ ਪਾਸੇ ਵਿਦੇਸ਼ੀ ਕਾਮਿਆਂ ਲਈ ਛੋਟੇ ਸਮੇਂ ਦੀ ਸਿੱਖਿਆ ਅਤੇ ਹੁਨਰ ਵਿਕਾਸ ਦੇ ਰਾਹ ਖੋਲ੍ਹੇ ਹਨ, ਜਦਕਿ ਦੂਜੇ ਪਾਸੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਲੰਬੇ ਸਮੇਂ ਦੇ ਕੋਰਸਾਂ ਲਈ ਆਮ ਸਟੱਡੀ ਪਰਮਿਟ ਨਿਯਮ ਹੀ ਲਾਗੂ ਰਹਿਣਗੇ।




























# ਸਰੀ ਵਿਚ ਚੋਣ ਦੰਗਲ ਭਖਿਆ, ਸੱਤ ਧਿਰਾਂ ਨੇ ਤੇਜ਼ ਕੀਤਾ ਚੋਣ ਪ੍ਰਚਾਰ

## ਸੁਰੱਖਿਆ, ਟੈਕਸ, ਰਿਹਾਇਸ਼, ਆਵਾਜਾਈ ਅਤੇ ਸ਼ਹਿਰੀ ਵਿਕਾਸ ਬਣੇ ਮੁੱਖ ਮੁੱਦੇ; ਕਈ ਤਜਰਬੇਕਾਰ ਤੇ ਨਵੇਂ ਚਿਹਰੇ ਮੈਦਾਨ ਵਿੱਚ




**ਸਰੀ, :**ਬ੍ਰਿਟਿਸ਼ ਕੋਲੰਬੀਆ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਸ਼ਹਿਰ ਸਰੀ ਵਿੱਚ ਨਗਰ ਨਿਗਮ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਹੈ। ਸ਼ਹਿਰ ਦੀ ਲਗਾਤਾਰ ਵਧ ਰਹੀ ਆਬਾਦੀ ਦੇ ਨਾਲ ਜਨਤਕ ਸੁਰੱਖਿਆ, ਬਜਟ ਪ੍ਰਬੰਧਨ, ਟੈਕਸਾਂ ਦੀ ਦਰ, ਰਿਹਾਇਸ਼ੀ ਸੰਕਟ ਅਤੇ ਆਵਾਜਾਈ ਵਰਗੇ ਮੁੱਦੇ ਵੀ ਗੰਭੀਰ ਰੂਪ ਧਾਰਨ ਕਰ ਚੁੱਕੇ ਹਨ।

ਇਸ ਵਾਰ ਮੇਅਰ ਅਹੁਦੇ ਲਈ ਮੁਕਾਬਲਾ ਰਵਾਇਤੀ ਦੋ ਧਿਰਾਂ ਤੱਕ ਸੀਮਤ ਨਹੀਂ ਹੈ। ਸੱਤ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਗਠਜੋੜ ਆਪਣੇ ਮੇਅਰ ਅਹੁਦੇ ਦੇ ਉਮੀਦਵਾਰਾਂ ਅਤੇ ਕੌਂਸਲਰਾਂ ਦੀਆਂ ਟੀਮਾਂ ਨਾਲ ਚੋਣ ਮੈਦਾਨ ਵਿੱਚ ਉਤਰੇ ਹੋਏ ਹਨ। ਵੋਟਰਾਂ ਵਿੱਚ ਵੀ ਇਸ ਗੱਲ ਨੂੰ ਲੈ ਕੇ ਉਤਸੁਕਤਾ ਹੈ ਕਿ ਆਉਣ ਵਾਲੇ ਚਾਰ ਸਾਲਾਂ ਲਈ ਸਿਟੀ ਹਾਲ ਦੀ ਕਮਾਨ ਕਿਸ ਦੇ ਹੱਥਾਂ ਵਿੱਚ ਸੌਂਪੀ ਜਾਵੇਗੀ।

ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਵੱਲੋਂ ਆਪਣਾ ਨਾਮ ਬੈਲਟ ਪੇਪਰ ’ਤੇ ਦਰਜ ਕਰਵਾਉਣ ਲਈ 1 ਸਤੰਬਰ ਤੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਰਹੇ ਹਨ ਅਤੇ ਇਹ ਪ੍ਰਕਿਰਿਆ 11 ਸਤੰਬਰ ਸ਼ਾਮ 4 ਵਜੇ ਤੱਕ ਜਾਰੀ ਰਹੇਗੀ। ਚੋਣ ਲੜਨ ਦੇ ਚਾਹਵਾਨ ਵਿਅਕਤੀ ਲਈ ਕੈਨੇਡੀਅਨ ਨਾਗਰਿਕ ਹੋਣਾ ਅਤੇ ਆਮ ਵੋਟਿੰਗ ਵਾਲੇ ਦਿਨ ਘੱਟੋ-ਘੱਟ 18 ਸਾਲ ਦੀ ਉਮਰ ਪੂਰੀ ਹੋਣੀ ਲਾਜ਼ਮੀ ਹੈ। ਬਾਕੀ ਯੋਗਤਾ ਸ਼ਰਤਾਂ ਨਗਰ ਨਿਗਮ ਦੀ ਅਧਿਕਾਰਤ ਵੈੱਬਸਾਈਟ ’ਤੇ ਜਨਤਕ ਕੀਤੀਆਂ ਗਈਆਂ ਹਨ।

ਚੋਣ ਮੁਹਿੰਮ ਦੌਰਾਨ ਵੱਖ-ਵੱਖ ਪਾਰਟੀਆਂ ਵੱਲੋਂ ਅਖ਼ਬਾਰੀ ਬਿਆਨਾਂ, ਜਨਤਕ ਬਹਿਸਾਂ ਅਤੇ ਚੈਂਬਰ ਆਫ਼ ਕਾਮਰਸ ਵਰਗੇ ਮੰਚਾਂ ਰਾਹੀਂ ਆਪਣੇ ਚੋਣ ਮਨੋਰਥ ਪੱਤਰਾਂ ਅਤੇ ਨੀਤੀਆਂ ਨੂੰ ਲੋਕਾਂ ਸਾਹਮਣੇ ਰੱਖਿਆ ਜਾ ਰਿਹਾ ਹੈ। ਇਸ ਸਿਆਸੀ ਦੌੜ ਵਿੱਚ ਪੁਰਾਣੇ ਅਤੇ ਤਜਰਬੇਕਾਰ ਨੇਤਾਵਾਂ ਦੇ ਨਾਲ ਕਈ ਨਵੇਂ ਚਿਹਰੇ ਵੀ ਸ਼ਾਮਲ ਹਨ, ਜੋ ਸ਼ਹਿਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਦੇ ਵਾਅਦੇ ਕਰ ਰਹੇ ਹਨ।

ਮੌਜੂਦਾ ਮੇਅਰ ਬਰੈਂਡਾ ਲੌਕ ਦੀ ਅਗਵਾਈ ਵਾਲੀ **ਸਰੀ ਕੁਨੈਕਟ** ਪਾਰਟੀ ਆਪਣੀ ਪਿਛਲੀ ਕਾਰਗੁਜ਼ਾਰੀ ਦੇ ਆਧਾਰ ’ਤੇ ਮੁੜ ਸੱਤਾ ਵਿੱਚ ਆਉਣ ਲਈ ਪੂਰਾ ਜ਼ੋਰ ਲਗਾ ਰਹੀ ਹੈ। ਮੇਅਰ ਬਰੈਂਡਾ ਲੌਕ ਨੇ ਆਪਣੇ ਕਾਰਜਕਾਲ ਦੌਰਾਨ ਸਰੀ ਪੁਲਿਸ ਸੇਵਾ ਅਤੇ ਆਰਸੀਐਮਪੀ ਨਾਲ ਜੁੜੇ ਮਾਮਲਿਆਂ ਵਿੱਚ ਕਾਨੂੰਨੀ ਲੜਾਈ ਅਤੇ ਸਿਟੀ ਕੌਂਸਲ ਦੇ ਖਰਚਿਆਂ ਨੂੰ ਕਾਬੂ ਵਿੱਚ ਰੱਖਣ ਨੂੰ ਆਪਣੀਆਂ ਮੁੱਖ ਪ੍ਰਾਪਤੀਆਂ ਵਜੋਂ ਪੇਸ਼ ਕੀਤਾ ਹੈ।

ਬਰੈਂਡਾ ਲੌਕ ਦੀ ਚੋਣ ਮੁਹਿੰਮ ਦਾ ਮੁੱਖ ਕੇਂਦਰ ਨਗਰ ਨਿਗਮ ਦੇ ਵਿੱਤੀ ਸੰਤੁਲਨ ਨੂੰ ਕਾਇਮ ਰੱਖਣਾ, ਵਪਾਰੀਆਂ ਲਈ ਅਨੁਕੂਲ ਮਾਹੌਲ ਪੈਦਾ ਕਰਨਾ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣਾ ਹੈ। ਸਰੀ ਕੁਨੈਕਟ ਨੇ ਸ਼ਹਿਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਨਵੇਂ ਨਿਵੇਸ਼ ਲਿਆਉਣ ਦਾ

ਸਰੀ ਕੁਨੈਕਟ ਵੱਲੋਂ ਮੇਅਰ ਅਹੁਦੇ ਲਈ ਬਰੈਂਡਾ ਲੌਕ ਖੁਦ ਉਮੀਦਵਾਰ ਹਨ। ਕੌਂਸਲਰ ਦੀਆਂ ਅੱਠ ਸੀਟਾਂ ਲਈ ਹੈਰੀ ਬੈਂਸ, ਮਾਈਕਲ ਡਨ, ਗੋਰਡ ਹੈਪਨਰ, ਪ੍ਰਦੀਪ ਕੂਨਰ, ਵੇਰਾ ਲੇਫਰਾਂਕ, ਰੌਬ ਸਟੱਟ, ਰੋਨਾ ਟੈਪਰ ਅਤੇ ਨੋਮੀ ਵਿਕਟੋਰੀਨੋ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਇਸ ਟੀਮ ਵਿੱਚ ਮੌਜੂਦਾ ਕੌਂਸਲਰਾਂ ਦੇ ਨਾਲ ਤਜਰਬੇਕਾਰ ਆਗੂਆਂ ਦਾ ਵੀ ਸੁਮੇਲ ਵੇਖਣ ਨੂੰ ਮਿਲ ਰਿਹਾ ਹੈ।

ਦੂਜੇ ਪਾਸੇ ਸਾਬਕਾ ਮੇਅਰ ਡੱਗ ਮੈਕਕਾਲਮ ਦੀ ਅਗਵਾਈ ਵਾਲੀ **ਸੇਫ ਸਰੀ ਕੁਲੀਸ਼ਨ** ਵੀ ਦੁਬਾਰਾ ਸੱਤਾ ਵਿੱਚ ਵਾਪਸੀ ਲਈ ਸਰਗਰਮ ਹੋ ਗਈ ਹੈ। ਡੱਗ ਮੈਕਕਾਲਮ ਨੇ ਸ਼ਹਿਰ ਵਿੱਚ ਜੁਰਮਾਂ ਦੀ ਰੋਕਥਾਮ, ਸਰੀ ਪੁਲਿਸ ਸੇਵਾ ਨੂੰ ਪੂਰੇ ਸ਼ਹਿਰ ਵਿੱਚ ਤੇਜ਼ੀ ਨਾਲ ਲਾਗੂ ਕਰਨ ਅਤੇ ਸਕਾਈਟ੍ਰੇਨ ਵਿਸਥਾਰ ਯੋਜਨਾ ਨੂੰ ਆਪਣੀ ਅਗਵਾਈ ਦੀਆਂ ਵੱਡੀਆਂ ਪ੍ਰਾਪਤੀਆਂ ਵਜੋਂ ਪੇਸ਼ ਕੀਤਾ ਹੈ।

ਉਨ੍ਹਾਂ ਦੇ ਮੁੱਖ ਚੋਣ ਮੁੱਦਿਆਂ ਵਿੱਚ ਕਿਫ਼ਾਇਤੀ ਰਿਹਾਇਸ਼ਾਂ ਦੀ ਉਸਾਰੀ ਨੂੰ ਤੇਜ਼ ਕਰਨਾ, ਸਿਟੀ ਕੌਂਸਲ ਦੀਆਂ ਫੀਸਾਂ ਵਿੱਚ ਕਟੌਤੀ ਕਰਨਾ ਅਤੇ ਪਾਰਕਾਂ ਤੇ ਮਨੋਰੰਜਨ ਕੇਂਦਰਾਂ ਦਾ ਵਿਸਥਾਰ ਕਰਨਾ ਸ਼ਾਮਲ ਹੈ। ਉਹ ਮੌਜੂਦਾ ਪ੍ਰਸ਼ਾਸਨ ’ਤੇ ਜ਼ਮੀਨਾਂ ਦੀ ਖਰੀਦੋ-ਫਰੋਖ਼ਤ ਅਤੇ ਟੈਕਸਾਂ ਵਿੱਚ ਵਾਧੇ ਨੂੰ ਲੈ ਕੇ ਵੀ ਤਿੱਖੇ ਹਮਲੇ ਕਰ ਰਹੇ ਹਨ।

ਸੇਫ ਸਰੀ ਕੁਲੀਸ਼ਨ ਵੱਲੋਂ ਮੇਅਰ ਅਹੁਦੇ ਲਈ ਡੱਗ ਮੈਕਕਾਲਮ ਉਮੀਦਵਾਰ ਹਨ। ਉਨ੍ਹਾਂ ਦੀ ਟੀਮ ਵਿੱਚ ਕੌਂਸਲਰ ਉਮੀਦਵਾਰਾਂ ਵਜੋਂ ਡੱਗ ਐਲਫੋਰਡ, ਮਨਦੀਪ ਨਾਗਰਾ, ਚੈਨੀ ਕਲੇਕ, ਮੀਰਾ ਗਿੱਲ, ਸੁਹਾਨਾ ਗਿੱਲ, ਲੌਰੀ ਗੁਏਰਾ, ਐਲੀਸਨ ਪੈਟਨ ਅਤੇ ਬਿਊ ਸਿੰਪਸਨ ਸ਼ਾਮਲ ਹਨ।

ਨਵੀਂ ਬਣੀ ਪਾਰਟੀ **ਇਮੈਜਿਨ ਸਰੀ** ਦੇ ਮੁਖੀ ਅਤੇ ਸਾਬਕਾ ਵਿਧਾਇਕ ਮਾਈਕ ਸਟਾਰਚੁਕ ਨੇ ਵੀ ਚੋਣ ਪ੍ਰਚਾਰ ਵਿੱਚ ਨਵੀਂ ਰੂਹ ਫੂਕੀ ਹੈ। ਸਰੀ ਦੇ ਸਾਬਕਾ ਚੀਫ਼ ਫਾਇਰ ਪ੍ਰੀਵੈਂਸ਼ਨ ਅਫ਼ਸਰ ਅਤੇ ਸਾਬਕਾ ਕੌਂਸਲਰ ਰਹਿ ਚੁੱਕੇ ਮਾਈਕ ਸਟਾਰਚੁਕ ਨੇ ਆਪਣਾ ਚੋਣ ਮੰਚ ਪੰਜ ਮੁੱਖ ਥੰਮ੍ਹਾਂ ’ਤੇ ਤਿਆਰ ਕੀਤਾ ਹੈ।

ਇਨ੍ਹਾਂ ਵਿੱਚ ਸੁਰੱਖਿਅਤ ਸੜਕਾਂ, ਸੁਚਾਰੂ ਆਵਾਜਾਈ, ਬਿਹਤਰ ਨਿਵੇਸ਼, ਘੱਟ ਖਰਚੇ ਅਤੇ ਮਜ਼ਬੂਤ ਜਨਤਕ ਸੇਵਾਵਾਂ ਸ਼ਾਮਲ ਹਨ। ਉਨ੍ਹਾਂ ਦੀ ਮੁਹਿੰਮ ਦਾ ਸਭ ਤੋਂ ਅਹਿਮ ਮੁੱਦਾ ਸ਼ਹਿਰ ਵਿੱਚ




ਫਿਰੌਤੀਆਂ ਅਤੇ ਗੈਂਗ ਹਿੰਸਾ ਨੂੰ ਜੜ੍ਹੋਂ ਖ਼ਤਮ ਕਰਨਾ ਹੈ।

ਇਸ ਤੋਂ ਇਲਾਵਾ ਮਾਈਕ ਸਟਾਰਚੁਕ ਨੇ ਮੌਜੂਦਾ ਮੇਅਰ ਵੱਲੋਂ ਡਾਊਨਟਾਊਨ ਅਰੇਨਾ ਲਈ ਕੀਤੀ ਗਈ ਜ਼ਮੀਨ ਦੀ ਖਰੀਦ ਦੇ ਸੌਦੇ ਦੀ ਅਦਾਲਤੀ ਜਾਂਚ ਕਰਵਾਉਣ ਦੀ ਮੰਗ ਵੀ ਚੁੱਕੀ ਹੈ। ਇਸ ਰਾਹੀਂ ਉਨ੍ਹਾਂ ਨੇ ਪ੍ਰਸ਼ਾਸਨਿਕ ਪਾਰਦਰਸ਼ਤਾ ਨੂੰ ਵੀ ਆਪਣੇ ਮੁੱਖ ਚੋਣ ਮੁੱਦਿਆਂ ਵਿੱਚ ਸ਼ਾਮਲ ਕੀਤਾ ਹੈ।

ਇਮੈਜਿਨ ਸਰੀ ਵੱਲੋਂ ਮੇਅਰ ਅਹੁਦੇ ਲਈ ਮਾਈਕ ਸਟਾਰਚੁਕ ਮੈਦਾਨ ਵਿੱਚ ਹਨ। ਕੌਂਸਲਰ ਅਹੁਦੇ ਲਈ ਯੂਸਫ਼ ਅਲਦਾਬੈਨਾ, ਚੰਦਨ ਚਾਹਲ, ਪਰਮਿੰਦਰ ਚੋਹਾਨ, ਨਰੀਮਾ ਡੇਲਾ ਕਰੂਜ਼, ਆਸ਼ਿਆਨਾ ਹਨੀਫ਼, ਵਿਲੀਅਮ ਲੀ, ਡਾ. ਮਾਰਗਰੇਟ ਮੁਬਾਂਡਾ ਅਤੇ ਕੇਵਿਨ ਵਿਲਕੀ ਨੂੰ ਉਮੀਦਵਾਰ ਬਣਾਇਆ ਗਿਆ ਹੈ। ਇਸ ਟੀਮ ਵਿੱਚ ਜ਼ਮੀਨੀ ਪੱਧਰ ’ਤੇ ਕੰਮ ਕਰਨ ਵਾਲੇ ਭਾਈਚਾਰਕ ਵਰਕਰਾਂ ਅਤੇ ਪੇਸ਼ੇਵਰਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ।

ਮੌਜੂਦਾ ਸਿਟੀ ਕੌਂਸਲਰ ਲਿੰਡਾ ਐਨਿਸ ਦੀ ਅਗਵਾਈ ਹੇਠ **ਸਰੀ ਫਸਟ** ਨੇ ਵੀ ਆਪਣੀ ਚੋਣ ਮੁਹਿੰਮ ਜ਼ੋਰ-ਸ਼ੋਰ ਨਾਲ ਸ਼ੁਰੂ ਕੀਤੀ ਹੈ। ਲਿੰਡਾ ਐਨਿਸ ਨੇ ਸਿਟੀ ਹਾਲ ਦੇ ਖਰਚਿਆਂ ਦੀ ਸੁਤੰਤਰ ਸਮੀਖਿਆ ਕਰਵਾਉਣ, ਜਾਇਦਾਦ ਟੈਕਸਾਂ ਦੇ ਵਾਧੇ ’ਤੇ ਲਗਾਮ ਲਗਾਉਣ ਅਤੇ ਪੁਲਿਸ ਭਰਤੀ ਨੂੰ ਤੇਜ਼ ਕਰਨ ਨੂੰ ਆਪਣਾ ਮੁੱਖ ਏਜੰਡਾ ਬਣਾਇਆ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਸਰੀ ਸ਼ਹਿਰ ਦਾ ਵਿਕਾਸ ਬਿਨਾਂ ਢੁੱਕਵੀਂ ਯੋਜਨਾਬੰਦੀ ਦੇ ਹੋ ਰਿਹਾ ਹੈ, ਜਿਸ ਕਾਰਨ ਸਕੂਲਾਂ ਵਿੱਚ ਭੀੜ ਅਤੇ ਟ੍ਰੈਫਿਕ ਜਾਮ ਦੀ ਸਮੱਸਿਆ ਗੰਭੀਰ ਹੋ ਗਈ ਹੈ। ਸਰੀ ਫਸਟ ਨੇ ਪ੍ਰਸ਼ਾਸਨ ਵਿੱਚ ਜਵਾਬਦੇਹੀ ਲਿਆਉਣ ਅਤੇ ਟੈਕਸਦਾਤਾਵਾਂ ਦੇ ਪੈਸੇ ਦੀ ਦੁਰਵਰਤੋਂ ਰੋਕਣ ਦਾ ਵਾਅਦਾ ਕੀਤਾ ਹੈ।

ਸਰੀ ਫਸਟ ਵੱਲੋਂ ਮੇਅਰ ਅਹੁਦੇ ਲਈ ਲਿੰਡਾ ਐਨਿਸ ਉਮੀਦਵਾਰ ਹਨ। ਕੌਂਸਲਰ ਅਹੁਦੇ ਲਈ ਉਨ੍ਹਾਂ ਦੀ ਟੀਮ ਵਿੱਚ ਡੈਬ ਐਂਟੀਫਾਏਵ, ਮਾਈਕ ਬੋਸ, ਜੈਨਟ ਬ੍ਰਾਊਨ, ਬਿਲਾਲ ਚੀਮਾ, ਜਸਰੂਪ ਗੋਸਲ, ਗਗਨ ਨਾਹਲ, ਤਾਜ ਸੰਧੂ ਅਤੇ ਕਲਿੰਟ ਸਟੀਵਰਟ ਸ਼ਾਮਲ ਹਨ। ਪਾਰਟੀ ਸਕੂਲ ਟਰੱਸਟੀ ਚੋਣਾਂ ਵਿੱਚ ਵੀ ਸਰਗਰਮ ਭੂਮਿਕਾ ਨਿਭਾ ਰਹੀ ਹੈ।

ਸਥਾਨਕ ਕਾਰੋਬਾਰੀ ਅਤੇ ਬਿਲਡਰ ਟਰੌਏ ਵੈਨ ਵਲੀਅਟ ਦੀ ਅਗਵਾਈ ਹੇਠ **ਸਰੀ ਨਾਓ** ਇੱਕ ਨਵੇਂ ਬਦਲ ਵਜੋਂ ਉੱਭਰੀ ਹੈ। ਇਸ ਪਾਰਟੀ ਦਾ ਮੁੱਖ ਨਾਅਰਾ ਸੁਰੱਖਿਅਤ ਸੜਕਾਂ, ਸਮਾਰਟ ਵਿਕਾਸ ਅਤੇ ਮਜ਼ਬੂਤ ਪਰਿਵਾਰ ਹੈ।

ਟਰੌਏ ਵੈਨ ਵਲੀਅਟ ਦਾ ਮੁੱਖ ਧਿਆਨ ਕਿਰਾਏਦਾਰਾਂ ਅਤੇ ਛੋਟੇ ਵਪਾਰੀਆਂ ਨੂੰ ਆਪਣੀ ਜਾਇਦਾਦ ਬਣਾਉਣ ਦੇ ਮੌਕੇ ਪ੍ਰਦਾਨ ਕਰਨ ਅਤੇ ਉਸਾਰੀ ਪ੍ਰਵਾਨਗੀਆਂ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ’ਤੇ ਕੇਂਦਰਿਤ ਹੈ। ਉਹ ਸਿਟੀ ਹਾਲ ਵਿੱਚ ਸੇਵਾਵਾਂ ਦੇ ਨਿਪਟਾਰੇ ਦੀ ਰਫ਼ਤਾਰ ਵਧਾਉਣ ਅਤੇ ਵਧਦੀ ਆਬਾਦੀ ਦੇ ਮੁਤਾਬਕ ਸੜਕਾਂ ਤੇ ਪੁਲਾਂ ਦੇ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਦਾ ਵਾਅਦਾ ਕਰ ਰਹੇ ਹਨ।

ਸਰੀ ਨਾਓ ਵੱਲੋਂ ਮੇਅਰ ਅਹੁਦੇ ਲਈ ਟਰੌਏ ਵੈਨ ਵਲੀਅਟ ਚੋਣ ਲੜ ਰਹੇ ਹਨ। ਕੌਂਸਲਰ ਦੀਆਂ ਅੱਠ ਸੀਟਾਂ ਲਈ ਗੇਲ ਬੇਜ਼ੇਡੇਸ, ਓਲੀਵਰ ਡਿਕਸਨ, ਰਾਹੁਲ ਗਿੱਲ, ਜੈਸੀ ਜੋਹਲ, ਬ੍ਰੈਡ ਕੀਲਮੈਨ, ਐਨਰੀਕ ਪੋਂਸ ਡੀ ਲਿਓਨ, ਡਾ. ਵਰਨਰ ਸਪਾਂਗਲ ਅਤੇ ਜੇਮਜ਼ ਯੂ ਚੋਣ ਮੈਦਾਨ ਵਿੱਚ ਹਨ। ਇਸ ਟੀਮ ਵਿੱਚ ਸਿਹਤ, ਸਿੱਖਿਆ ਅਤੇ ਕਾਰੋਬਾਰੀ ਖੇਤਰ ਨਾਲ ਸਬੰਧਤ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਵਕੀਲ ਹੋਨਵੀਰ ਸਿੰਘ ਰੰਧਾਵਾ ਦੀ ਅਗਵਾਈ ਹੇਠ **ਕੰਜ਼ਰਵੇਟਿਵ ਪਾਰਟੀ ਆਫ਼ ਸਰੀ** ਵੀ ਚੋਣ ਮੈਦਾਨ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ। ਇਸ ਧਿਰ ਨੇ ਸਿਟੀ ਹਾਲ ਦੇ ਫ਼ਜ਼ੂਲ ਖਰਚਿਆਂ ਨੂੰ ਰੋਕਣ, ਟੈਕਸਾਂ ਦੀ ਦਰ ਘਟਾਉਣ ਅਤੇ ਸ਼ਹਿਰੀ ਪ੍ਰਸ਼ਾਸਨ ਵਿੱਚ ਪੂਰੀ ਪਾਰਦਰਸ਼ਤਾ ਲਿਆਉਣ ਨੂੰ ਮੁੱਖ ਮੁੱਦਾ ਬਣਾਇਆ ਹੈ।

ਹੋਨਵੀਰ ਸਿੰਘ ਰੰਧਾਵਾ ਨੇ ਸ਼ਹਿਰ ਵਿੱਚ ਜੁਰਮਾਂ ਅਤੇ ਗੈਂਗਾਂ ਦੇ ਵਧਦੇ ਪ੍ਰਭਾਵ ਖ਼ਿਲਾਫ਼ ਸਖ਼ਤ ਕਾਨੂੰਨੀ ਕਦਮ ਚੁੱਕਣ ਦੀ ਵਕਾਲਤ ਕੀਤੀ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਸਰੀ ਸ਼ਹਿਰ ਨੂੰ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਿਰ ਕਰਜ਼ੇ ਦਾ ਬੋਝ ਨਾ ਪਵੇ।

ਕੰਜ਼ਰਵੇਟਿਵ ਪਾਰਟੀ ਆਫ਼ ਸਰੀ ਵੱਲੋਂ ਮੇਅਰ ਅਹੁਦੇ ਲਈ ਹੋਨਵੀਰ ਸਿੰਘ ਰੰਧਾਵਾ ਉਮੀਦਵਾਰ ਹਨ। ਉਨ੍ਹਾਂ ਦੇ ਨਾਲ ਕੌਂਸਲਰ ਅਹੁਦੇ ਲਈ ਰਿੱਕੀ ਬਾਜਵਾ, ਡੈਨ ਬੀ. ਕਾਰਲੋਸ, ਮਹਿਨਾਜ਼ ਜਾਵੇਦ, ਕੋਰਡਲ ਪੁੱਲਰ, ਮਨੂੰ ਸ਼ਰਮਾ, ਹਰਕੀਰਤ ਸਿੱਧੂ, ਕੈਲਵਿਨ ਵੈਂਡਰਪਲੋਗ ਅਤੇ ਡੋਨਾ ਵੂ ਚੋਣ ਲੜ ਰਹੇ ਹਨ। ਇਹ ਟੀਮ ਸਥਾਨਕ ਨੌਜਵਾਨਾਂ ਅਤੇ ਵਪਾਰਕ ਭਾਈਚਾਰੇ ਵਿੱਚ ਆਪਣੀ ਪਹੁੰਚ ਬਣਾਉਣ ਲਈ ਯਤਨਸ਼ੀਲ ਹੈ।

ਇਸੇ ਤਰ੍ਹਾਂ **ਨਿਊ ਸਰੀ+** ਨਾਮਕ ਪਾਰਟੀ ਵੀ ਚੋਣ ਅਖਾੜੇ ਵਿੱਚ ਸਰਗਰਮ ਹੋ ਗਈ ਹੈ, ਜਿਸ ਦੀ ਅਗਵਾਈ ਇਗਲ ਅਮੋਨਸ ਦੂਜਾ ਕਰ ਰਹੇ ਹਨ। ਇਸ ਧਿਰ ਦਾ ਮੁੱਖ ਧਿਆਨ ਸ਼ਹਿਰ ਵਿੱਚ ਬੇਘਰੇ ਲੋਕਾਂ ਦੇ ਮੁੜ ਵਸੇਬੇ, ਮਾਨਸਿਕ ਸਿਹਤ ਸੰਕਟ ਦੇ ਹੱਲ ਅਤੇ ਸਮਾਜਿਕ ਨਿਆਂ ਨਾਲ ਜੁੜੇ ਮੁੱਦਿਆਂ ’ਤੇ ਕੇਂਦਰਿਤ ਹੈ।

ਇਗਲ ਅਮੋਨਸ ਦੀ ਚੋਣ ਮੁਹਿੰਮ ਵਿੱਚ ਭਾਈਚਾਰੇ ਨਾਲ ਸਿੱਧਾ ਸੰਪਰਕ ਕਰਕੇ ਇਹ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਸ਼ਹਿਰ ਦੀ ਗਰੀਬ ਅਤੇ ਪੱਛੜੀ ਆਬਾਦੀ ਨੂੰ ਵੀ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਸਥਾਨਕ ਕੌਂਸਲ ਵਿੱਚ ਹਰ ਵਰਗ ਦੀ ਆਵਾਜ਼ ਪਹੁੰਚਣੀ ਚਾਹੀਦੀ ਹੈ।

ਨਿਊ ਸਰੀ+ ਵੱਲੋਂ ਮੇਅਰ ਅਹੁਦੇ ਲਈ ਇਗਲ ਅਮੋਨਸ ਦੂਜਾ ਚੋਣ ਲੜ ਰਹੇ ਹਨ। ਇਹ ਪਾਰਟੀ ਕਿਸੇ ਵੱਡੇ ਕਾਰਪੋਰੇਟ ਸਹਿਯੋਗ ਤੋਂ ਬਿਨਾਂ ਜ਼ਮੀਨੀ ਪੱਧਰ ’ਤੇ ਲੋਕਾਂ ਤੱਕ ਪਹੁੰਚਣ ਦੀ ਰਣਨੀਤੀ ਅਪਣਾ ਰਹੀ ਹੈ। ਉਨ੍ਹਾਂ ਦੀ ਮੁਹਿੰਮ ਦੱਬੇ-ਕੁਚਲੇ ਵਰਗਾਂ ਦੇ ਹੱਕਾਂ ਅਤੇ ਰਿਹਾਇਸ਼ੀ ਅਧਿਕਾਰਾਂ ਨੂੰ ਮੁੱਖ ਤੌਰ ’ਤੇ ਉਭਾਰ ਰਹੀ ਹੈ।

ਸਰੀ ਵਿੱਚ ਇਹ ਚੋਣ ਮੁਕਾਬਲਾ ਇਸ ਲਈ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਦੌਰਾਨ ਪੁਲਿਸ ਪ੍ਰਬੰਧ ਵਿੱਚ ਤਬਦੀਲੀ ਦੇ ਮੁੱਦੇ ਕਾਰਨ ਸ਼ਹਿਰ ਨੇ ਵੱਡੀ ਸਿਆਸੀ ਉਥਲ-ਪੁਥਲ ਦੇਖੀ ਹੈ। ਸੂਬਾਈ ਅਤੇ ਫੈਡਰਲ ਪੱਧਰ ’ਤੇ ਵੀ ਸਰੀ ਦੀ ਸਿਆਸਤ ਦਾ ਡੂੰਘਾ ਪ੍ਰਭਾਵ ਪੈਂਦਾ ਹੈ।

ਸਰੀ ਬ੍ਰਿਟਿਸ਼ ਕੋਲੰਬੀਆ ਦਾ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ ਅਤੇ ਆਬਾਦੀ ਦੇ ਮਾਮਲੇ ਵਿੱਚ ਵੈਨਕੂਵਰ ਨੂੰ ਪਿੱਛੇ ਛੱਡਣ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਸਕੂਲਾਂ ਵਿੱਚ ਕਲਾਸਰੂਮਾਂ ਦੀ ਘਾਟ, ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਦੀ ਕਮੀ, ਆਵਾਜਾਈ ਪ੍ਰਣਾਲੀ ਦਾ ਪਿੱਛੇ ਰਹਿ ਜਾਣਾ ਅਤੇ ਸੜਕਾਂ ’ਤੇ ਵਧਦੇ ਟ੍ਰੈਫਿਕ ਜਾਮ ਵਰਗੇ ਮੁੱਦੇ ਆਮ ਨਾਗਰਿਕਾਂ ਲਈ ਵੱਡੀ ਚੁਣੌਤੀ ਬਣੇ ਹੋਏ ਹਨ।

ਵੱਖ-ਵੱਖ ਪਾਰਟੀਆਂ ਦੇ ਆਗੂ ਹੁਣ ਭਾਈਚਾਰਕ ਮੀਟਿੰਗਾਂ, ਕਾਰੋਬਾਰੀ ਸੰਮੇਲਨਾਂ ਅਤੇ ਘਰ-ਘਰ ਜਾ ਕੇ ਚਲਾਈਆਂ ਜਾ ਰਹੀਆਂ ਮੁਹਿੰਮਾਂ ਰਾਹੀਂ ਵੋਟਰਾਂ ਦਾ ਭਰੋਸਾ ਜਿੱਤਣ ਵਿੱਚ ਜੁਟੇ ਹੋਏ ਹਨ। ਇਸ ਬਹੁਕੋਣੀ ਚੋਣ ਮੁਕਾਬਲੇ ਕਾਰਨ ਵੋਟਾਂ ਦੀ ਵੰਡ ਹੋਣ ਦੀ ਸੰਭਾਵਨਾ ਵੀ ਬਣੀ ਹੋਈ ਹੈ।

ਆਉਣ ਵਾਲੇ ਦਿਨਾਂ ਵਿੱਚ ਸਿਆਸੀ ਬਿਆਨਬਾਜ਼ੀ ਹੋਰ ਤਿੱਖੀ ਹੋਣ ਦੇ ਆਸਾਰ ਹਨ। ਦੂਜੇ ਪਾਸੇ ਸਰੀ ਦੇ ਵਸਨੀਕ ਇਸ ਉਡੀਕ ਵਿੱਚ ਹਨ ਕਿ ਕਿਹੜੀ ਧਿਰ ਉਨ੍ਹਾਂ ਦੀਆਂ ਸੁਰੱਖਿਆ, ਰਿਹਾਇਸ਼, ਟੈਕਸ, ਆਵਾਜਾਈ ਅਤੇ ਹੋਰ ਬੁਨਿਆਦੀ ਸਮੱਸਿਆਵਾਂ ਦਾ ਸਭ ਤੋਂ ਠੋਸ ਹੱਲ ਪੇਸ਼ ਕਰਦੀ ਹੈ।

## ਮਿਸ਼ਨ ਸਿਟੀ ਕੌਂਸਲ ਲਈ ਕੌਂਸਲਰ ਜੈਗ ਗਿੱਲ ਮੇਅਰ ਉਮੀਦਵਾਰ ਬਣੇ



**ਮਿਸ਼ਨ–** ਮਿਸ਼ਨ ਸਿਟੀ ਕੌਂਸਲ ਲਈ 17 ਅਕਤੂਬਰ ਨੂੰ ਹੋਣ ਵਾਲੀਆਂ ਮਿਉਂਸਪਲ ਚੋਣਾਂ ਵਿੱਚ ਮੌਜੂਦਾ ਕੌਂਸਲਰ ਜੈਗ ਗਿੱਲ ਮੇਅਰ ਲਈ ਉਮੀਦਵਾਰ ਹਨ। ਉਹਨਾਂ ਦੇ ਮੁਕਾਬਲੇ ਐਨ ਆਖਰੀ ਸਮੇਂ ਐਚ ਕੈਨੀ ਬੜੈਚ ਨੇ ਕਾਗਜ਼ ਦਾਖਲ ਕਰਵਾਏ ਹਨ। ਬੜੈਚ ਵੈਨਕੂਵਰ ਆਈਲੈਂਡ ਸਿਟੀ ਪਾਰਕਸਵਿਲੇ ਦਾ ਨਿਵਾਸੀ ਹੈ ਤੇ ਮਿਸ਼ਨ ਵਿਚ ਵੀ ਉਸਦੀ ਪ੍ਰਾਪਰਟੀ ਹੈ। ਹੁਣ ਮੇਅਰ ਦੇ ਅਹੁਦੇ ਲਈ ਜੈਗ ਗਿੱਲ ਦਾ ਮੁਕਾਬਲਾ ਐਚ.ਐੱਸ. ਕੈਨੀ ਬੜੈਚ ਨਾਲ ਹੋਵੇਗਾ। ਸਿਟੀ ਕੌਂਸਲ ਦੀਆਂ 6 ਸੀਟਾਂ ਲਈ 27 ਉਮੀਦਵਾਰ ਹਨ ਜਦੋਂਕਿ 4 ਸਕੂਲ ਟਰੱਸਟੀਆਂ ਲਈ 10 ਉਮੀਦਵਾਰ ਸਾਹਮਣੇ ਆਏ ਹਨ।

ਕੌਂਸਲਰ ਉਮੀਦਵਾਰਾਂ ਵਿਚ ਪੰਜਾਬੀ ਮੂਲ ਦੇ ਮੌਜੂਦਾ ਕੌਂਸਲਰ ਕੈਨ ਹੇਅਰ, ਅਮਨ ਖਹਿਰਾ, ਇੰਦਰ ਨਰਵਾਲ, ਮੰਨੀ ਰਾਏ, ਸ਼ੈਰਨ ਸੰਧੂ, ਗੈਰੀ ਸੰਘੇੜਾ, ਰੇਵ ਸੰਘੇੜਾ, ਅਕਾਂਕਸ਼ਾ ਸਕਸੈਨਾ ਸ਼ਾਮਿਲ ਹਨ। ਸਕੂਲ ਟਰੱਸਟੀ ਲਈ ਪੌਲ ਗਿੱਲ, ਰਮਨੀਕ, ਸ਼ਿਵ ਰਾਏ, ਮੀਨਾ ਸੱਗੂ ਤੇ ਸ਼ੈਰੀ ਸੰਘੇੜਾ ਨੇ ਕਾਗਜ਼ ਦਾਖਲ ਕਰਵਾਏ ਹਨ।

# 10 ਹਜ਼ਾਰ ਸੀਟਾਂ ਵਾਲੇ ਸਿਟੀ ਸੈਂਟਰ ਐਰੀਨਾ ਦੀ ਉਸਾਰੀ ਵੱਲ ਵੱਡਾ ਕਦਮ

## ਸਿਟੀ ਸੈਂਟਰ ਐਰੀਨਾ ਲਈ ਪੁਰਾਣੀ ਸੇਫਵੇਅ ਇਮਾਰਤ ਢਾਹੁਣ ਦਾ ਕੰਮ ਸ਼ੁਰੂ







**ਸਰੀ (ਬੀ.ਸੀ.) –** ਸਰੀ ਵਿੱਚ 10,000 ਸੀਟਾਂ ਵਾਲੇ ਪ੍ਰਸਤਾਵਿਤ ਸਿਟੀ ਸੈਂਟਰ ਐਰੀਨਾ ਦੀ ਉਸਾਰੀ ਵੱਲ ਅਹਿਮ ਕਦਮ ਚੁੱਕਦਿਆਂ 10355 ਕਿੰਗ ਜਾਰਜ ਬੁਲੇਵਾਰਡ ਸਥਿਤ ਪੁਰਾਣੀ ਸੇਫਵੇਅ ਇਮਾਰਤ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਵੀਰਵਾਰ ਨੂੰ ਇਸ ਮੌਕੇ ਸਰੀ ਦੀ ਮੇਅਰ ਬਰੈਂਡਾ ਲੌਕ, ਸਿਟੀ ਕੌਂਸਲ ਦੇ ਮੈਂਬਰ ਅਤੇ ਵੈਨਕੂਵਰ ਜਾਇੰਟਸ ਦੇ ਬਹੁਮਤ ਮਾਲਕ ਰੌਨ ਟੋਇਗੋ ਤੇ ਸਹਿ-ਮਾਲਕ ਮਾਈਕਲ ਬੂਬਲੇ ਵੀ ਮੌਜੂਦ ਰਹੇ।

ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਇਹ ਸਰੀ ਦੇ ਇਤਿਹਾਸ ਦੇ ਮਹੱਤਵਪੂਰਨ ਸ਼ਹਿਰੀ ਵਿਕਾਸ ਪ੍ਰੋਜੈਕਟਾਂ ਵਿੱਚੋਂ ਇੱਕ ਵੱਲ ਵੱਡਾ ਕਦਮ ਹੈ। ਉਨ੍ਹਾਂ ਕਿਹਾ ਕਿ ਸਿਟੀ ਸੈਂਟਰ ਨੂੰ ਨਵੇਂ ਰੂਪ ਵਿੱਚ ਵਿਕਸਤ ਕਰਨ ਦਾ ਸ਼ਹਿਰ ਦਾ ਸੁਪਨਾ ਹੁਣ ਹਕੀਕਤ ਬਣਦਾ ਨਜ਼ਰ ਆ ਰਿਹਾ ਹੈ।

ਸਿਟੀ ਸੈਂਟਰ ਐਰੀਨਾ ਅਤੇ ਐਂਟਰਟੇਨਮੈਂਟ ਡਿਸਟ੍ਰਿਕਟ ਦੇ ਪਹਿਲੇ ਪੜਾਅ ਤਹਿਤ ਇਸ ਸਮੇਂ ਸਾਈਟ ਦੀ ਤਿਆਰੀ ਦਾ ਕੰਮ ਚੱਲ ਰਿਹਾ ਹੈ। ਪ੍ਰੋਜੈਕਟ ਵਿੱਚ ਐਰੀਨਾ ਤੋਂ ਇਲਾਵਾ ਲਗਜ਼ਰੀ ਹੋਟਲ, ਕਾਨਫਰੰਸ ਸਹੂਲਤਾਂ ਅਤੇ ਰਿਹਾਇਸ਼ੀ ਵਿਕਾਸ ਵੀ ਸ਼ਾਮਲ ਹਨ।

ਸਰੀ ਸਿਟੀ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਪ੍ਰਧਾਨ ਤੇ ਸੀਈਓ ਬਿਲ ਔਜਲਾ ਨੇ ਕਿਹਾ ਕਿ ਇਹ ਪ੍ਰੋਜੈਕਟ ਸਰੀ ਦੇ ਭਵਿੱਖ ਵਿੱਚ ਵੱਡਾ ਨਿਵੇਸ਼ ਹੈ, ਜਿਸ ਨਾਲ ਖੇਤਰ ਨੂੰ ਆਰਥਿਕ, ਸੱਭਿਆਚਾਰਕ, ਖੇਡ ਅਤੇ ਭਾਈਚਾਰਕ ਪੱਧਰ ’ਤੇ ਲੰਬੇ ਸਮੇਂ ਤੱਕ ਲਾਭ ਮਿਲਣ ਦੀ ਉਮੀਦ ਹੈ।

ਲਗਭਗ 360 ਮਿਲੀਅਨ ਡਾਲਰ ਦੀ ਅਨੁਮਾਨਿਤ ਲਾਗਤ ਵਾਲੇ ਇਸ ਪ੍ਰੋਜੈਕਟ ਦੇ 2030 ਤੱਕ ਮੁਕੰਮਲ ਹੋਣ ਦੀ ਉਮੀਦ ਹੈ। ਅਧਿਕਾਰੀਆਂ ਮੁਤਾਬਕ ਇਸ ਨਾਲ ਅਗਲੇ ਦਹਾਕੇ ਦੌਰਾਨ ਲਗਭਗ 2.4 ਬਿਲੀਅਨ ਡਾਲਰ ਦਾ ਆਰਥਿਕ ਲਾਭ ਅਤੇ ਸਰੀ ਤੇ ਬੀ.ਸੀ. ਵਿੱਚ 2,700 ਤੋਂ ਵੱਧ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ।

# ਕੈਨੇਡਾ ਸਰਕਾਰ ਦੀ ਵੱਡੀ ਪਹਿਲਕਦਮੀ: ਏਆਈ ਸਿੱਖਣ ਲਈ 13 ਮਿਲੀਅਨ ਡਾਲਰ ਨਾਲ ਮੁਫ਼ਤ ਕੋਰਸ

## ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਕੈਨੇਡੀਅਨਾਂ ਲਈ ਆਨਲਾਈਨ ਸਿਖਲਾਈ ਦੇ ਮੌਕੇ; ਆਪਣੀ ਸਹੂਲਤ ਮੁਤਾਬਕ ਪੂਰੇ ਕੀਤੇ ਜਾ ਸਕਣਗੇ ਕੋਰਸ

**ਸਰੀ :** ਦੁਨੀਆ ਭਰ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਦੀ ਤੇਜ਼ੀ ਨਾਲ ਵਧ ਰਹੀ ਵਰਤੋਂ ਦੇ ਮੱਦੇਨਜ਼ਰ ਕੈਨੇਡਾ ਦੀ ਫੈਡਰਲ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਇਸ ਨਵੀਂ ਤਕਨਾਲੋਜੀ ਦੀਆਂ ਬਾਰੀਕੀਆਂ, ਵਰਤੋਂ ਅਤੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਲਈ ਇੱਕ ਵਿਸ਼ੇਸ਼ ਪਹਿਲਕਦਮੀ ਸ਼ੁਰੂ ਕੀਤੀ ਹੈ।

ਸਰਕਾਰ ਨੇ ਦੇਸ਼ ਪੱਧਰ ’ਤੇ ਰਾਸ਼ਟਰੀ ਏਆਈ ਸਾਖਰਤਾ ਪਹਿਲਕਦਮੀ ਸ਼ੁਰੂ ਕਰਨ ਦਾ ਰਸਮੀ ਐਲਾਨ ਕੀਤਾ ਹੈ। ਇਸ ਪ੍ਰਾਜੈਕਟ ਤਹਿਤ ਪੋਸਟ-ਸੈਕੰਡਰੀ ਵਿਦਿਆਰਥੀਆਂ, ਕਿੰਡਰਗਾਰਟਨ ਤੋਂ ਗ੍ਰੇਡ 12 ਤੱਕ ਦੇ ਅਧਿਆਪਕਾਂ ਅਤੇ ਆਮ ਕੈਨੇਡੀਅਨ ਨਾਗਰਿਕਾਂ ਲਈ ਮੁਫ਼ਤ ਆਨਲਾਈਨ ਸਿਖਲਾਈ ਕੋਰਸ ਉਪਲਬਧ ਕਰਵਾਏ ਜਾਣਗੇ। ਇਨ੍ਹਾਂ ਕੋਰਸਾਂ ਦਾ ਮਕਸਦ ਲੋਕਾਂ ਨੂੰ ਏਆਈ ਦੇ ਬੁਨਿਆਦੀ ਸੰਕਲਪਾਂ ਅਤੇ ਇਸ ਦੇ ਸਮਾਜ ’ਤੇ ਪੈਣ ਵਾਲੇ ਪ੍ਰਭਾਵਾਂ ਨੂੰ ਸਮਝਣ ਵਿੱਚ ਮਦਦ ਕਰਨਾ ਹੈ।

ਏਆਈ ਮਾਮਲਿਆਂ ਦੇ ਮੰਤਰੀ ਇਵੈਨ ਸੋਲੋਮਨ ਨੇ ਬੁੱਧਵਾਰ ਨੂੰ ਐਡਮੰਟਨ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਇਸ ਪਹਿਲਕਦਮੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਤਬਦੀਲੀ ਅਤੇ ਨਵੀਨਤਾ ਦੇ ਮੌਜੂਦਾ ਯੁੱਗ ਵਿੱਚ ਸਫਲਤਾ ਹਾਸਲ ਕਰਨ ਦਾ ਸਭ ਤੋਂ ਉੱਤਮ ਜ਼ਰੀਆ ਸਿੱਖਿਆ ਹੈ।

ਮੰਤਰੀ ਨੇ ਦੱਸਿਆ ਕਿ ਸਰਕਾਰ ਆਪਣੀ ਏਆਈ ਰਣਨੀਤੀ ਦੇ ਸ਼ੁਰੂਆਤੀ ਕਦਮ ਵਜੋਂ ਵਿਦਿਆਰਥੀਆਂ



ਅਤੇ ਅਧਿਆਪਕਾਂ ਵਿੱਚ ਨਿਵੇਸ਼ ਕਰ ਰਹੀ ਹੈ, ਤਾਂ ਜੋ ਸਮਾਜ ਦੇ ਹਰ ਵਰਗ ਵਿੱਚ ਏਆਈ ਸਬੰਧੀ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਨਿਸ਼ਾਨਾ ਇਸ ਤਕਨੀਕ ਨੂੰ ਮਨੁੱਖੀ ਭਲਾਈ ਅਤੇ ਲੋਕਾਂ ਦੀਆਂ ਲੋੜਾਂ ਮੁਤਾਬਕ ਵਿਕਸਤ ਕਰਨਾ ਹੈ।

ਫੈਡਰਲ ਸਰਕਾਰ ਵੱਲੋਂ ਇਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ 13 ਮਿਲੀਅਨ ਡਾਲਰ ਦਾ ਵਿਸ਼ੇਸ਼ ਫੰਡ ਜਾਰੀ ਕੀਤਾ ਗਿਆ ਹੈ। ਇਹ ਰਕਮ ਐਲਬਰਟਾ ਮਸ਼ੀਨ ਇੰਟੈਲੀਜੈਂਸ ਇੰਸਟੀਟਿਊਟ ਦੇ ਸਹਿਯੋਗ ਨਾਲ ਤਿੰਨ ਮੁਫ਼ਤ ਆਨਲਾਈਨ ਕੋਰਸ ਤਿਆਰ ਕਰਨ ਅਤੇ ਉਨ੍ਹਾਂ ਨੂੰ ਦੇਸ਼ ਭਰ ਦੇ ਚਾਹਵਾਨ ਸਿਖਿਆਰਥੀਆਂ ਤੱਕ ਪਹੁੰਚਾਉਣ ਲਈ ਖਰਚ ਕੀਤੀ ਜਾਵੇਗੀ।

ਇਨ੍ਹਾਂ ਕੋਰਸਾਂ ਦੀ ਖ਼ਾਸੀਅਤ ਇਹ ਹੋਵੇਗੀ ਕਿ ਸਿਖਿਆਰਥੀ ਆਪਣੀ ਵਿਹਲ ਅਤੇ ਸਹੂਲਤ ਅਨੁਸਾਰ ਮਾਡਿਊਲ ਪੂਰੇ ਕਰ ਸਕਣਗੇ। ਉਨ੍ਹਾਂ ਲਈ ਕਿਸੇ ਨਿਰਧਾਰਤ ਸਮੇਂ ਦੀ ਕਲਾਸ ਵਿੱਚ ਹਾਜ਼ਰ ਹੋਣ ਦੀ ਪਾਬੰਦੀ ਨਹੀਂ ਹੋਵੇਗੀ।

ਮੰਤਰੀ ਸੋਲੋਮਨ ਨੇ ਦੱਸਿਆ ਕਿ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਕੋਰਸ ਲਗਭਗ ਤਿੰਨ ਘੰਟਿਆਂ ਵਿੱਚ ਪੂਰਾ ਕੀਤਾ ਜਾ ਸਕੇਗਾ। ਮੰਤਰੀ ਦੇ ਦਫ਼ਤਰ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਕੋਰਸ ਕਿਸੇ ਅਧਿਆਪਕ ਜਾਂ ਇੰਸਟ੍ਰਕਟਰ ਵੱਲੋਂ ਸਿੱਧੇ ਤੌਰ ’ਤੇ ਨਹੀਂ ਪੜ੍ਹਾਏ ਜਾਣਗੇ, ਸਗੋਂ ਇਹ ਆਪਣੀ ਰਫ਼ਤਾਰ ਨਾਲ ਪੂਰੇ ਕੀਤੇ ਜਾਣ ਵਾਲੇ ਆਨਲਾਈਨ ਕੋਰਸ ਹੋਣਗੇ।

ਯੋਜਨਾ ਅਨੁਸਾਰ ਪਹਿਲੇ ਦੋ ਕੋਰਸ ਅਧਿਆਪਕਾਂ ਅਤੇ ਪੋਸਟ-ਸੈਕੰਡਰੀ ਵਿਦਿਆਰਥੀਆਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਗਏ ਹਨ ਅਤੇ ਇਹ 21 ਸਤੰਬਰ ਤੋਂ ਵੱਖ-ਵੱਖ ਵਿਦਿਅਕ ਅਦਾਰਿਆਂ ਲਈ ਸ਼ੁਰੂ ਹੋ ਜਾਣਗੇ। ਆਮ ਜਨਤਾ ਲਈ ਤਿਆਰ ਕੀਤਾ ਜਾ ਰਿਹਾ ਤੀਜਾ ਕੋਰਸ ਇਸ ਸਾਲ ਦੇ ਅੰਤ ਤੋਂ ਪਹਿਲਾਂ ਜਾਰੀ ਕੀਤਾ ਜਾਵੇਗਾ।

ਇਸ ਕੋਰਸ ਦਾ ਉਦੇਸ਼ ਆਮ ਕੈਨੇਡੀਅਨਾਂ ਨੂੰ ਡਿਜੀਟਲ ਦੌਰ ਵਿੱਚ ਏਆਈ ਦੀ ਵਰਤੋਂ, ਇਸ ਦੀ ਸਮਰੱਥਾ ਅਤੇ ਇਸ ਨਾਲ ਜੁੜੇ ਪ੍ਰਭਾਵਾਂ ਨੂੰ ਸਮਝਣ ਵਿੱਚ ਮਦਦ ਕਰਨਾ ਹੈ। ਸਰਕਾਰ ਦਾ ਮੰਨਣਾ ਹੈ ਕਿ ਏਆਈ ਸਬੰਧੀ ਮੁੱਢਲੀ ਜਾਣਕਾਰੀ ਅਤੇ ਸਿਖਲਾਈ ਲੋਕਾਂ ਨੂੰ ਬਦਲ ਰਹੀ ਤਕਨਾਲੋਜੀ ਨਾਲ ਬਿਹਤਰ ਢੰਗ ਨਾਲ ਤਾਲਮੇਲ ਬਣਾਉਣ ਵਿੱਚ ਸਹਾਇਤਾ ਕਰੇਗੀ।

# ‘ਮਿਸਟਰ ਸਿੰਘ’ ਵਾਲਾ ਵਿਵਾਦਿਤ ਇਸ਼ਤਿਹਾਰ ਹਟਾਇਆ ਗਿਆ, ਅਮਰੀਕੀ ਸਰਕਾਰ ਨੂੰ ਨਸਲਵਾਦ ਦੇ ਦੋਸ਼ਾਂ ਦਾ ਸਾਹਮਣਾ

## ਭਾਰਤੀ-ਅਮਰੀਕੀ ਅਤੇ ਸਿੱਖ ਜਥੇਬੰਦੀਆਂ ਦੇ ਤਿੱਖੇ ਵਿਰੋਧ ਮਗਰੋਂ ਹੋਮਲੈਂਡ ਸਿਕਿਓਰਿਟੀ ਵਿਭਾਗ ਨੇ ਹਟਾਈ ਪੋਸਟ




ਅਮਰੀਕੀ ਹੋਮਲੈਂਡ ਸਿਕਿਓਰਿਟੀ ਵਿਭਾਗ ਨੇ ਭਾਰਤੀ-ਅਮਰੀਕੀ ਸਮੂਹਾਂ ਅਤੇ ਡੈਮੋਕ੍ਰੇਟਿਕ ਨੇਤਾਵਾਂ ਵੱਲੋਂ ਕੀਤੇ ਗਏ ਤਿੱਖੇ ਵਿਰੋਧ ਤੋਂ ਬਾਅਦ ‘ਮਿਸਟਰ ਸਿੰਘ’ ਨੂੰ ਸਵੈ-ਦੇਸ਼ ਨਿਕਾਲਾ ਲੈਣ ਲਈ ਕਹਿਣ ਵਾਲਾ ਵਿਵਾਦਿਤ ਟ੍ਰਾਂਸਫਾਰਮਰਜ਼-ਸ਼ੈਲੀ ਦਾ ਇਸ਼ਤਿਹਾਰ ਹਟਾ ਦਿੱਤਾ ਹੈ। ਇਸ ਇਸ਼ਤਿਹਾਰ ਨੂੰ ਲੈ ਕੇ ਭਾਰਤੀ-ਅਮਰੀਕੀ, ਸਿੱਖ ਅਤੇ ਹੋਰ ਦੱਖਣੀ ਏਸ਼ੀਆਈ ਭਾਈਚਾਰਿਆਂ ਵਿੱਚ ਭਾਰੀ ਨਾਰਾਜ਼ਗੀ ਵੇਖਣ ਨੂੰ ਮਿਲੀ ਸੀ।

ਹੋਮਲੈਂਡ ਸਿਕਿਓਰਿਟੀ ਵਿਭਾਗ ਵੱਲੋਂ ਬਿਨਾਂ ਲਾਇਸੰਸ ਵਾਲੇ ਵਪਾਰਕ ਡਰਾਈਵਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਨੂੰ ਅੱਗੇ ਵਧਾਉਣ ਲਈ ਐਕਸ ’ਤੇ ਕ੍ਰਿਤ੍ਰਿਮ ਬੁੱਧੀ ਨਾਲ ਤਿਆਰ ਕੀਤੇ ਚਿੱਤਰਾਂ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਵਿੱਚ ਭੂਰੀ ਦਾੜ੍ਹੀ ਵਾਲੇ ਇੱਕ ਵਿਅਕਤੀ ਨੂੰ ਦਿਖਾਉਂਦਿਆਂ ਸੰਦੇਸ਼ ਦਿੱਤਾ ਗਿਆ ਸੀ ਕਿ, ‘‘ਸਾਡੀਆਂ ਸੜਕਾਂ ਤੋਂ ਹਟ ਜਾਓ, ਤੁਹਾਨੂੰ ਗੱਡੀ ਚਲਾਉਣੀ ਨਹੀਂ ਆਉਂਦੀ, ਮਿਸਟਰ ਸਿੰਘ।’’

ਇਸ ਪੋਸਟ ਦੇ ਸਾਹਮਣੇ ਆਉਣ ਤੋਂ ਬਾਅਦ ਭਾਰਤੀ-ਅਮਰੀਕੀ ਅਤੇ ਸਿੱਖ ਵਕਾਲਤ ਸਮੂਹਾਂ ਨੇ ਜ਼ੋਰਦਾਰ ਵਿਰੋਧ ਕੀਤਾ। ਇਸ ਮਾਮਲੇ ਵਿੱਚ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਅਤੇ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਵਰਗੇ ਡੈਮੋਕ੍ਰੇਟਿਕ ਨੇਤਾਵਾਂ ਨੇ ਵੀ ਵਿਰੋਧੀ ਧਿਰਾਂ ਅਤੇ ਭਾਈਚਾਰਕ ਜਥੇਬੰਦੀਆਂ ਦਾ ਸਮਰਥਨ ਕੀਤਾ।

ਗੈਵਿਨ ਨਿਊਸਮ ਦੇ ਪ੍ਰੈੱਸ ਦਫ਼ਤਰ ਨੇ ਐਕਸ ’ਤੇ ਇੱਕ ਪੋਸਟ ਰਾਹੀਂ ਇਸ ਇਸ਼ਤਿਹਾਰ ਨੂੰ ਘਿਣਾਉਣਾ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਟਰੰਪ ਪ੍ਰਸ਼ਾਸਨ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦਿਆਂ ਨਸਲਵਾਦੀ ਪ੍ਰਚਾਰ ਕਰ ਰਿਹਾ ਹੈ।

ਹਿੰਦੂ ਅਮਰੀਕੀ ਫਾਊਂਡੇਸ਼ਨ, ਸਿੱਖ ਕੋਲੀਸ਼ਨ, ਹਿੰਦੂਐਕਸ਼ਨ ਅਤੇ ਕੋਲੀਸ਼ਨ ਆਫ਼ ਹਿੰਦੂਜ਼ ਆਫ਼ ਨਾਰਥ ਅਮਰੀਕਾ ਸਮੇਤ ਕਈ ਵਕਾਲਤ ਸਮੂਹਾਂ ਨੇ ਵੀ ਇਸ ਇਸ਼ਤਿਹਾਰ ਦੀ ਸਖ਼ਤ ਆਲੋਚਨਾ ਕੀਤੀ। ਇਨ੍ਹਾਂ ਜਥੇਬੰਦੀਆਂ ਨੇ ਇਸ ਨੂੰ ਗੈਰ-ਅਮਰੀਕੀ ਅਤੇ ਨਸਲਵਾਦੀ ਕਰਾਰ ਦਿੰਦਿਆਂ ਕਿਹਾ ਕਿ ਕਿਸੇ ਖ਼ਾਸ ਨਸਲੀ ਜਾਂ ਧਾਰਮਿਕ ਪਛਾਣ ਵਾਲੇ ਭਾਈਚਾਰੇ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਉਣਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ।

ਭਾਰਤੀ ਪਰਵਾਸੀ ਭਾਈਚਾਰੇ ਨਾਲ ਜੁੜੇ ਵਕਾਲਤ ਸਮੂਹਾਂ ਨੇ ਹੋਮਲੈਂਡ ਸਿਕਿਓਰਿਟੀ ਵਿਭਾਗ ਵੱਲੋਂ ਇਸ਼ਤਿਹਾਰ ਹਟਾਏ ਜਾਣ ਦਾ ਸਵਾਗਤ ਕੀਤਾ ਹੈ। ਹਿੰਦੂ ਅਮਰੀਕੀ ਫਾਊਂਡੇਸ਼ਨ ਨੇ ਕਿਹਾ ਕਿ ਵਿਭਾਗ ਨੇ ਉਹ ਪੋਸਟ ਹਟਾ ਦਿੱਤੀ ਹੈ, ਜਿਸ ਬਾਰੇ ਜਥੇਬੰਦੀ ਨੇ ਪਹਿਲਾਂ ਆਵਾਜ਼ ਚੁੱਕੀ ਸੀ ਅਤੇ ਇਸ ਨੂੰ ਹਟਾਇਆ ਜਾਣਾ ਇੱਕ ਸਵਾਗਤਯੋਗ ਕਦਮ ਹੈ।

ਹਾਲਾਂਕਿ, ਜਥੇਬੰਦੀ ਨੇ ਇਹ ਵੀ ਕਿਹਾ ਕਿ ਜਦੋਂ ਕੋਈ ਸੰਘੀ ਏਜੰਸੀ ਸਿਆਸੀ ਸੰਦੇਸ਼ ਦੇਣ ਲਈ ਕਿਸੇ ਭਾਰਤੀ ਜਾਂ ਸਿੱਖ ਵਿਅਕਤੀ ਦੇ ਨਸਲੀ ਵਿਅੰਗ-ਚਿੱਤਰ ਦੀ ਵਰਤੋਂ ਕਰਦੀ ਹੈ ਤਾਂ ਸਿਰਫ਼ ਪੋਸਟ ਹਟਾ ਦੇਣਾ ਹੀ ਕਾਫ਼ੀ ਨਹੀਂ ਹੁੰਦਾ, ਸਗੋਂ ਇਸ ਤਰ੍ਹਾਂ ਦੀ ਕਾਰਵਾਈ ਬਾਰੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ।

ਹਿੰਦੂ ਅਮਰੀਕੀ ਫਾਊਂਡੇਸ਼ਨ ਨੇ ਕਿਹਾ ਕਿ ਭਾਰਤੀ-ਅਮਰੀਕੀ, ਸਿੱਖ, ਹਿੰਦੂ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਆਪਣੀ ਸਰਕਾਰ ਤੋਂ ਇਸ ਤੋਂ ਬਿਹਤਰ ਵਿਹਾਰ ਦੇ ਹੱਕਦਾਰ ਹਨ।

ਦੂਜੇ ਪਾਸੇ, ਹੋਮਲੈਂਡ ਸਿਕਿਓਰਿਟੀ ਵਿਭਾਗ ਨੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਨਾਲ ਸਬੰਧਤ ਇੱਕ ਵੀਡੀਓ ਵੀ ਪੋਸਟ ਕੀਤਾ ਹੈ। ਹਰਜਿੰਦਰ ਸਿੰਘ ਨੂੰ ਪਿਛਲੇ ਸਾਲ ਇੱਕ ਕਥਿਤ ਗ਼ੈਰ-ਕਾਨੂੰਨੀ ਯੂ-ਟਰਨ ਕਾਰਨ ਵਾਪਰੇ ਹਾਦਸੇ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ।

ਇਸੇ ਨਾਲ ਸਬੰਧਤ ਇੱਕ ਹੋਰ ਪੋਸਟ ਵਿੱਚ ਟ੍ਰਾਂਸਫਾਰਮਰਜ਼ ਫ਼ਿਲਮੀ ਲੜੀ ਦੇ ਮੁੱਖ ਖਲਨਾਇਕ ਪਾਤਰ ਮੇਗਾਟਰੋਨ ਨੂੰ ‘‘ਏਲੀਅਨਜ਼’’ ਦੀ ਰਿਹਾਈ ਬਾਰੇ ਗੱਲ ਕਰਦਿਆਂ ਦਿਖਾਇਆ ਗਿਆ। ਅਮਰੀਕੀ ਪ੍ਰਸ਼ਾਸਨ ਵੱਲੋਂ ਵਿਦੇਸ਼ੀ ਨਾਗਰਿਕਾਂ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ।

ਵੀਡੀਓ ਕਲਿੱਪ ਵਿੱਚ ਮੇਗਾਟਰੋਨ ਨੂੰ ਟਰੱਕ ਡਰਾਈਵਰਾਂ ਹਰਜਿੰਦਰ ਸਿੰਘ, ਰਾਜਿੰਦਰ ਕੁਮਾਰ, ਬੇਕਜ਼ਾਨ ਬੇਸ਼ੇਕੇਵ, ਅਖਰੋਰ ਬੋਜੋਰੋਵ ਅਤੇ ਜਸਵੀਰ ਸਿੰਘ ਦੀ ਰਿਹਾਈ ਦੀ ਮੰਗ ਕਰਦਿਆਂ ਦਿਖਾਇਆ ਗਿਆ ਹੈ। ਇਨ੍ਹਾਂ ਵਿਅਕਤੀਆਂ ਦੇ ਨਾਮ ਸੜਕ ਹਾਦਸਿਆਂ ਅਤੇ ਹੋਰ ਅਪਰਾਧਿਕ ਮਾਮਲਿਆਂ ਨਾਲ ਜੋੜੇ ਗਏ ਹਨ।

ਹੋਮਲੈਂਡ ਸਿਕਿਓਰਿਟੀ ਵਿਭਾਗ ਨੇ ਇੱਕ ਪੋਸਟ ਵਿੱਚ ਕਿਹਾ ਕਿ ਜੇਕਰ ਕੋਈ ਵਿਅਕਤੀ ਦੁਸ਼ਮਣੀ ਭਰੇ ਜਾਂ ਹਮਲਾਵਰ ਇਰਾਦਿਆਂ ਨਾਲ ਦੇਸ਼ ਵਿੱਚ ਆਉਂਦਾ ਹੈ ਤਾਂ ਅਮਰੀਕਾ ਆਪਣੀ ਰੱਖਿਆ ਕਰੇਗਾ, ਅਮਰੀਕੀ ਕਦਰਾਂ-ਕੀਮਤਾਂ ਦੀ ਰੱਖਿਆ ਕਰੇਗਾ ਅਤੇ ਆਪਣੇ ਘਰ ਦੀ ਸੁਰੱਖਿਆ ਕਰੇਗਾ।

ਇੱਕ ਹੋਰ ਪੋਸਟ ਵਿੱਚ ਟ੍ਰਾਂਸਫਾਰਮਰਜ਼ ਲੜੀ ਦੇ ਮੁੱਖ ਨਾਇਕ ਪਾਤਰ ਆਪਟੀਮਸ ਪ੍ਰਾਈਮ ਨੂੰ ਹੋਮਲੈਂਡ ਸਿਕਿਓਰਿਟੀ ਵਿਭਾਗ ਦੀ ਬਾਂਹ ਵਾਲੀ ਨਿਸ਼ਾਨੀ ਨਾਲ ਭੂਰੀ ਦਾੜ੍ਹੀ ਵਾਲੇ ਇੱਕ ਵਿਅਕਤੀ ਦੇ ਸਾਹਮਣੇ ਖੜ੍ਹਾ ਦਿਖਾਇਆ ਗਿਆ ਸੀ। ਇਸ ਚਿੱਤਰ ਨਾਲ ਸੰਦੇਸ਼ ਦਿੱਤਾ ਗਿਆ ਸੀ ਕਿ ਵਿਅਕਤੀ ਸਵੈ-ਦੇਸ਼ ਨਿਕਾਲਾ ਲਵੇ ਜਾਂ ਨਤੀਜੇ ਭੁਗਤਣ ਲਈ ਤਿਆਰ ਰਹੇ।

ਵਿਵਾਦਿਤ ਇਸ਼ਤਿਹਾਰ ਵਿੱਚ ‘ਮਿਸਟਰ ਸਿੰਘ’ ਸ਼ਬਦ ਦੀ ਵਰਤੋਂ ਨੂੰ ਲੈ ਕੇ ਹਿੰਦੂ ਅਮਰੀਕੀ ਫਾਊਂਡੇਸ਼ਨ ਅਤੇ ਸਿੱਖ ਕੋਲੀਸ਼ਨ ਸਮੇਤ ਕਈ ਵਕਾਲਤ ਸਮੂਹਾਂ ਨੇ ਸਖ਼ਤ ਇਤਰਾਜ਼ ਜਤਾਇਆ ਸੀ। ਜਥੇਬੰਦੀਆਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦਾ ਚਿੱਤਰਣ ਭਾਰਤੀ ਅਤੇ ਸਿੱਖ ਪਛਾਣ ਨੂੰ ਨਿਸ਼ਾਨਾ ਬਣਾਉਣ ਵਾਲਾ ਹੈ, ਜਿਸ ਕਾਰਨ ਇਹ ਇਸ਼ਤਿਹਾਰ ਭਾਈਚਾਰੇ ਵਿੱਚ ਵਿਆਪਕ ਰੋਸ ਦਾ ਕਾਰਨ ਬਣਿਆ।

## ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਿਖੇ ਭਾਰਤੀ ਕੌਂਸਲੇਟ ਵੈਨਕੂਵਰ ਵਲੋਂ ਕੈਂਪ ਆਯੋਜਿਤ ਸੈਂਕੜੇ ਲੋਕਾਂ ਨੂੰ ਕੌਂਸਲ ਸੇਵਾਵਾਂ ਪ੍ਰਦਾਨ ਕੀਤੀਆਂ








**ਐਬਸਫੋਰਡ –** ਬੀਤੇ ਦਿਨ ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਜਨਰਲ ਵਲੋਂ ਪਰਵਾਸੀ ਭਾਰਤੀਆਂ ਨੂੰ ਕੌਂਸਲ ਸੇਵਾਵਾਂ ਪ੍ਰਦਾਨ ਕਰਨ ਲਈ ਇਕ ਵਿਸ਼ੇਸ਼ ਕੈਂਪ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੇ ਹੈਰੀਟੇਜ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਗਿਆ। ਇਸ ਕੈਂਪ ਦੌਰਾਨ ਕੌਂਸਲੇਟ ਦੇ ਅਧਿਕਾਰੀਆਂ ਨੇ ਸਾਬਕਾ ਪੈਨਸ਼ਰਾਂ ਅਤੇ ਹੋਰ ਐਨ ਆਰ ਆਈਜ ਨੂੰ ਲਾਈਫ ਸਰਟੀਫਿਕੇਟ, ਓ ਸੀ ਆਈ, ਪੁਲਿਸ ਕਲੀਅਰੈਂਸ ਸਰਟੀਫਿਕੇਟ, ਅਟੈਸਟੇਸ਼ਨ ਅਤੇ ਹੋਰ ਕੌਂਸਲ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਸੈਂਕੜੇ ਲੋਕਾਂ ਨੇ ਇਹਨਾਂ ਸੇਵਾਵਾਂ ਦਾ ਫਾਇਦਾ ਲਿਆ। ਇਸ ਮੌਕੇ ਗੁਰਦੁਆਰਾ ਕਮੇਟੀ ਵਲੋਂ ਆਏ ਲੋਕਾਂ ਲਈ ਚਾਹ ਪਾਣੀ ਅਤੇ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੇ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ ਅਤੇ ਹੋਰ ਕਮੇਟੀ ਮੈਂਬਰਾਂ ਨੇ ਕੌਂਸਲੇਟ ਜਨਰਲ ਵਲੋਂ ਆਏ ਅਧਿਕਾਰੀਆਂ ਦਾ ਸਵਾਗਤ ਕੀਤਾ ਗਿਆ ਅਤੇ ਉਹਨਾਂ ਵਲੋਂ ਲੋਕਾਂ ਨੂੰ ਨਿਰਵਿਘਨ ਕੌਂਸਲ ਸੇਵਾਵਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸਿਖਸ ਫਾਰ ਜਸਟਿਸ ਅਤੇ ਖਾਲਿਸਤਾਨੀ ਕਾਰਕੁਨਾਂ ਵਲੋਂ ਕੈਨੇਡਾ ਦੇ ਗੁਰੂ ਘਰਾਂ ਵਿਚ ਭਾਰਤੀ ਕੌਂਸਲੇਟ ਜਨਰਲ ਵਲੋਂ ਕੈਂਪ ਲਗਾਕੇ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਵਿਰੋਧ ਕਰਦਿਆਂ ਰੋਸ ਮੁਜਾਹਰੇ ਕੀਤੇ ਜਾਂਦੇ ਹਨ। ਹਰ ਸਾਲ ਦੀ ਤਰਾਂ ਇਸ ਵਾਰ ਵੀ ਕੁਝ ਖਾਲਿਸਤਾਨੀ ਕਾਰਕੁਨਾਂ ਵਲੋਂ ਗੁਰਦੁਆਰਾ ਸਾਹਿਬ ਦੇ ਬਾਹਰ ਰੋਸ ਪ੍ਰਦਰਸ਼ਨ ਕਰਨ ਦਾ ਯਤਨ ਕੀਤਾ ਗਿਆ ਪਰ ਬੀਸੀ ਸਰਕਾਰ ਵਲੋਂ ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਦੀ ਹਦੂਦ ਨੇੜੇ ਅਜਿਹੇ ਰੋਸ ਪ੍ਰਦਰਸ਼ਨ ਕੀਤੇ ਜਾਣ ਦੀ ਪਾਬੰਦੀ ਲਾਗੂ ਹੋਣ ਕਾਰਣ ਕੌਂਸਲ ਸੇਵਾਵਾਂ ਨਿਰਵਿਘਨ ਜਾਰੀ ਰਹੀਆਂ।

## ਫ਼ਰੀਮੌਂਟ ਵਿੱਚ ਹੋਵੇਗੀ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ 26ਵੀਂ ਕਾਨਫ਼ਰੰਸ 27 ਸਤੰਬਰ ਨੂੰ

### ਕਾਨਫ਼ਰੰਸ ਵਿਚ ਭਾਰਤ, ਪਾਕਿਸਤਾਨ, ਕੈਨੇਡਾ ਤੇ ਅਮਰੀਕਾ ਤੋਂ ਸਾਹਿਤਕਾਰ ਹੋਣਗੇ ਸ਼ਾਮਲ



**ਹੇਵਰਡ, ( ਹਰਦਮ ਮਾਨ )** ਬੀਤੇ ਦਿਨੀਂ ਵਿਪਸਾ (ਵਿਸ਼ਵ ਪੰਜਾਬੀ ਸਾਹਿਤ ਅਕਾਦਮੀ) ਵੱਲੋਂ ਮੂਨ ਰੈਸਟੋਰੈਂਟ, ਹੇਵਰਡ ਵਿਖੇ ਕਰਵਾਈ ਗਈ ਮਾਸਿਕ ਸਾਹਿਤਕ ਮਿਲਣੀ ਵਿੱਚ ਅਕੈਡਮੀ ਦੀ 26ਵੀਂ ਸਾਹਿਤਕ ਕਾਨਫ਼ਰੰਸ ਦੀਆਂ ਤਿਆਰੀਆਂ ਸਬੰਧੀ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਜਾਣਕਾਰੀ ਦਿੰਦਿਆਂ ਅਕੈਡਮੀ ਦੇ ਜਨਰਲ ਸਕੱਤਰ ਜਗਜੀਤ ਸਿੰਘ ਨੌਸ਼ਹਿਰਵੀ ਨੇ ਦੱਸਿਆ ਹੈ ਕਿ 26ਵੀਂ ਸਾਹਿਤਕ ਕਾਨਫ਼ਰੰਸ 27 ਸਤੰਬਰ, ਦਿਨ ਐਤਵਾਰ, ਸਵੇਰੇ 9:30 ਵਜੇ ਤੋਂ ਸ਼ਾਮ 8:00 ਵਜੇ ਤੱਕ ਪੈਰਾਡਾਈਜ਼ ਬਾਲਰੂਮ, 4100 ਫਏਰਓਲਟਓ ਭਲਵਦ., ਢਰਏਮੋਨਟ, ਛਅ 94539 ਵਿਖੇ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਕਾਨਫ਼ਰੰਸ ਵਿੱਚ ਭਾਰਤ, ਪਾਕਿਸਤਾਨ, ਪੰਜਾਬ, ਜੰਮੂ, ਕੈਨੇਡਾ ਅਤੇ ਅਮਰੀਕਾ ਤੋਂ ਨਾਮਵਰ ਸਾਹਿਤਕਾਰ, ਕਵੀ ਅਤੇ ਵਿਦਵਾਨ ਸ਼ਿਰਕਤ ਕਰਨਗੇ।

ਅਕੈਡਮੀ ਦੇ ਪ੍ਰਧਾਨ ਕੁਲਵਿੰਦਰ ਮੀਟਿੰਗ ਵਿਚ ਦੱਸਿਆ ਕਿ ਕਾਨਫ਼ਰੰਸ ਵਿੱਚ ਲਹਿੰਦੇ ਪੰਜਾਬ ਤੋਂ ਡਾ. ਨਬੀਲਾ ਰਹਿਮਾਨ, ਚੜ੍ਹਦੇ ਪੰਜਾਬ ਤੋਂ ਡਾ. ਰਾਜੇਸ਼ ਸ਼ਰਮਾ ਅਤੇ ਡਾ. ਆਤਮ ਰੰਧਾਵਾ, ਜੰਮੂ ਤੋਂ ਡਾ. ਮੋਨੋਜੀਤ ਸਿੰਘ ਅਤੇ ਕੈਨੇਡਾ ਤੋਂ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਸੁਰਜੀਤ ਕੌਰ ਅਤੇ ਪਿਆਰਾ ਸਿੰਘ ਕੁੱਦੋਵਾਲ ਆਪਣੀ ਹਾਜ਼ਰੀ ਲਗਵਾਉਣਗੇ। ਅਮਰੀਕਾ ਦੇ ਸਥਾਨਕ ਸਾਹਿਤਕਾਰਾਂ ਤੋਂ ਇਲਾਵਾ ਬਲਦੇਵ ਸਿੰਘ ਗਰੇਵਾਲ ਅਤੇ ਸੁਰਿੰਦਰ ਸੋਹਲ ਵੀ ਕਾਨਫ਼ਰੰਸ ਵਿੱਚ ਸ਼ਾਮਲ ਹੋਣਗੇ।

ਉਨ੍ਹਾਂ ਦੱਸਿਆ ਕਿ ਇਸ ਵਾਰ ਦੀ ਕਾਨਫ਼ਰੰਸ ਪੰਜਾਬੀ ਭਾਸ਼ਾ ਨੂੰ ਸਮਰਪਿਤ ਕੀਤੀ ਜਾ ਰਹੀ ਹੈ। ਸਮਾਗਮ ਦਾ ਆਗਾਜ਼ ਪ੍ਰਸਿੱਧ ਸੂਫ਼ੀ ਗਾਇਕ ਸੁਖਦੇਵ ਸਾਹਿਲ ਵੱਲੋਂ ਸ਼ਬਦ ਗਾਇਨ ਨਾਲ ਹੋਵੇਗਾ। ਪੰਜਾਬੀ ਭਾਸ਼ਾ ਦੇ ਵਰਤਮਾਨ, ਭਵਿੱਖ ਅਤੇ ਨਵੀਂ ਪੀੜ੍ਹੀ ਨਾਲ ਇਸ ਦੇ ਸਬੰਧਾਂ ਸਮੇਤ ਵੱਖ-ਵੱਖ ਪੱਖਾਂ ਨੂੰ ਵਿਚਾਰਨ ਲਈ ਚਾਰ ਵਿਸ਼ੇਸ਼ ਸੈਸ਼ਨ ਕਰਵਾਏ ਜਾਣਗੇ। ਇਨ੍ਹਾਂ ਵਿੱਚੋਂ ਇੱਕ ਵਿਸ਼ੇਸ਼ ਸੈਸ਼ਨ ਬੱਚਿਆਂ ਅਤੇ ਨੌਜਵਾਨਾਂ ਲਈ ਹੋਵੇਗਾ ਤਾਂ ਜੋ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੋੜਨ ਦੇ ਮੁੱਦੇ 'ਤੇ ਗੰਭੀਰ ਸੰਵਾਦ ਕੀਤਾ ਜਾ ਸਕੇ।

ਕਾਨਫਰੰਸ ਦੌਰਾਨ ਕੁਝ ਨਵੀਆਂ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਣ ਕੀਤੀਆਂ ਜਾਣਗੀਆਂ, ਕਵੀ ਦਰਬਾਰ ਹੋਵੇਗਾ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਪਹੁੰਚੇ ਕਵੀ ਆਪਣੀਆਂ ਰਚਨਾਵਾਂ ਨਾਲ ਕਾਵਿਕ ਰੰਗ ਭਰਨਗੇ। ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਖੇਤਰ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਮਾਣ ਸਨਮਾਨ ਕੀਤਾ ਜਾਵੇਗਾ।

ਕੁਲਵਿੰਦਰ ਨੇ ਕਾਨਫਰੰਸ ਨੂੰ ਸਹਿਯੋਗ ਦੇਣ ਵਾਲੇ ਸਪਾਂਸਰਾਂ ਡਾ. ਜਸਵੀਰ ਸਿੰਘ ਗਿੱਲ, ਗੁਰਪ੍ਰੀਤ ਸਿੰਘ ਧੁੱਗਾ, ਪ੍ਰੋ. ਲਾਲੀ ਧਨੋਆ, ਪ੍ਰੋ. ਸੁਖਦੇਵ ਸਿੰਘ, ਡਾ. ਸਰਬਜੀਤ ਹੁੰਦਲ, ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ, ਡਾ. ਅਜੀਤਪਾਲ ਸੰਧੂ ਅਤੇ ਰਾਜਾ ਸਵੀਟਸ ਦੇ ਰਵਿੰਦਰ ਸਿੰਘ ਤੇ ਮੱਖਣ ਬੈਂਸ ਦਾ ਅਗਾਊਂ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਅਕੈਡਮੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਮੈਂਬਰਸ਼ਿਪ ਦੇ ਨਾਲ ਨਾਲ ਕਾਨਫ਼ਰੰਸ ਲਈ ਵੀ ਸਪਾਂਸਰਸ਼ਿਪ ਦਿੱਤੀ ਗਈ ਹੈ। ਬੈਠਕ ਵਿੱਚ ਹਾਜ਼ਰ ਸਮੂਹ ਮੈਂਬਰਾਂ ਨੇ ਕਾਨਫ਼ਰੰਸ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਆਪਣੀ ਪੂਰੀ ਵਚਨਬੱਧਤਾ ਪ੍ਰਗਟਾਈ ਅਤੇ ਆਪੋ-ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਵਿਪਸਾ ਮੈਂਬਰਾਂ ਵੱਲੋਂ ਰਾਜਵੰਤ ਕੌਰ ਸੰਧੂ ਦੇ ਪਾਕਿਸਤਾਨੀ ਸਫ਼ਰਨਾਮੇ 'ਮੇਰੇ ਪਿਤਾ ਦੀ ਕੁਰਸੀ' ਦੀ ਮੂੰਹ ਵਿਖਾਈ ਵੀ ਕੀਤੀ ਗਈ।

ਮੀਟਿੰਗ ਵਿੱਚ ਹਰਜਿੰਦਰ ਕੰਗ, ਡਾ. ਸੁਖਵਿੰਦਰ ਕੰਬੋਜ, ਪ੍ਰੋ. ਸੁਰਿੰਦਰ ਸੀਰਤ, ਸੁਰਜੀਤ ਸਖੀ, ਅਮਰਜੀਤ ਕੌਰ ਪੰਨੂੰ, ਅਮਰਜੀਤ ਸਿੰਘ ਜੌਹਲ, ਪ੍ਰੋ. ਬਲਜਿੰਦਰ ਸਿੰਘ ਸਵੈਚ, ਮੁਕੇਸ਼ ਸ਼ਰਮਾ, ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰਿੰਦਰ ਕੌਰ ਸੋਹੀ, ਸੰਦੀਪ ਕੌਰ, ਧਰਵਿੰਦਰ, ਪ੍ਰੋ. ਸੁਖਦੇਵ ਸਿੰਘ, ਸਰਪੰਚ ਮਹਿੰਗਾ ਸਿੰਘ ਸੰਧੂ, ਕੰਵਲਦੀਪ ਕੌਰ, ਬ੍ਰਜਿੰਦਰ ਸਿੰਘ, ਵਿਜੇ ਸਿੰਘ, ਮਨਜੀਤ ਪਲਾਹੀ, ਨਵਦੀਪ ਕੌਰ ਕੰਬੋਜ ਅਤੇ ਲਾਜ ਨੀਲਮ ਸੈਣੀ ਹਾਜ਼ਰ ਸਨ।

# ਐਬਸਫੋਰਡ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਆਯੋਜਿਤ





















**ਐਬਸਫੋਰਡ –** ਬੀਤੇ ਦਿਨ ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਐਬਸਫੋਰਡ ਵਲੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 422ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਸ ਸਬੰਧ ਵਿਚ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਆਰੰਭ 4 ਸਤੰਬਰ ਨੂੰ ਕੀਤੇ ਗਏ ਜਿਹਨਾਂ ਦੇ ਭੋਗ 6 ਸਤੰਬਰ ਨੂੰ ਸਵੇਰੇ 8 ਵਜੇ ਪਾਉਣ ਉਪਰੰਤ ਗਰੰਥੀ ਸਿੰਘ ਵਲੋਂ ਅਰਦਾਸ ਕਰਨ ਨਾਲ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਰਵਾਨਗੀ ਠੀਕ 11 ਵਜੇ ਹੋਈ। ਬਹੁਤ ਹੀ ਸੁੰਦਰ ਢੰਗ ਨਾਲ ਸਜਾਈ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਸਨ ਅਤੇ ਪਿੱਛੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਵਾਹਿਗੁਰੂ ਦਾ ਜਾਪ ਕਰਦਿਆਂ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ।

ਨਗਰ ਕੀਰਤਨ ਦੌਰਾਨ ਰਾਗੀ ਤੇ ਢਾਡੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਅਤੇ ਗੁਰੂ ਜੱਸ ਦਾ ਗਾਇਨ ਕੀਤਾ ਗਿਆ। ਢਾਡੀ ਜਥਿਆਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਵਾਰਾਂ ਪੇਸ਼ ਕੀਤੀਆਂ। ਰਾਗੀ ਤੇ ਢਾਡੀ ਜਥਿਆਂ ਵਿਚ ਭਾਈ ਦਵਿੰਦਰ ਸਿੰਘ ਸੋਢੀ, ਭਾਈ ਮਹਿਤਾਬ ਸਿੰਘ ਜਲੰਧਰ ਵਾਲੇ, ਕਵੀਸ਼ਰ ਭਾਈ ਜੋਗਾ ਸਿੰਘ ਭਾਗੋਵਾਲ ਦੇ ਨਾਮ ਵਿਸ਼ੇਸ਼ ਜ਼ਿਕਰਯੋਗ ਹਨ। ਖਾਲਸਾ ਸਕੂਲ ਦੇ ਬੱਚਿਆਂ ਅਤੇ ਗਤਕਾ ਸੰਸਥਾਵਾਂ ਦੇ ਸਿੰਘਾਂ ਨੇ ਗਤਕੇ ਦੇ ਜੌਹਰ ਦਿਖਾਏ। ਨਗਰ ਕੀਰਤਨ ਵਿੱਚ ਨੀਲੀਆਂ ਅਤੇ ਪੀਲੀਆਂ ਦਸਤਾਰਾਂ ਤੇ ਦੁਪੱਟਿਆਂ ਨਾਲ ਸਜੀ ਸੰਗਤ ਨੇ ਐਬਸਫੋਰਡ ਸਿਟੀ ਵਲੋਂ ਨਗਰ ਕੀਰਤਨ ਲਈ ਰਾਖਵੀਆਂ ਰੱਖੀਆਂ ਸੜਕਾਂ ਨੂੰ ਖ਼ਾਲਸਾਈ ਰੰਗ ਵਿੱਚ ਰੰਗ ਦਿੱਤਾ। ਸਿੱਖ ਮੋਟਰਸਾਈਕਲ ਕਲੱਬਾਂ ਦੇ ਨੌਜਵਾਨਾਂ ਨੇ ਖਾਲਸਾਈ ਸ਼ਾਨ ਦਾ ਇਕ ਵੱਖਰਾ ਹੀ ਮਾਹੌਲ ਸਿਰਜਿਆ। ਸਿੱਖ ਰਾਈਡਰਜ਼ ਵਲੋਂ ਨੌਜਵਾਨਾਂ ਲਈ ਦਸਤਾਰਾਂ ਸਜਾਉਣ ਲਈ ਬਣਾਏ ਗਏ ਫਲੋਟ ਨੇ ਨੌਜਵਾਨਾਂ ਨੂੰ ਆਕਰਸ਼ਿਤ ਕੀਤਾ। ਨਗਰ ਕੀਰਤਨ ਦੌਰਾਨ ਵੱਖ ਵੱਖ ਸੰਸਥਾਵਾਂ ਦੇ ਫਲੋਟਾਂ ਦਰਮਿਆਨ ਸਿੱਖਸ ਫਾਰ ਜਸਟਿਸ ਵਲੋਂ ਆਪਣੇ ਫਲੋਟ ਰਾਹੀਂ ਅਲਬਰਟਾ ਵਿਚ ਅਕਤੂਬਰ ਮਹੀਨੇ ਕਰਵਾਏ ਜਾਣ ਵਾਲੇ ਰਿਫੈਂਰਡਮ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦੀ ਅਪੀਲ ਕਰਦਿਆਂ ਭਾਰਤ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਵੀ ਜਾ ਰਹੀ ਸੀ। ਵੱਖ-ਵੱਖ ਸਿਆਸੀ ਆਗੂਆਂ ਜਿਹਨਾਂ ਵਿਚ ਐਮ ਪੀ ਸੁਖਮਨ ਗਿੱਲ, ਐਮ ਪੀ ਬਰੈਡ ਵਿਸ, ਸਕੂਲ ਟਰੱਸਟੀ ਅਰਸ਼ ਕਲੇਰ, ਕੌਂਸਲਰ ਦੇਵ ਸਿੱਧੂ, ਕੌਂਸਲਰ ਉਮੀਦਵਾਰ ਜੈਗ ਸਿੱਧੂ, ਅਮਰੀਕ ਨਾਰੰਗ, ਜਸਮੀਤ ਫੂਲਕਾ, ਸਕੂਲ ਟਰੱਸਟੀ ਉਮੀਦਵਾਰ ਵਿਨੈ ਵੜੈਚ, ਐਬਸਫੋਰਡ- ਮਿਸ਼ਨ ਜਿਮਨੀ ਚੋਣ ਲਈ ਉਮੀਦਵਾਰ ਲਖਵਿੰਦਰ ਝੱਜ, ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੇ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ, ਲਖਵਿੰਦਰ ਸਿੰਘ ਬਰਾੜ ਤੇ ਹੋਰ ਸ਼ਾਮਿਲ ਸਨ ਨੇ ਨਗਰ ਕੀਰਤਨ ਵਿਚ ਸ਼ਮੂਲੀਅਤ ਕਰਦਿਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ।

ਨਗਰ ਕੀਰਤਨ ਦੌਰਾਨ ਵੱਖ-ਵੱਖ ਵਪਾਰਕ ਅਦਾਰਿਆਂ ਅਤੇ ਸੰਸਥਾਵਾਂ ਵਲੋਂ ਖਾਣ ਪੀਣ ਦੇ ਵਿਸ਼ੇਸ਼ ਸਟਾਲ ਲਗਾਏ ਗਏ ਸਨ ਜਿਹਨਾਂ ਵਿਚ ਠੰਡੀ ਸ਼ਰਦਾਈ, ਠੰਡੇ ਜਲ ਪਦਾਰਥ, ਗਰਮਾ ਗਰਮਾ ਚਾਹ, ਪਕੌੜੇ-ਜਲੇਬੀਆਂ, ਛੋਲੇ ਕੁਲਚੇ, ਮੱਕੀ ਦੀ ਰੋਟੀ-ਸਾਗ, ਗੰਨੇ ਦਾ ਤਾਜ਼ਾ ਰਸ ਅਤੇ ਗੁਰੂ ਕੇ ਲੰਗਰ ਆਦਿ ਸ਼ਾਮਿਲ ਸਨ। ਇਹਨਾਂ ਸਟਾਲਾਂ ਤੇ ਨਗਰ ਕੀਰਤਨ ਵਿਚ ਚਲ ਰਹੀਆਂ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵਲੋਂ ਸਾਫ ਸਫਾਈ ਦੀ ਸੇਵਾ ਨਾਲੋ ਨਾਲ ਨਿਭਾਈ ਗਈ। ਨਗਰ ਕੀਰਤਨ ਦੇ ਰਸਤੇ ਵਿਚ ਸਿਟੀ ਕੌਂਸਲ ਲਈ ਚੋਣਾਂ ਲੜ ਰਹੇ ਉਮੀਦਵਾਰਾਂ ਵਲੋਂ ਵੋਟਾਂ ਦੀ ਅਪੀਲ ਲਈ ਵਿਸ਼ੇਸ਼ ਬੋਰਡ ਲਗਾਕੇ ਸੰਗਤਾਂ ਦਾ ਧਿਆਨ ਖਿੱਚਣ ਦਾ ਯਤਨ ਕੀਤਾ ਗਿਆ। ਨਗਰ ਕੀਰਤਨ ਸ਼ਾਮੀਂ 5 ਵਜੇ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦੀ ਸਫਲਤਾ ਲਈ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ ਗੁਰਜੀਤ ਸਿੰਘ, ਸਕੱਤਰ ਬਾਜ ਸਿੰਘ ਤੇ ਪ੍ਰਬੰਧਕ ਕਮੇਟੀ ਨੇ ਸੰਗਤਾਂ ਅਤੇ ਵਲੰਟੀਅਰਾਂ ਦੀ ਵਿਸ਼ੇਸ਼ ਧੰਨਵਾਦ ਕੀਤਾ।

## ਸਰੀ ਵਿਚ ਵੈਨਕੂਵਰ ਵਿਚਾਰ ਮੰਚ ਵੱਲੋਂ 'ਜਰਨੈਲ ਸਿੰਘ ਆਰਟਿਸਟ ਸਿਮਰਤੀ ਗਰੰਥ' ਲੋਕ ਅਰਪਣ

### ਜਰਨੈਲ ਸਿੰਘ ਆਰਟਿਸਟ ਨੂੰ ਮਹਾਨ ਚਿੱਤਰਕਾਰ, ਨਿਮਰ, ਸਾਦੇ, ਮਿਲਣਸਾਰ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਯਾਦ ਕੀਤਾ ਗਿਆ



**ਸਰੀ (ਹਰਦਮ ਮਾਨ)–** ਵੈਨਕੂਵਰ ਵਿਚਾਰ ਮੰਚ (ਰਜਿ.) ਵੱਲੋਂ ਬੀਤੇ ਦਿਨ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਦੀ ਯਾਦ ਨੂੰ ਸਮਰਪਿਤ ਸਿਮਰਤੀ ਗਰੰਥ ਰਿਲੀਜ਼ ਸਮਾਗਮ ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਖੇ ਕਰਵਾਇਆ ਗਿਆ। ਸਮਾਗਮ ਦੌਰਾਨ ਜਰਨੈਲ ਸਿੰਘ ਆਰਟਿਸਟ ਦੇ ਜੀਵਨ, ਕਲਾ, ਸਾਹਿਤਕ-ਸੱਭਿਆਚਾਰਕ ਸਰੋਕਾਰਾਂ ਅਤੇ ਉਨ੍ਹਾਂ ਦੀ ਨਿੱਘੀ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਵੱਖ-ਵੱਖ ਬੁਲਾਰਿਆਂ ਨੇ ਸਾਂਝਾ ਕੀਤਾ। ਇਸ ਮੌਕੇ 'ਜਰਨੈਲ ਸਿੰਘ ਆਰਟਿਸਟ ਸਿਮਰਤੀ ਗ੍ਰੰਥ' ਵੀ ਰਿਲੀਜ਼ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਬੁਲਾਰੇ ਅੰਗਰੇਜ਼ ਬਰਾੜ ਨੇ ਹਾਜ਼ਰੀਨ ਦਾ ਸਵਾਗਤ ਕੀਤਾ। ਉਨ੍ਹਾਂ ਨੇ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਲੰਮੀ ਸਾਂਝ ਅਤੇ ਦੋਸਤੀ ਨੂੰ ਯਾਦ ਕਰਦਿਆਂ ਉਨ੍ਹਾਂ ਨਾਲ ਆਖਰੀ ਸਮੇਂ ਤੱਕ ਹੋਈ ਗੱਲਬਾਤ ਅਤੇ ਵਿਚਾਰ-ਵਟਾਂਦਰੇ ਬਾਰੇ ਭਾਵਪੂਰਨ ਢੰਗ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਜਰਨੈਲ ਸਿੰਘ ਆਰਟਿਸਟ ਦੀ ਯਾਦ ਉਨ੍ਹਾਂ ਨਾਲ ਜੁੜੇ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਜਿਊਂਦੀ ਰਹੇਗੀ।

ਉਪਰੰਤ ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਲੰਮੀ ਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਕਲਾ ਦੇ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਸਿਮਰਤੀ ਗ੍ਰੰਥ ਦੀ ਤਿਆਰੀ, ਇਸ ਦੇ ਮਕਸਦ ਅਤੇ ਜਰਨੈਲ ਸਿੰਘ ਆਰਟਿਸਟ ਦੀਆਂ ਯਾਦਾਂ ਨੂੰ ਸਾਂਭਣ ਲਈ ਕੀਤੇ ਇਸ ਉਪਰਾਲੇ ਬਾਰੇ ਵੀ ਜਾਣਕਾਰੀ ਦਿੱਤੀ।

ਜਰਨੈਲ ਸਿੰਘ ਆਰਟਿਸਟ ਸਿਮਰਤੀ ਗਰੰਥ ਲੋਕ ਅਰਪਣ ਕਰਨ ਉਪਰੰਤ ਮੰਚ ਦੇ ਬੁਲਾਰੇ ਮੋਹਨ ਗਿੱਲ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਵੱਖ-ਵੱਖ ਬੁਲਾਰਿਆਂ ਨੂੰ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਸਾਂਝ ਅਤੇ ਉਨ੍ਹਾਂ ਦੀ ਕਲਾ ਤੇ ਸ਼ਖ਼ਸੀਅਤ ਬਾਰੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ। ਇਸ ਮੌਕੇ ਮੀਰਾ ਗਿੱਲ, ਕੁਲਜੀਤ ਕੌਰ, ਆਸ਼ਿਆਨਾ, ਸ਼ਾਇਰ ਜਸਵਿੰਦਰ, ਡਾ. ਅਮਰਜੀਤ ਭੁੱਲਰ, ਗੁਰਦੀਪ ਭੁੱਲਰ, ਡਾ. ਗੁਲਜ਼ਾਰ ਸਿੰਘ ਵਿਲਿੰਗ, ਅਜਮੇਰ ਰੋਡੇ, ਬਲਦੇਵ ਬਾਠ, ਇੰਦਰਜੀਤ ਧਾਮੀ, ਡਾ. ਗੁਰਵਿੰਦਰ ਧਾਲੀਵਾਲ, ਡਾ. ਗੁਰਮਿੰਦਰ ਸਿੱਧੂ, ਅਮਰਜੀਤ ਖਹਿਰਾ, ਸਤੀਸ਼ ਗੁਲਾਟੀ, ਜਰਨੈਲ ਸਿੰਘ ਆਰਟਿਸਟ ਦੀ ਬੇਟੀ ਨੀਤੀ ਸਿੰਘ, ਅਮਰੀਕ ਪਲਾਹੀ, ਕਵਿੰਦਰ ਚਾਂਦ, ਗੁਲਸ਼ਨ ਦਿਆਲ, ਸੁਰਜੀਤ ਕਲਸੀ, ਹਰਕੀਰਤ ਚਾਹਲ, ਬਲਰਾਜ ਬਾਸੀ, ਕੇਸਰ ਸਿੰਘ ਕੂਨਰ, ਮਹਿੰਦਰਪਾਲ ਸਿੰਘ ਪਾਲ, ਗੁਰਦੇਵ ਸਿੰਘ ਦਰਦੀ, ਬਖ਼ਸ਼ਿੰਦਰ, ਨਵਲਪ੍ਰੀਤ ਰੰਗੀ, ਅਸ਼ੋਕ ਭਾਰਗਵ, ਕ੍ਰਿਸ਼ਨ ਬੈਕਟਰ ਅਤੇ ਪ੍ਰਿਅੰਕਾ ਨਿੱਝਰ ਸਮੇਤ ਹੋਰ ਸ਼ਖ਼ਸੀਅਤਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਬੁਲਾਰਿਆਂ ਨੇ ਜਰਨੈਲ ਸਿੰਘ ਆਰਟਿਸਟ ਨਾਲ ਜੁੜੀਆਂ ਆਪਣੀਆਂ ਨਿੱਜੀ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਨੂੰ ਇੱਕ ਬਿਹਤਰੀਨ ਚਿੱਤਰਕਾਰ ਦੇ ਨਾਲ ਨਾਲ ਬੇਹੱਦ ਨਿਮਰ, ਸਾਦੇ, ਮਿਲਣਸਾਰ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਯਾਦ ਕੀਤਾ। ਉਨ੍ਹਾਂ ਦੀ ਚਿੱਤਰਕਲਾ ਵਿੱਚ ਮੌਜੂਦ ਸੂਹਜ, ਡੂੰਘੀ ਸੋਚ, ਪੰਜਾਬੀਅਤ ਅਤੇ ਮਨੁੱਖੀ ਸੰਵੇਦਨਾ ਬਾਰੇ ਵੀ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਕਈ ਬੁਲਾਰਿਆਂ ਨੇ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਦੇ ਅਜਿਹੇ ਪੱਖ ਸਾਹਮਣੇ ਲਿਆਂਦੇ, ਜਿਨ੍ਹਾਂ ਨੇ ਸਮਾਗਮ ਨੂੰ ਹੋਰ ਵੀ ਭਾਵਪੂਰਨ ਬਣਾ ਦਿੱਤਾ। ਬੁਲਾਰਿਆਂ ਨੇ ਵੈਨਕੂਵਰ ਵਿਚਾਰ ਮੰਚ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਕ ਕਲਾਕਾਰ ਦੇ ਜੀਵਨ, ਕਲਾ ਅਤੇ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਪੁਸਤਕ ਦੇ ਰੂਪ ਵਿੱਚ ਸਾਂਭਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਮਹੱਤਵਪੂਰਨ ਦਸਤਾਵੇਜ਼ ਸਾਬਤ ਹੋਵੇਗਾ।

ਸਮਾਗਮ ਦੌਰਾਨ ਗੁਰਦੀਪ ਭੁੱਲਰ ਵੱਲੋਂ ਜਰਨੈਲ ਸਿੰਘ ਆਰਟਿਸਟ ਦੇ ਜੀਵਨ ਅਤੇ ਕਲਾ ਸੰਬੰਧੀ ਤਿਆਰ ਕੀਤੀ ਗਈ ਇੱਕ ਖ਼ੂਬਸੂਰਤ ਡਾਕੂਮੈਂਟਰੀ ਫ਼ਿਲਮ ਵੀ ਪ੍ਰਦਰਸ਼ਿਤ ਕੀਤੀ ਗਈ। ਫ਼ਿਲਮ ਵਿੱਚ ਉਨ੍ਹਾਂ ਦੇ ਜੀਵਨ, ਕਲਾਤਮਕ ਸਫ਼ਰ ਅਤੇ ਚਿੱਤਰਕਲਾ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕੀਤਾ ਗਿਆ। ਜਰਨੈਲ ਸਿੰਘ ਆਰਟਿਸਟ ਦੀ ਬੇਟੀ ਨੀਤੀ ਸਿੰਘ ਵੱਲੋਂ ਉਨ੍ਹਾਂ ਦੀ ਕਲਾ ਨਾਲ ਸਬੰਧਤ ਕੁਝ ਚਿੱਤਰਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਵੀ ਲਾਈ ਗਈ। ਕਲਾ ਪ੍ਰੇਮੀਆਂ ਨੇ ਇਨ੍ਹਾਂ ਚਿੱਤਰਾਂ ਨੂੰ ਦਿਲਚਸਪੀ ਨਾਲ ਦੇਖਿਆ ਅਤੇ ਜਰਨੈਲ ਸਿੰਘ ਆਰਟਿਸਟ ਦੀ ਕਲਾਤਮਿਕ ਪ੍ਰਤਿਭਾ ਨੂੰ ਨੇੜਿਓਂ ਮਹਿਸੂਸ ਕੀਤਾ। ਇਸੇ ਦੌਰਾਨ ਗੁਲਾਟੀ ਪਬਲਿਸ਼ਰਜ਼ ਲਿਮਿਟਿਡ, ਸਰੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਵਿੱਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨਾਲ ਸਬੰਧਤ ਵੱਖ-ਵੱਖ ਪੁਸਤਕਾਂ ਪ੍ਰਦਰਸ਼ਿਤ ਕੀਤੀਆਂ ਗਈਆਂ।

ਅੰਤ ਵਿੱਚ ਵੈਨਕੂਵਰ ਵਿਚਾਰ ਮੰਚ ਦੇ ਬੁਲਾਰੇ ਹਰਦਮ ਮਾਨ ਨੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਬੁਲਾਰਿਆਂ, ਸਹਿਯੋਗੀਆਂ, ਕਲਾ ਅਤੇ ਸਾਹਿਤ ਨਾਲ ਜੁੜੀਆਂ ਸ਼ਖ਼ਸੀਅਤਾਂ, ਜਰਨੈਲ ਸਿੰਘ ਆਰਟਿਸਟ ਦੇ ਪਰਿਵਾਰਕ ਮੈਂਬਰਾਂ, ਪ੍ਰਸ਼ੰਸਕਾਂ ਅਤੇ ਸਮਾਗਮ ਦੀ ਸਫ਼ਲਤਾ ਲਈ ਸਹਿਯੋਗ ਦੇਣ ਵਾਲੇ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਿਮਰਤੀ ਗ੍ਰੰਥ ਦੀ ਤਿਆਰੀ ਅਤੇ ਸਮਾਗਮ ਦੇ ਪ੍ਰਬੰਧਾਂ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਵੀ ਧੰਨਵਾਦ ਕੀਤਾ।

# ਸਰੀ ਵਿੱਚ ਸਜਿਆ 'ਪੰਜਾਬੀ ਵਿਲੇਜ' ਪੰਜਾਬੀ ਵਿਰਸੇ ਦੇ ਰੰਗਾਂ ਨੇ ਲੁੱਟੀ ਮਹਿਫ਼ਲ

## ਮੇਅਰ ਬਰਿੰਡਾ ਲੌਕ ਨੇ ਮੁਟਿਆਰਾਂ ਨਾਲ ਗਿੱਧਾ ਪਾ ਕੇ ਖੂਬ ਆਨੰਦ ਮਾਣਿਆ






**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ )** ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਪੁਰਾਤਨ ਪੇਂਡੂ ਜੀਵਨ ਦੀ ਝਲਕ ਪੇਸ਼ ਕਰਦਾ 'ਪੰਜਾਬੀ ਵਿਲੇਜ ਹੈਰੀਟੇਜ ਫੈਸਟੀਵਲ' ਅੱਜ 7 ਸਤੰਬਰ ਨੂੰ 4915 ਰੇਲਵੇ ਰੋਡ, ਸਰੀ ਵਿਖੇ ਬੜੇ ਉਤਸ਼ਾਹ ਅਤੇ ਚਾਵਾਂ ਨਾਲ ਕਰਵਾਇਆ ਗਿਆ। ਨਵਲਪ੍ਰੀਤ ਰੰਗੀ, ਹਰਜੀਤ ਕੌਰ ਤੇ ਮੀਨੂ ਦੀ ਸਮੁੱਚੀ ਟੀਮ ਵੱਲੋਂ ਕਰਵਾਏ ਗਏ ਇਸ ਵਿਲੱਖਣ ਮੇਲੇ ਵਿੱਚ ਪੰਜਾਬ ਦੇ ਪੁਰਾਤਨ ਪਿੰਡਾਂ ਦੀ ਝਲਕ ਨੂੰ ਵਿਦੇਸ਼ੀ ਧਰਤੀ 'ਤੇ ਬੇਹੱਦ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ।

ਮੇਲੇ ਵਿੱਚ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਮੇਲੇ ਦੇ ਪ੍ਰਬੰਧਕਾਂ ਤੇ ਪੰਜਾਬੀ ਭਾਈਚਾਰੇ ਨਾਲ ਆਪਣੀ ਸਾਂਝ ਸਾਂਝੀ ਕੀਤੀ। ਇਸ ਤੋਂ ਇਲਾਵਾ ਪੂਰੇ ਸਮਾਗਮ ਦੌਰਾਨ ਰਾਜਨੀਤਿਕ ਅਤੇ ਸਮਾਜਿਕ ਖੇਤਰ ਨਾਲ ਸਬੰਧਤ ਸ਼ਖ਼ਸੀਅਤਾਂ ਦਾ ਆਉਣਾ-ਜਾਣਾ ਬਣਿਆ ਰਿਹਾ।

ਕੰਜ਼ਰਵੇਟਿਵ ਪਾਰਟੀ ਵੱਲੋਂ ਸਰੀ ਤੋਂ ਮੇਅਰ ਦੀ ਚੋਣ ਲੜ ਰਹੇ ਹੋਨਵੀਰ ਰੰਧਾਵਾ ਵੀ ਆਪਣੀ ਸਮੁੱਚੀ ਟੀਮ ਸਮੇਤ ਮੇਲੇ ਵਿੱਚ ਪਹੁੰਚੇ। ਉਨ੍ਹਾਂ ਦੇ ਨਾਲ ਕੌਂਸਲਰ ਉਮੀਦਵਾਰ ਰੱਕੀ ਬਾਜਵਾ ਵੀ ਮੌਜੂਦ ਸਨ। ਵੱਖ-ਵੱਖ ਭਾਈਚਾਰਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਦੀ ਮੌਜੂਦਗੀ ਕਾਰਨ ਮੇਲੇ ਵਿੱਚ ਪੂਰਾ ਦਿਨ ਰੌਣਕ ਬਣੀ ਰਹੀ।

ਮੇਲੇ ਦੌਰਾਨ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਰੰਗਤਾਂ ਦੇਖਣ ਨੂੰ ਮਿਲੀਆਂ। ਭੰਗੜਾ ਅਤੇ ਗਿੱਧਾ ਪ੍ਰਦਰਸ਼ਨ, ਟਰੈਕਟਰ ਪਰੇਡ, ਪਿੰਡਾਂ ਦੀਆਂ ਰਵਾਇਤੀ ਖੇਡਾਂ, ਪੰਜਾਬੀ ਖਾਣੇ, ਤਾਜ਼ਾ ਖੇਤੀਬਾੜੀ ਉਤਪਾਦ, ਕਾਰੀਗਰਾਂ ਦੇ ਸਟਾਲ, ਕ੍ਰਾਫਟਸ ਅਤੇ ਸਥਾਨਕ ਵਿਕਰੇਤਾਵਾਂ ਨੇ ਮੇਲੇ ਦੀ ਖੂਬਸੂਰਤੀ ਨੂੰ ਹੋਰ ਵਧਾ ਦਿੱਤਾ। ਬੱਚਿਆਂ ਲਈ ਵਿਸ਼ੇਸ਼ ਕਿਡਜ਼ ਜ਼ੋਨ ਅਤੇ ਮਨੋਰੰਜਕ ਗਤੀਵਿਧੀਆਂ ਵੀ ਖਿੱਚ ਦਾ ਕੇਂਦਰ ਰਹੀਆਂ।

ਮੇਲੇ ਵਿੱਚ ਪੰਜਾਬੀ ਸੰਗੀਤ ਜਗਤ ਦੇ ਪ੍ਰਸਿੱਧ ਕਲਾਕਾਰਾਂ ਨੇ ਆਪਣੀ ਕਲਾ ਦਾ ਮੁਜ਼ਾਹਰਾ ਕਰਦਿਆਂ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਮਹਾਨ ਪੰਜਾਬੀ ਗਾਇਕ ਯਮਲਾ ਜੱਟ ਦੇ ਪੋਤੇ ਵਿਜੇ ਯਮਲਾ ਨੇ ਆਪਣੇ ਦਾਦਾ ਜੀ ਦੇ ਪ੍ਰਸਿੱਧ ਗੀਤ ਗਾ ਕੇ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਦੀ ਪੇਸ਼ਕਾਰੀ ਦੌਰਾਨ ਦਰਸ਼ਕਾਂ ਨੇ ਖੂਬ ਤਾੜੀਆਂ ਵਜਾਈਆਂ ਅਤੇ ਪੰਜਾਬ ਦੇ ਪੁਰਾਣੇ ਲੋਕ-ਸੰਗੀਤ ਦੀਆਂ ਯਾਦਾਂ ਤਾਜ਼ਾ ਹੋ ਗਈਆਂ।

ਇਸੇ ਤਰ੍ਹਾਂ ਚਮਕੌਰ ਸਿੰਘ ਖਟੜਾ ਅਤੇ ਨਵਦੀਪ ਗਿੱਲ ਨੇ ਹਰਭਜਨ ਮਾਨ ਦੇ ਪ੍ਰਸਿੱਧ ਗੀਤ 'ਜੱਗ ਜੰਕਸ਼ਨ ਰੇਲਾਂ ਦਾ' ਦੀ ਪੇਸ਼ਕਾਰੀ ਕਰਕੇ ਮੇਲੇ ਵਿੱਚ ਖੂਬ ਰੰਗ ਬੰਨ੍ਹਿਆ ਅਤੇ ਦਰਸ਼ਕਾਂ ਤੋਂ ਵਾਹ-ਵਾਹ ਖੱਟੀ।

ਇਸ ਤੋਂ ਇਲਾਵਾ ਕੌਰ ਮਨਦੀਪ ਨੇ ਆਪਣੀ ਬੇਟੀ ਨਾਲ ਗੀਤਾਂ ਅਤੇ ਬੋਲੀਆਂ ਦੀ ਪੇਸ਼ਕਾਰੀ ਕਰਕੇ ਮੇਲੇ ਵਿੱਚ ਪਹੁੰਚੀਆਂ ਮੁਟਿਆਰਾਂ ਅਤੇ ਔਰਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਪੰਜਾਬੀ ਬੋਲੀਆਂ ਅਤੇ ਲੋਕ-ਗੀਤਾਂ ਨਾਲ ਮੇਲੇ ਦਾ ਮਾਹੌਲ ਪੂਰੀ ਤਰ੍ਹਾਂ ਪੰਜਾਬ ਦੇ ਪਿੰਡਾਂ ਵਰਗਾ ਬਣ ਗਿਆ।

ਮੇਲੇ ਵਿੱਚ ਸ਼ਾਮਲ ਹੋਏ ਹੋਰ ਕਈ ਗਾਇਕਾਂ ਅਤੇ ਕਲਾਕਾਰਾਂ ਨੇ ਵੀ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ। ਲਾਈਵ ਮਿਊਜ਼ਿਕ, ਸੱਭਿਆਚਾਰਕ ਪ੍ਰੋਗਰਾਮਾਂ ਅਤੇ ਲੋਕ-ਰੰਗਾਂ ਨੇ ਮੇਲੇ ਨੂੰ ਯਾਦਗਾਰੀ ਬਣਾ ਦਿੱਤਾ।

'ਪੰਜਾਬੀ ਵਿਲੇਜ ਹੈਰੀਟੇਜ ਫੈਸਟੀਵਲ' ਨੇ ਜਿੱਥੇ ਪੰਜਾਬੀ ਭਾਈਚਾਰੇ ਨੂੰ ਆਪਣੀਆਂ ਜੜ੍ਹਾਂ ਅਤੇ ਪੁਰਾਤਨ ਵਿਰਸੇ ਨਾਲ ਜੋੜਿਆ, ਉੱਥੇ ਨਵੀਂ ਪੀੜ੍ਹੀ ਨੂੰ ਵੀ ਪੰਜਾਬ ਦੇ ਪੇਂਡੂ ਸੱਭਿਆਚਾਰ, ਲੋਕ-ਖੇਡਾਂ, ਲੋਕ-ਸੰਗੀਤ ਅਤੇ ਰਵਾਇਤੀ ਜੀਵਨ ਬਾਰੇ ਜਾਣੂ ਕਰਵਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ। ਮੇਲੇ ਦੌਰਾਨ ਸੱਭਿਆਚਾਰ, ਭਾਈਚਾਰਕ ਸਾਂਝ ਅਤੇ ਖੁਸ਼ੀਆਂ ਦਾ ਅਜਿਹਾ ਸੁਮੇਲ ਦੇਖਣ ਨੂੰ ਮਿਲਿਆ ਕਿ 'ਪੰਜਾਬੀ ਵਿਲੇਜ' ਸਰੀ ਵਿੱਚ ਪੰਜਾਬ ਦਾ ਨਿੱਕਾ ਜਿਹਾ ਪਿੰਡ ਬਣ ਕੇ ਵੱਸਿਆ ਨਜ਼ਰ ਆਇਆ।

# ਗ਼ਜ਼ਲ ਮੰਚ ਸਰੀ ਵੱਲੋਂ ਸਾਲਾਨਾ 'ਸ਼ਾਇਰਾਨਾ ਸ਼ਾਮ 2026' 19 ਸਤੰਬਰ ਨੂੰ




**ਸਰੀ, ( ਹਰਦਮ ਮਾਨ )** 2026- ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬੀ ਸ਼ਾਇਰੀ ਨੂੰ ਸਮਰਪਿਤ ਸਾਲਾਨਾ 'ਸ਼ਾਇਰਾਨਾ ਸ਼ਾਮ 2026' 19 ਸਤੰਬਰ, ਦਿਨ ਸ਼ਨੀਵਾਰ ਨੂੰ ਸਰੀ ਆਰਟਸ ਸੈਂਟਰ ਵਿਖੇ ਕਰਵਾਈ ਜਾ ਰਹੀ ਹੈ। ਇਸ ਮੌਕੇ ਵਿਸ਼ੇਸ਼ ਕਵੀ ਦਰਬਾਰ ਕਰਵਾਇਆ ਜਾਵੇਗਾ, ਜਿਸ ਵਿੱਚ ਕੈਨੇਡਾ ਅਤੇ ਅਮਰੀਕਾ ਦੇ ਪ੍ਰਸਿੱਧ ਸ਼ਾਇਰ ਆਪਣਾ ਕਲਾਮ ਪੇਸ਼ ਕਰਨਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗ਼ਜ਼ਲ ਮੰਚ ਸਰੀ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਕਿ 'ਸ਼ਾਇਰਾਨਾ ਸ਼ਾਮ' ਦਾ ਮਕਸਦ ਵਧੀਆ ਪੰਜਾਬੀ ਸ਼ਾਇਰੀ ਨੂੰ ਸਾਹਿਤ ਪ੍ਰੇਮੀਆਂ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਵਿੱਚ ਵੱਸਦੇ ਨਾਮਵਰ ਸ਼ਾਇਰਾਂ ਦੀ ਸ਼ਮੂਲੀਅਤ ਨਾਲ ਹੋਣ ਵਾਲਾ ਇਹ ਕਵੀ ਦਰਬਾਰ ਸਰੋਤਿਆਂ ਲਈ ਯਾਦਗਾਰੀ ਸਾਹਿਤਕ ਅਨੁਭਵ ਹੋਵੇਗਾ।

ਇਸ ਸ਼ਾਮ ਦੌਰਾਨ ਲਖਵਿੰਦਰ ਕੌਰ ਲੱਕੀ, ਸੁਮਨ ਤਾਰਿਕ, ਸੁਖਜੀਤ ਹੁੰਦਲ, ਭੁਪਿੰਦਰ ਦੂਲੇ, ਕੁਲਵਿੰਦਰ, ਕੁਲਵਿੰਦਰ ਖਹਿਰਾ, ਪ੍ਰੀਤ ਮਨਪ੍ਰੀਤ, ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫਿਰੋਜ਼, ਹਰਦਮ ਮਾਨ, ਜਸਵਿੰਦਰ, ਅਫ਼ਜ਼ਲ ਬਸ਼ੀਰ ਬਾਜਵਾ, ਗੁਰਮੀਤ ਸਿੱਧੂ, ਨੂਰ ਬੱਲ, ਬਲਦੇਵ ਸੀਹਰਾ, ਮਨਜੀਤ ਕੰਗ, ਇੰਦਰਜੀਤ ਧਾਮੀ, ਨਰਿੰਦਰ ਭਾਗੀ ਅਤੇ ਮਹਿੰਦਰਪਾਲ ਸਿੰਘ ਪਾਲ ਆਪਣੀਆਂ ਖੂਬਸੂਰਤ ਰਚਨਾਵਾਂ ਨਾਲ ਪੇਸ਼ ਹੋਣਗੇ।

ਦਵਿੰਦਰ ਗੌਤਮ ਨੇ ਦੱਸਿਆ ਕਿ ਇਹ ਪ੍ਰੋਗਰਾਮ ਸ਼ਾਮ 3 ਵਜੇ ਤੋਂ ਸ਼ਾਮ 7 ਵਜੇ ਤੱਕ ਸਰੀ ਆਰਟਸ ਸੈਂਟਰ, 13750-88 ਐਵੇਨਿਊ, ਸਰੀ ਵਿਖੇ ਹੋਵੇਗਾ। ਉਨ੍ਹਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸ਼ਾਇਰਾਨਾ ਸ਼ਾਮ ਵਿੱਚ ਸ਼ਾਮਲ ਹੋ ਕੇ ਪੰਜਾਬੀ ਸ਼ਾਇਰੀ ਦੇ ਇਸ ਖ਼ੂਬਸੂਰਤ ਸ਼ਾਮ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ।

# ਬੀ.ਸੀ. ਵਿੱਚ ਨਵੇਂ ਸਕੂਲੀ ਸਾਲ ਦੀ ਸ਼ੁਰੂਆਤ: ਵਿਦਿਆਰਥੀਆਂ ਦੀ ਸੁਰੱਖਿਆ, ਮਾਨਸਿਕ ਸਿਹਤ ਤੇ ਭਲਾਈ 'ਤੇ ਜ਼ੋਰ

## ਨਵੇਂ ਸਕੂਲੀ ਸਾਲ ਦੀ ਸ਼ੁਰੂਆਤ 'ਤੇ ਵਿਦਿਆਰਥੀਆਂ ਦੇ ਰੂਬਰੂ ਹੋਏ ਜਗਰੂਪ ਸਿੰਘ ਬਰਾੜ





**ਫਲੀਟਵੁੱਡ, ਸਰੀ (ਮਹੇਸ਼ਇੰਦਰ ਸਿੰਘ ਮਾਂਗਟ)** ਬੀ.ਸੀ. ਭਰ ਵਿੱਚ ਵਿਦਿਆਰਥੀ 8 ਸਤੰਬਰ ਤੋ ਨਵੇਂ ਸਕੂਲੀ ਸਾਲ ਦੀ ਸ਼ੁਰੂਆਤ ਕਰ ਰਹੇ ਹਨ। ਇਸ ਮੌਕੇ ਫਲੀਟਵੁੱਡ-ਸਰੀ ਤੋਂ ਐਮ.ਐਲ.ਏ. ਜਗਰੂਪ ਸਿੰਘ ਬਰਾੜ ਬੀਤੇ ਦਿਨੀਂ ਫਲੀਟਵੁੱਡ ਪਾਰਕ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ, ਸਰੀ ਵਿਖੇ ਪਹੁੰਚੇ ਅਤੇ ਨਵੇਂ ਸਕੂਲੀ ਸਾਲ ਦੀ ਸ਼ੁਰੂਆਤ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਐਮ.ਐਲ.ਏ. ਜਗਰੂਪ ਸਿੰਘ ਬਰਾੜ ਨੇ ਵਿਦਿਆਰਥੀਆਂ ਦੇ ਰੂਬਰੂ ਹੋ ਕੇ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਨਵੇਂ ਸਕੂਲੀ ਸਾਲ ਸਬੰਧੀ ਉਨ੍ਹਾਂ ਦੇ ਵਿਚਾਰ ਵੀ ਸੁਣੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਵੇਂ ਸਾਲ ਲਈ ਸ਼ੁਭਕਾਮਨਾਵਾਂ ਦਿੰਦਿਆਂ ਪੜ੍ਹਾਈ ਦੇ ਨਾਲ-ਨਾਲ ਸਕੂਲ ਵਿੱਚ ਇੱਕ-ਦੂਜੇ ਨਾਲ ਪਿਆਰ, ਸਤਿਕਾਰ ਅਤੇ ਸਹਿਯੋਗ ਨਾਲ ਰਹਿਣ ਦਾ ਸੰਦੇਸ਼ ਦਿੱਤਾ।

ਇਸ ਮੌਕੇ ਵਿਦਿਆਰਥੀਆਂ, ਪਰਿਵਾਰਾਂ, ਅਧਿਆਪਕਾਂ ਅਤੇ ਸਕੂਲ ਸਟਾਫ਼ ਨੂੰ ਨਵੇਂ ਅਕਾਦਮਿਕ ਸਾਲ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਗਿਆ ਕਿ ਹਰ ਬੱਚਾ ਆਪਣੇ ਸਕੂਲੀ ਭਾਈਚਾਰੇ ਵਿੱਚ ਆਪਣੇ ਆਪ ਨੂੰ ਸੁਰੱਖਿਅਤ, ਸਵਾਗਤਯੋਗ, ਸ਼ਾਮਿਲ ਅਤੇ ਸਹਿਯੋਗ ਪ੍ਰਾਪਤ ਕਰਨ ਵਾਲਾ ਮਹਿਸੂਸ ਕਰੇ। ਸੁਰੱਖਿਅਤ ਸਕੂਲਾਂ ਦੀ ਸਿਰਜਣਾ ਲਈ ਮਾਨਸਿਕ ਸਿਹਤ ਅਤੇ ਐਂਟੀ-ਬੁਲਿੰਗ ਪਹਿਲਕਦਮੀਆਂ ਨੂੰ ਮਜ਼ਬੂਤ ਕਰਨਾ, ਪਰਿਵਾਰਾਂ ਅਤੇ ਨੌਜਵਾਨਾਂ ਨੂੰ ਡਿਜੀਟਲ ਸਾਖਰਤਾ ਅਤੇ ਆਨਲਾਈਨ ਸੁਰੱਖਿਆ ਸਬੰਧੀ ਹੁਨਰ ਪ੍ਰਦਾਨ ਕਰਨਾ ਵੀ ਬੇਹੱਦ ਜ਼ਰੂਰੀ ਦੱਸਿਆ ਗਿਆ।

ਇਸ ਤੋਂ ਇਲਾਵਾ ਸਕੂਲਾਂ ਦੇ ਆਲੇ-ਦੁਆਲੇ ਸੁਰੱਖਿਆ ਜ਼ੋਨ ਕਾਇਮ ਰੱਖਣ ਅਤੇ ਐਮਰਜੈਂਸੀ ਤੇ ਸੁਰੱਖਿਆ ਸਬੰਧੀ ਮਜ਼ਬੂਤ ਯੋਜਨਾਬੰਦੀ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ ਗਿਆ।

ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਗਿਆ ਕਿ ਖ਼ਾਸ ਕਰਕੇ ਜਿਹੜੇ ਬੱਚੇ ਨਵੀਂ ਜਮਾਤ ਜਾਂ ਨਵੇਂ ਸਕੂਲ ਵਿੱਚ ਦਾਖ਼ਲ ਹੋ ਰਹੇ ਹਨ, ਉਹ ਆਪਣੇ ਆਪ 'ਤੇ ਭਰੋਸਾ ਰੱਖਣ, ਦੂਜਿਆਂ ਨਾਲ ਹਮੇਸ਼ਾ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਣ ਅਤੇ ਲੋੜ ਪੈਣ 'ਤੇ ਮਦਦ ਮੰਗਣ ਤੋਂ ਨਾ ਝਿਜਕਣ।

ਨਵੇਂ ਸਕੂਲੀ ਸਾਲ ਮੌਕੇ ਸਾਰੇ ਵਿਦਿਆਰਥੀਆਂ, ਪਰਿਵਾਰਾਂ, ਅਧਿਆਪਕਾਂ ਅਤੇ ਸਕੂਲ ਸਟਾਫ਼ ਲਈ ਸੁਰੱਖਿਅਤ, ਸਫ਼ਲ ਅਤੇ ਖੁਸ਼ਹਾਲ ਸਾਲ ਦੀ ਕਾਮਨਾ ਕੀਤੀ ਗਈ।



# ਸੰਪਾਦਕੀ

## ਪਿਘਲਦੇ ਗਲੇਸ਼ੀਅਰ ਪ੍ਰਕਿਰਤੀ ਲਈ ਚੇਤਾਵਨੀ

ਆਈ ਆਈ ਟੀ ਮੰਡੀ ਦੇ ਇੱਕ ਅਧਿਐਨ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਦੀਆਂ ਤੇਜ਼ੀ ਨਾਲ ਫੈਲ ਰਹੀਆਂ ਨੌਂ ਗਲੇਸ਼ੀਅਰ ਝੀਲਾਂ ਦੀ ਪਛਾਣ ਕੀਤੀ ਗਈ ਹੈ, ਨੂੰ ਮੌਸਮੀ ਤਬਦੀਲੀ ਦਾ ਮਹਿਜ਼ ਇੱਕ ਹੋਰ ਅੰਕੜਾ ਸਮਝਣ ਦੀ ਬਜਾਏ ਇੱਕ ਗੰਭੀਰ ਚਿਤਾਵਨੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਇਸ ਅਧਿਐਨ ਮੁਤਾਬਿਕ ਸਾਲ 2025 ਵਿੱਚ 3,500 ਮੀਟਰ ਦੀ ਉਚਾਈ ਤੋਂ ਉੱਪਰ 2,076 ਗਲੇਸ਼ੀਅਰ ਝੀਲਾਂ ਮੌਜੂਦ ਸਨ, ਜੋ ਕਿ ਇੱਕ ਦਹਾਕਾ ਪਹਿਲਾਂ ਨਾਲੋਂ ਲਗਪਗ 710 ਵੱਧ ਹਨ। ਇਸ ਦੇ ਨਾਲ ਹੀ ਇਨ੍ਹਾਂ ਦਾ ਕੁੱਲ ਰਕਬਾ 28.45 ਫ਼ੀਸਦੀ ਵਧ ਗਿਆ ਹੈ। ਖ਼ਤਰੇ ਦੀ ਜ਼ਦ ਵਿੱਚ ਆਉਂਦੇ ਇਨ੍ਹਾਂ ਇਲਾਕਿਆਂ ਵਿੱਚ 15 ਤੋਂ ਵੱਧ ਪੁਲਾਂ ਤੋਂ ਇਲਾਵਾ ਰਿਹਾਇਸ਼ੀ ਆਬਾਦੀ, ਸਿੱਖਿਆ ਅਤੇ ਸਿਹਤ ਸਹੂਲਤਾਂ ਵੀ ਆਉਂਦੀਆਂ ਹਨ। ਇਸ ਸਮੇਂ ਇਹ ਖ਼ਤਰਾ ਹੋਰ ਵੀ ਗੰਭੀਰ ਲੱਗ ਰਿਹਾ ਹੈ ਕਿਉਂਕਿ ਨੇਪਾਲ ਹਾਲੇ ਵੀ 26 ਅਗਸਤ ਨੂੰ ਇੱਕ ਗਲੇਸ਼ੀਅਰ ਟੁੱਟਣ ਕਾਰਨ ਆਈ ਤਬਾਹੀ ਦੇ ਜਾਨੀ-ਮਾਲੀ ਨੁਕਸਾਨ ਤੋਂ ਉੱਭਰ ਰਿਹਾ ਹੈ। ਇਸ ਹਾਦਸੇ ਵਿੱਚ 1,300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਹਜ਼ਾਰਾਂ ਅਜੇ ਵੀ ਲਾਪਤਾ ਹਨ। ਪਾਣੀ, ਚਿੱਕੜ, ਬਰਫ਼ ਅਤੇ ਪੱਥਰਾਂ ਦਾ ਇੱਕ ਵਿਸ਼ਾਲ ਹੜ੍ਹ ਘਾਟੀਆਂ ਵਿਚਦੀ ਗੁਜ਼ਰਿਆ, ਜਿਸ ਨੇ ਇਸ ਇਲਾਕੇ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੱਤਾ ਅਤੇ ਪਣ-ਬਿਜਲੀ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਕਾਮੇ ਵੀ ਉੱਥੇ ਹੀ ਫਸ ਗਏ।

ਹਾਲਾਂਕਿ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਹਿਮਾਚਲ ਨੂੰ ਵੀ ਅਜਿਹੀ ਹੀ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ, ਪਰ ਨੇਪਾਲ ਦੀ ਇਹ ਤ੍ਰਾਸਦੀ ਦੱਸਦੀ ਹੈ ਕਿ ਉਚਾਈ 'ਤੇ ਵਾਪਰਨ ਵਾਲੀ ਕੋਈ ਘਟਨਾ ਦੇਖਦਿਆਂ-ਦੇਖਦਿਆਂ ਹੇਠਲੇ ਇਲਾਕਿਆਂ ਲਈ ਕਿਵੇਂ ਵੱਡੀ ਆਫ਼ਤ ਬਣ ਸਕਦੀ ਹੈ। ਲਗਾਤਾਰ ਗਰਮ ਹੋ ਰਹੇ ਹਿਮਾਲਿਆ ਵਿੱਚ ਗਲੇਸ਼ੀਅਰਾਂ ਦਾ ਪਿੱਛੇ ਹਟਣਾ, ਝੀਲਾਂ ਦਾ ਫੈਲਣਾ, ਪਿਘਲਦੀ ਬਰਫ਼, ਮਿੱਟੀ ਖਿਸਕਣਾ (ਲੈਂਡਸਲਾਈਡ) ਅਤੇ ਭਾਰੀ ਮੀਂਹ ਇਕੱਠੇ ਮਿਲ ਕੇ ਅਜਿਹੀ ਆਫ਼ਤ ਲਿਆ ਸਕਦੇ ਹਨ, ਜਿਸ ਦਾ ਅੰਦਾਜ਼ਾ ਰਵਾਇਤੀ ਆਫ਼ਤ ਪ੍ਰਬੰਧਨ ਨਹੀਂ ਲਗਾ ਸਕਦਾ। ਹਿਮਾਚਲ ਵਿੱਚ ਕਿਸੇ ਗਲੇਸ਼ੀਅਰ ਝੀਲ ਦੇ ਫਟਣ ਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਸੈਟੇਲਾਈਟ ਰਾਹੀਂ ਨਿਗਰਾਨੀ ਦੇ ਨਾਲ-ਨਾਲ ਜ਼ਮੀਨੀ ਪੱਧਰ 'ਤੇ ਪੜਤਾਲ, ਰੀਅਲ-ਟਾਈਮ ਅਰਲੀ-ਵਾਰਨਿੰਗ ਸਿਸਟਮ (ਅਗਾਊਂ ਚਿਤਾਵਨੀ ਪ੍ਰਣਾਲੀ) ਅਤੇ ਸਪੱਸ਼ਟ ਤੌਰ 'ਤੇ ਨਿਸ਼ਾਨਬੱਧ ਕੀਤੇ ਗਏ ਨਿਕਾਸੀ ਰਸਤੇ ਹੋਣੇ ਬਹੁਤ ਜ਼ਰੂਰੀ ਹਨ। ਹੇਠਲੇ ਇਲਾਕਿਆਂ ਵਿੱਚ ਵਸਦੇ ਲੋਕਾਂ ਨੂੰ ਨਿਯਮਿਤ ਤੌਰ 'ਤੇ ਮੌਕ-ਡਰਿੱਲਾਂ ਕਰਵਾਉਣ ਦੀ ਲੋੜ ਹੈ ਜਦੋਂਕਿ ਪੁਲਾਂ, ਪਣ-ਬਿਜਲੀ ਪ੍ਰੋਜੈਕਟਾਂ ਅਤੇ ਹੋਰ ਅਹਿਮ ਬੁਨਿਆਦੀ ਢਾਂਚੇ ਦੀ ਸੰਭਾਵੀ ਖ਼ਤਰਿਆਂ ਦੇ ਮੱਦੇਨਜ਼ਰ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਵਿਕਾਸ ਨੀਤੀਆਂ ਉੱਤੇ ਵੀ ਮੁੜ ਗ਼ੌਰ ਕਰਨ ਦੀ ਲੋੜ ਹੈ। ਪਹਾੜਾਂ ਦੇ ਨਾਜ਼ੁਕ ਅਤੇ ਉੱਚੇ ਇਲਾਕਿਆਂ ਵਿੱਚ ਸੜਕਾਂ, ਸੈਰ-ਸਪਾਟਾ ਅਤੇ ਉਸਾਰੀ ਦੇ ਕੰਮ ਇਸ ਤਰ੍ਹਾਂ ਯੋਜਨਾਬੱਧ ਨਹੀਂ ਕੀਤੇ ਜਾ ਸਕਦੇ ਜਿਵੇਂ ਪਹਾੜੀ ਵਾਤਾਵਰਣ ਹਮੇਸ਼ਾ ਲਈ ਸਥਿਰ ਹੋਵੇ। ਜਿੰਨਾ ਵੱਧ ਬੁਨਿਆਦੀ ਢਾਂਚਾ ਖ਼ਤਰੇ ਦੀ ਜ਼ਦ ਵਿੱਚ ਆਉਂਦੀਆਂ ਘਾਟੀਆਂ ਵਿੱਚ ਤਿਆਰ ਕੀਤਾ ਜਾਵੇਗਾ, ਕੁਦਰਤੀ ਆਫ਼ਤ ਆਉਣ ਦੀ ਸੂਰਤ ਵਿੱਚ ਜਾਨੀ ਨੁਕਸਾਨ ਦਾ ਖ਼ਤਰਾ ਵੀ ਓਨਾ ਹੀ ਵੱਧ ਹੋਵੇਗਾ। ਆਈ ਆਈ ਟੀ ਮੰਡੀ ਦੇ ਅਧਿਐਨ ਨੇ ਸੰਭਾਵੀ ਖ਼ਤਰੇ ਦੀ ਤਸਵੀਰ ਸਾਹਮਣੇ ਰੱਖ ਦਿੱਤੀ ਹੈ। ਇਸ ਲਈ ਹੁਣ ਅਗਲਾ ਕਦਮ ਫ਼ੌਰੀ ਅਤੇ ਠੋਸ ਕਾਰਵਾਈ ਦਾ ਹੋਣਾ ਚਾਹੀਦਾ ਹੈ।

# ਆਜ਼ਾਦੀ ਖੋਹਣ ਵਾਲੀ ਅਫ਼ਸਰਸ਼ਾਹੀ 'ਤੇ ਹਾਈ ਕੋਰਟ ਦੀ ਸਖ਼ਤ ਫਟਕਾਰ, ਸਰਕਾਰੀ ਤਾਕਤ ਦੀ ਦੁਰਵਰਤੋਂ ਬਾਰੇ ਉੱਠੇ ਗੰਭੀਰ ਸਵਾਲ

### ਵਿਦਿਆਰਥਣ ਨੂੰ 'ਰਾਸ਼ਟਰੀ ਸੁਰੱਖਿਆ ਕਾਨੂੰਨ' ਤਹਿਤ ਹਿਰਾਸਤ ਵਿੱਚ ਲੈਣ ਦੇ ਮਾਮਲੇ 'ਚ ਅਦਾਲਤ ਨੇ ਕਾਰਵਾਈ ਨੂੰ ਦੱਸਿਆ 'ਮਨਮਰਜ਼ੀ ਅਤੇ ਤਾਨਾਸ਼ਾਹੀ'; ਜ਼ਿੰਮੇਵਾਰ ਅਧਿਕਾਰੀਆਂ ਤੋਂ 5 ਲੱਖ ਰੁਪਏ ਮੁਆਵਜ਼ਾ ਵਸੂਲਣ ਦੇ ਹੁਕਮ



ਦਿੱਲੀ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਨੂੰ 'ਰਾਸ਼ਟਰੀ ਸੁਰੱਖਿਆ ਕਾਨੂੰਨ' ਤਹਿਤ ਹਿਰਾਸਤ ਵਿੱਚ ਲਏ ਜਾਣ ਦੇ ਮਾਮਲੇ ਵਿੱਚ ਅਲਾਹਾਬਾਦ ਹਾਈ ਕੋਰਟ ਵੱਲੋਂ ਉੱਤਰ ਪ੍ਰਦੇਸ਼ ਦੀ ਅਫ਼ਸਰਸ਼ਾਹੀ ਨੂੰ ਲਾਈ ਗਈ ਸਖ਼ਤ ਝਾੜ ਦੇਸ਼ ਭਰ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਲਈ ਇੱਕ ਗੰਭੀਰ ਚੇਤਾਵਨੀ ਵਜੋਂ ਦੇਖੀ ਜਾਣੀ ਚਾਹੀਦੀ ਹੈ। ਅਦਾਲਤ ਨੇ ਅਧਿਕਾਰੀਆਂ ਦੇ ਰਵੱਈਏ ਨੂੰ 'ਮਨਮਰਜ਼ੀ ਅਤੇ ਤਾਨਾਸ਼ਾਹੀ' ਕਰਾਰ ਦਿੰਦਿਆਂ ਚਿੰਤਾ ਜ਼ਾਹਰ ਕੀਤੀ ਕਿ ਜੇਕਰ ਸਰਕਾਰੀ ਤਾਕਤ ਦੀ ਇਸ ਤਰ੍ਹਾਂ ਵਰਤੋਂ ਜਾਰੀ ਰਹੀ ਤਾਂ ਇਹ ਉੱਤਰ ਪ੍ਰਦੇਸ਼ ਨੂੰ ਇੱਕ ਦਮਨਕਾਰੀ ਸਮਾਜ ਵੱਲ ਧੱਕ ਸਕਦੀ ਹੈ।

ਅਦਾਲਤ ਵੱਲੋਂ ਵਰਤੀ ਗਈ ਇਹ ਸਖ਼ਤ ਸ਼ਬਦਾਵਲੀ ਸਿਰਫ਼ ਟਿੱਪਣੀ ਤੱਕ ਸੀਮਿਤ ਨਹੀਂ ਹੈ, ਸਗੋਂ ਇਸ ਮਾਮਲੇ ਦੀ ਗੰਭੀਰਤਾ ਨੂੰ ਵੀ ਦਰਸਾਉਂਦੀ ਹੈ। ਕਿਸੇ ਵਿਅਕਤੀ ਦੀ ਆਜ਼ਾਦੀ ਨੂੰ ਕਾਨੂੰਨੀ ਪ੍ਰਕਿਰਿਆ ਤੋਂ ਹਟ ਕੇ ਖੋਹ ਲੈਣਾ ਲੋਕਤੰਤਰ ਅਤੇ ਕਾਨੂੰਨ ਦੇ ਰਾਜ ਦੇ ਬੁਨਿਆਦੀ ਸਿਧਾਂਤਾਂ ਨਾਲ ਜੁੜਿਆ ਮਾਮਲਾ ਹੈ। ਅਦਾਲਤ ਵੱਲੋਂ ਵਿਦਿਆਰਥਣ ਦੀ ਹਿਰਾਸਤ ਨੂੰ ਰੱਦ ਕਰਨ ਦੇ ਫ਼ੈਸਲੇ ਨੇ ਇਹ ਵੱਡਾ ਸਵਾਲ ਖੜ੍ਹਾ ਕੀਤਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਨੂੰ ਦਿੱਤੀਆਂ ਗਈਆਂ ਵਿਸ਼ੇਸ਼ ਸ਼ਕਤੀਆਂ ਦੀ ਵਰਤੋਂ ਕਿਹੜੀਆਂ ਹੱਦਾਂ ਅੰਦਰ ਕੀਤੀ ਜਾ ਰਹੀ ਹੈ।

**ਵਿਸ਼ੇਸ਼ ਕਾਨੂੰਨਾਂ ਦੀ ਵਰਤੋਂ ਲਈ ਠੋਸ ਆਧਾਰ ਜ਼ਰੂਰੀ**

ਕਿਸੇ ਵਿਅਕਤੀ ਨੂੰ ਬਿਨਾਂ ਮੁਕੱਦਮੇ ਤੋਂ ਪਹਿਲਾਂ ਹੀ ਹਿਰਾਸਤ ਵਿੱਚ ਲੈਣਾ ਇੱਕ ਬਹੁਤ ਹੀ ਅਸਾਧਾਰਨ ਕਦਮ ਹੈ। ਅਜਿਹੀ ਕਾਰਵਾਈ ਨੂੰ ਸਿਰਫ਼ ਉਸ ਸਥਿਤੀ ਵਿੱਚ ਜਾਇਜ਼ ਮੰਨਿਆ ਜਾ ਸਕਦਾ ਹੈ, ਜਦੋਂ ਇਸ ਗੱਲ ਦੇ ਪੱਕੇ ਅਤੇ ਭਰੋਸੇਯੋਗ ਸਬੂਤ ਮੌਜੂਦ ਹੋਣ ਕਿ ਸਬੰਧਤ ਵਿਅਕਤੀ ਅਮਨ-ਕਾਨੂੰਨ ਜਾਂ ਦੇਸ਼ ਦੀ ਸੁਰੱਖਿਆ ਲਈ ਅਸਲ ਅਤੇ ਗੰਭੀਰ ਖ਼ਤਰਾ ਪੈਦਾ ਕਰ ਰਿਹਾ ਹੈ।

ਅਜਿਹੇ ਵਿਸ਼ੇਸ਼ ਕਾਨੂੰਨਾਂ ਦਾ ਮਕਸਦ ਆਮ ਕਾਨੂੰਨੀ ਪ੍ਰਕਿਰਿਆ ਦੀ ਥਾਂ ਲੈਣਾ ਨਹੀਂ ਹੋ ਸਕਦਾ। ਨਾ ਹੀ ਇਨ੍ਹਾਂ ਨੂੰ ਸਰਕਾਰ ਦੀ ਆਲੋਚਨਾ ਕਰਨ ਵਾਲੀਆਂ ਆਵਾਜ਼ਾਂ, ਵਿਰੋਧ ਪ੍ਰਦਰਸ਼ਨਾਂ ਜਾਂ ਸਿਆਸੀ ਅਤੇ ਸਮਾਜਿਕ ਮਤਭੇਦਾਂ ਨੂੰ ਦਬਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਜੇਕਰ ਸਰਕਾਰੀ ਨੀਤੀਆਂ ਜਾਂ ਪ੍ਰਸ਼ਾਸਨਿਕ ਕਾਰਵਾਈਆਂ ਦੀ ਆਲੋਚਨਾ ਨੂੰ ਹੀ ਸੁਰੱਖਿਆ ਲਈ ਖ਼ਤਰਾ ਮੰਨ ਲਿਆ ਜਾਵੇ ਤਾਂ ਲੋਕਤੰਤਰ ਵਿੱਚ ਅਸਹਿਮਤੀ ਅਤੇ ਵਿਰੋਧ ਲਈ ਬਚੀ ਥਾਂ ਲਗਾਤਾਰ ਘਟਦੀ ਜਾਂਦੀ ਹੈ।

**ਵਿਦਿਆਰਥਣ ਨੂੰ ਹਿੰਸਾ ਨਾਲ ਜੋੜਨ ਵਾਲਾ ਠੋਸ ਸਬੂਤ ਨਹੀਂ ਮਿਲਿਆ**

ਇਸ ਮਾਮਲੇ ਵਿੱਚ ਅਦਾਲਤ ਨੂੰ ਅਜਿਹਾ ਕੋਈ ਠੋਸ ਸਬੂਤ ਨਹੀਂ ਮਿਲਿਆ ਜਿਸ ਦੇ ਆਧਾਰ 'ਤੇ ਵਿਦਿਆਰਥਣ ਨੂੰ ਹਿੰਸਾ ਜਾਂ ਦੰਗਿਆਂ ਨਾਲ ਜੋੜਿਆ ਜਾ ਸਕੇ। ਅਧਿਕਾਰੀ ਅਜਿਹਾ ਕੋਈ ਵੱਟਸਐਪ ਸੁਨੇਹਾ, ਵੀਡੀਓ ਜਾਂ ਹੋਰ ਸਬੂਤ ਵੀ ਪੇਸ਼ ਕਰਨ ਵਿੱਚ ਨਾਕਾਮ ਰਹੇ, ਜਿਸ ਤੋਂ ਇਹ ਸਾਬਤ ਹੋ ਸਕੇ ਕਿ ਵਿਦਿਆਰਥਣ ਨੇ ਦੰਗਿਆਂ, ਹਿੰਸਾ ਜਾਂ ਭੰਨ-ਤੋੜ ਨੂੰ ਉਕਸਾਇਆ ਸੀ।

ਇੱਥੇ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਦੇ ਸੰਵਿਧਾਨਕ ਹੱਕ ਅਤੇ ਹਿੰਸਾ ਭੜਕਾਉਣ ਵਿਚਲੇ ਫ਼ਰਕ ਨੂੰ ਸਮਝਣਾ ਵੀ ਬੇਹੱਦ ਜ਼ਰੂਰੀ ਹੈ। ਲੋਕਤੰਤਰ ਵਿੱਚ ਸਰਕਾਰ ਦੀਆਂ ਨੀਤੀਆਂ ਜਾਂ ਫ਼ੈਸਲਿਆਂ ਵਿਰੁੱਧ ਸ਼ਾਂਤਮਈ ਢੰਗ ਨਾਲ ਆਪਣੀ ਆਵਾਜ਼ ਉਠਾਉਣਾ ਅਤੇ ਕਿਸੇ ਨੂੰ ਹਿੰਸਾ ਲਈ ਉਕਸਾਉਣਾ ਇੱਕੋ ਗੱਲ ਨਹੀਂ ਹੈ। ਦੋਵਾਂ ਨੂੰ ਇੱਕੋ ਨਜ਼ਰੀਏ ਨਾਲ ਦੇਖਣਾ ਨਾਗਰਿਕ ਆਜ਼ਾਦੀਆਂ ਲਈ ਗੰਭੀਰ ਖ਼ਤਰਾ ਬਣ ਸਕਦਾ ਹੈ।

**ਪ੍ਰਸ਼ਾਸਨਿਕ ਰਿਕਾਰਡ 'ਤੇ ਵੀ ਅਦਾਲਤ ਨੇ ਉਠਾਏ ਸਵਾਲ**

ਇਸ ਮਾਮਲੇ ਵਿੱਚ ਸਿਰਫ਼ ਹਿਰਾਸਤ ਦੇ ਆਧਾਰਾਂ 'ਤੇ ਹੀ ਸਵਾਲ ਨਹੀਂ ਉਠੇ, ਸਗੋਂ ਪ੍ਰਸ਼ਾਸਨਿਕ ਕਾਰਵਾਈ ਦੇ ਢੰਗ ਨੂੰ ਲੈ ਕੇ ਵੀ ਅਦਾਲਤ ਨੇ ਗੰਭੀਰ ਟਿੱਪਣੀਆਂ ਕੀਤੀਆਂ। ਅਦਾਲਤ ਨੇ ਵਿਦਿਆਰਥਣ ਦੀ ਗ੍ਰਿਫ਼ਤਾਰੀ ਦੇ ਸਮੇਂ ਅਤੇ ਸਰਕਾਰੀ ਰਿਕਾਰਡ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਪਾਈਆਂ ਗਈਆਂ ਖ਼ਾਮੀਆਂ 'ਤੇ ਸਵਾਲ ਚੁੱਕੇ।

ਇਨ੍ਹਾਂ ਖ਼ਾਮੀਆਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਸਰਕਾਰੀ ਦਸਤਾਵੇਜ਼ ਅਤੇ ਰਿਕਾਰਡ ਘਟਨਾ ਵਾਪਰਨ ਤੋਂ ਬਾਅਦ ਕਾਹਲੀ ਵਿੱਚ ਤਿਆਰ ਕੀਤੇ ਗਏ ਹੋ ਸਕਦੇ ਹਨ। ਜੇਕਰ ਕਿਸੇ ਵਿਅਕਤੀ ਦੀ ਆਜ਼ਾਦੀ ਖੋਹਣ ਵਰਗੀ ਗੰਭੀਰ ਕਾਰਵਾਈ ਵਿੱਚ ਹੀ ਪ੍ਰਸ਼ਾਸਨਿਕ ਪ੍ਰਕਿਰਿਆ ਦੀ ਪਾਲਣਾ ਨਾ ਕੀਤੀ ਜਾਵੇ ਤਾਂ ਕਾਨੂੰਨ ਦੇ ਰਾਜ ਅਤੇ ਨਾਗਰਿਕ ਅਧਿਕਾਰਾਂ ਦੀ ਰੱਖਿਆ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੋਣੀਆਂ ਸੁਭਾਵਿਕ ਹਨ।

**ਜ਼ਿੰਮੇਵਾਰ ਅਧਿਕਾਰੀਆਂ ਤੋਂ 5 ਲੱਖ ਰੁਪਏ ਮੁਆਵਜ਼ਾ ਵਸੂਲਣ ਦੇ ਹੁਕਮ**

ਅਦਾਲਤ ਦਾ ਇਹ ਹੁਕਮ ਵੀ ਖ਼ਾਸ ਤੌਰ 'ਤੇ ਅਹਿਮ ਹੈ ਕਿ ਇਸ ਮਾਮਲੇ ਵਿੱਚ ਜ਼ਿੰਮੇਵਾਰ ਅਧਿਕਾਰੀਆਂ ਤੋਂ 5 ਲੱਖ ਰੁਪਏ ਦਾ ਮੁਆਵਜ਼ਾ ਵਸੂਲਿਆ ਜਾਵੇ। ਇਸ ਦੇ ਨਾਲ ਹੀ ਅਧਿਕਾਰੀਆਂ ਵਿਰੁੱਧ ਕੀਤੀ ਗਈ ਸਖ਼ਤ ਅਦਾਲਤੀ ਟਿੱਪਣੀ ਨੂੰ ਉਨ੍ਹਾਂ ਦੇ ਸੇਵਾ ਰਿਕਾਰਡ ਵਿੱਚ ਦਰਜ ਕਰਨ ਦਾ ਹੁਕਮ ਵੀ ਦਿੱਤਾ ਗਿਆ ਹੈ।

ਇਹ ਫ਼ੈਸਲਾ ਇਸ ਗੱਲ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਜਦੋਂ ਸਰਕਾਰੀ ਅਧਿਕਾਰੀ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦੇ ਹਨ ਤਾਂ ਜਵਾਬਦੇਹੀ ਸਿਰਫ਼ ਸਰਕਾਰੀ ਖ਼ਜ਼ਾਨੇ ਵੱਲੋਂ ਮੁਆਵਜ਼ਾ ਦੇਣ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ। ਜਿਹੜੇ ਅਧਿਕਾਰੀ ਨਿੱਜੀ ਤੌਰ 'ਤੇ ਸਰਕਾਰੀ ਤਾਕਤ ਦੀ ਗਲਤ ਵਰਤੋਂ ਲਈ ਜ਼ਿੰਮੇਵਾਰ ਪਾਏ ਜਾਂਦੇ ਹਨ, ਉਨ੍ਹਾਂ ਦੀ ਜਵਾਬਦੇਹੀ ਵੀ ਨਿਰਧਾਰਤ ਹੋਣੀ ਲਾਜ਼ਮੀ ਹੈ।

**ਸਰਕਾਰੀ ਤਾਕਤ ਅਧਿਕਾਰੀਆਂ ਦੀ ਨਿੱਜੀ ਮਲਕੀਅਤ ਨਹੀਂ**

ਸਰਕਾਰੀ ਅਧਿਕਾਰੀਆਂ ਨੂੰ ਮਿਲੀਆਂ ਸ਼ਕਤੀਆਂ ਉਨ੍ਹਾਂ ਦੀ ਨਿੱਜੀ ਮਲਕੀਅਤ ਨਹੀਂ ਹੁੰਦੀਆਂ। ਇਹ ਸ਼ਕਤੀਆਂ ਉਨ੍ਹਾਂ ਨੂੰ ਲੋਕ-ਹਿੱਤ ਵਿੱਚ ਅਤੇ ਕਾਨੂੰਨ ਦੇ ਦਾਇਰੇ ਅੰਦਰ ਕੰਮ ਕਰਨ ਲਈ ਦਿੱਤੀਆਂ ਜਾਂਦੀਆਂ ਹਨ। ਇਸ ਲਈ ਇਨ੍ਹਾਂ ਦੀ ਵਰਤੋਂ ਨਿੱਜੀ ਪਸੰਦ, ਰਾਜਨੀਤਿਕ ਸੁਵਿਧਾ ਜਾਂ ਕਿਸੇ ਖ਼ਾਸ ਵਿਚਾਰਧਾਰਾ ਦੇ ਆਧਾਰ 'ਤੇ ਨਹੀਂ ਕੀਤੀ ਜਾ ਸਕਦੀ।

ਇੱਕ ਲੋਕਤੰਤਰਿਕ ਪ੍ਰਣਾਲੀ ਵਿੱਚ ਅਧਿਕਾਰੀਆਂ ਦੀ ਸਭ ਤੋਂ ਵੱਡੀ ਵਫ਼ਾਦਾਰੀ ਕਿਸੇ ਸਰਕਾਰ, ਸਿਆਸੀ ਪਾਰਟੀ ਜਾਂ ਵਿਅਕਤੀ ਪ੍ਰਤੀ ਨਹੀਂ, ਸਗੋਂ ਸੰਵਿਧਾਨ ਅਤੇ ਕਾਨੂੰਨ ਪ੍ਰਤੀ ਹੋਣੀ ਚਾਹੀਦੀ ਹੈ। ਪ੍ਰਸ਼ਾਸਨ ਦਾ ਕੰਮ ਸਰਕਾਰ ਦੇ ਹੁਕਮਾਂ ਨੂੰ ਅੱਖਾਂ ਬੰਦ ਕਰਕੇ ਲਾਗੂ ਕਰਨਾ ਨਹੀਂ, ਬਲਕਿ ਹਰ ਕਾਰਵਾਈ ਨੂੰ ਕਾਨੂੰਨੀ ਅਤੇ ਸੰਵਿਧਾਨਕ ਹੱਦਾਂ ਵਿੱਚ ਰੱਖਣਾ ਵੀ ਹੈ।

**ਵਿਰੋਧ ਦੀ ਆਵਾਜ਼ ਨੂੰ ਖ਼ਤਰਾ ਸਮਝਣਾ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ**

ਲੋਕਤੰਤਰ ਵਿੱਚ ਸਰਕਾਰਾਂ ਨੂੰ ਰੌਲੇ-ਰੱਪੇ ਵਾਲੇ ਵਿਰੋਧ ਪ੍ਰਦਰਸ਼ਨਾਂ, ਤਿੱਖੀ ਆਲੋਚਨਾ ਅਤੇ ਅਸਹਿਮਤੀ ਵਾਲੀਆਂ ਆਵਾਜ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਲੋਕਤੰਤਰਿਕ ਪ੍ਰਣਾਲੀ ਦਾ ਸੁਭਾਵਿਕ ਹਿੱਸਾ ਹੈ। ਸਰਕਾਰ ਦੀ ਆਲੋਚਨਾ ਕਰਨਾ ਜਾਂ ਕਿਸੇ ਨੀਤੀ ਦਾ ਵਿਰੋਧ ਕਰਨਾ ਆਪਣੇ ਆਪ ਵਿੱਚ ਦੇਸ਼ ਜਾਂ ਸਰਕਾਰ ਵਿਰੁੱਧ ਸਾਜ਼ਿਸ਼ ਨਹੀਂ ਬਣ ਜਾਂਦਾ।

ਅਸਲ ਖ਼ਤਰਾ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਪ੍ਰਸ਼ਾਸਨ ਸਰਕਾਰ ਵਿਰੋਧੀ ਹਰ ਆਵਾਜ਼ ਜਾਂ ਮਤਭੇਦ ਨੂੰ ਸੁਰੱਖਿਆ ਲਈ ਖ਼ਤਰਾ ਸਮਝਣਾ ਸ਼ੁਰੂ ਕਰ ਦੇਵੇ। ਜੇਕਰ ਵਿਸ਼ੇਸ਼ ਕਾਨੂੰਨਾਂ ਅਤੇ ਪ੍ਰਸ਼ਾਸਨਿਕ ਤਾਕਤਾਂ ਦੀ ਵਰਤੋਂ ਅਸਹਿਮਤੀ ਨੂੰ ਦਬਾਉਣ ਲਈ ਹੋਣ ਲੱਗੇ ਤਾਂ ਇਸ ਨਾਲ ਸਿਰਫ਼ ਇੱਕ ਵਿਅਕਤੀ ਦੀ ਆਜ਼ਾਦੀ ਪ੍ਰਭਾਵਿਤ ਨਹੀਂ ਹੁੰਦੀ, ਸਗੋਂ ਪੂਰੇ ਲੋਕਤੰਤਰਿਕ ਢਾਂਚੇ ਵਿੱਚ ਡਰ ਦਾ ਮਾਹੌਲ ਪੈਦਾ ਹੋ ਸਕਦਾ ਹੈ।

ਅਲਾਹਾਬਾਦ ਹਾਈ ਕੋਰਟ ਦੀ ਇਹ ਸਖ਼ਤ ਟਿੱਪਣੀ ਇਸ ਲਈ ਮਹੱਤਵਪੂਰਨ ਹੈ ਕਿ ਇਹ ਸਿਰਫ਼ ਇੱਕ ਵਿਦਿਆਰਥਣ ਦੀ ਹਿਰਾਸਤ ਦਾ ਮਾਮਲਾ ਨਹੀਂ ਰਹਿੰਦਾ। ਇਹ ਸਰਕਾਰੀ ਤਾਕਤ ਦੀ ਵਰਤੋਂ, ਪ੍ਰਸ਼ਾਸਨਿਕ ਜਵਾਬਦੇਹੀ, ਨਾਗਰਿਕ ਆਜ਼ਾਦੀਆਂ ਅਤੇ ਕਾਨੂੰਨ ਦੇ ਰਾਜ ਨਾਲ ਜੁੜਿਆ ਵੱਡਾ ਸਵਾਲ ਬਣ ਜਾਂਦਾ ਹੈ। ਲੋਕਤੰਤਰ ਸਰਕਾਰਾਂ ਨੂੰ ਮਜ਼ਬੂਤ ਅਧਿਕਾਰ ਦਿੰਦਾ ਹੈ, ਪਰ ਇਨ੍ਹਾਂ ਅਧਿਕਾਰਾਂ ਦੇ ਨਾਲ ਉਨ੍ਹਾਂ ਦੀ ਜਵਾਬਦੇਹੀ ਵੀ ਉਨੀ ਹੀ ਜ਼ਰੂਰੀ ਹੈ।

# ਬ੍ਰਿਕਸ ਦਾ ਵਧਦਾ ਪ੍ਰਭਾਵ: ਗਲੋਬਲ ਸਾਊਥ ਦੀ ਆਵਾਜ਼ ਬਣਨ ਵੱਲ ਭਾਰਤ ਦੀ ਅਹਿਮ ਭੂਮਿਕਾ

### ਨਵੀਂ ਦਿੱਲੀ ਵਿੱਚ ਹੋਣ ਵਾਲੇ ਬ੍ਰਿਕਸ ਸੰਮੇਲਨ 'ਤੇ ਦੁਨੀਆ ਦੀ ਨਜ਼ਰ; ਵਿਕਾਸਸ਼ੀਲ ਦੇਸ਼ਾਂ ਦੇ ਹਿੱਤਾਂ, ਆਰਥਿਕ ਸਹਿਯੋਗ, ਸਥਾਨਕ ਮੁਦਰਾਵਾਂ, ਡਿਜੀਟਲ ਢਾਂਚੇ ਅਤੇ ਬਹੁ-ਧਰੁਵੀ ਵਿਸ਼ਵ ਪ੍ਰਬੰਧ ਨੂੰ ਲੈ ਕੇ ਭਾਰਤ ਦੀ ਸਰਗਰਮ ਪਹੁੰਚ

ਨਵੀਂ ਦਿੱਲੀ ਵਿੱਚ ਹਫ਼ਤੇ ਦੇ ਅੰਤ ਵਿੱਚ ਹੋਣ ਜਾ ਰਿਹਾ ਬ੍ਰਿਕਸ ਸੰਮੇਲਨ ਅਜਿਹੇ ਸਮੇਂ ਹੋ ਰਿਹਾ ਹੈ, ਜਦੋਂ ਦੁਨੀਆ ਭੂ-ਰਾਜਨੀਤਕ ਤਣਾਅ, ਦੋ ਵੱਡੇ ਯੁੱਧਾਂ ਦੇ ਪ੍ਰਭਾਵ, ਵਧ ਰਹੀ ਸੁਰੱਖਿਆਵਾਦੀ ਨੀਤੀ ਅਤੇ ਕੌਮਾਂਤਰੀ ਵਪਾਰ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਅਜਿਹੇ ਹਾਲਾਤ ਵਿੱਚ ਬ੍ਰਿਕਸ ਆਪਣੇ ਆਪ ਨੂੰ ਵਿਕਾਸਸ਼ੀਲ ਦੇਸ਼ਾਂ ਲਈ ਇੱਕ ਅਜਿਹੇ ਮੰਚ ਵਜੋਂ ਪੇਸ਼ ਕਰ ਰਿਹਾ ਹੈ, ਜਿੱਥੇ ਉਹ ਕੌਮਾਂਤਰੀ ਆਰਥਿਕ ਅਤੇ ਰਾਜਨੀਤਕ ਪ੍ਰਬੰਧ ਵਿੱਚ ਆਪਣੀ ਆਵਾਜ਼ ਹੋਰ ਮਜ਼ਬੂਤ ਕਰ ਸਕਣ।


ਬ੍ਰਿਕਸ ਦੀ ਸ਼ੁਰੂਆਤ ਕੁਝ ਉੱਭਰਦੀਆਂ ਅਰਥਵਿਵਸਥਾਵਾਂ ਦੇ ਸਮੂਹ ਵਜੋਂ ਹੋਈ ਸੀ, ਪਰ ਸਮੇਂ ਦੇ ਨਾਲ ਇਸ ਦਾ ਸਰੂਪ ਬਦਲਿਆ ਹੈ। ਮਿਸਰ, ਇਥੋਪੀਆ, ਇਰਾਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਦੇਸ਼ਾਂ ਦੇ ਸ਼ਾਮਲ ਹੋਣ ਨਾਲ ਇਸ ਦੀ ਭੂਗੋਲਿਕ ਅਤੇ ਆਰਥਿਕ ਪਹੁੰਚ ਹੋਰ ਵਧੀ ਹੈ। ਮੂਲ ਮੈਂਬਰਾਂ ਵਿੱਚ ਸ਼ਾਮਲ ਭਾਰਤ ਹੁਣ ਇਸ ਮੰਚ ਨੂੰ ਵਿਕਾਸਸ਼ੀਲ ਦੁਨੀਆ ਦੇ ਹਿੱਤਾਂ ਨੂੰ ਅੱਗੇ ਵਧਾਉਣ ਅਤੇ ਆਪਣੀ ਰਣਨੀਤਕ ਖ਼ੁਦਮੁਖ਼ਤਾਰੀ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਮੰਨਦਾ ਹੈ।

ਭਾਰਤ ਵੱਲੋਂ ਬ੍ਰਿਕਸ ਵਿੱਚ ਸ਼ੁਰੂ ਤੋਂ ਹੀ ਇੱਕ ਜ਼ਿੰਮੇਵਾਰ ਅਤੇ ਉਸਾਰੂ ਭੂਮਿਕਾ ਨਿਭਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੀ ਸਭ ਤੋਂ ਠੋਸ ਸੰਸਥਾਗਤ ਪ੍ਰਾਪਤੀਆਂ ਵਿੱਚੋਂ ਇੱਕ ਨਿਊ ਡਿਵੈਲਪਮੈਂਟ ਬੈਂਕ ਹੈ, ਜਿਸ ਦੀ ਸਥਾਪਨਾ 2014 ਵਿੱਚ ਸ਼ੰਘਾਈ ਵਿਖੇ ਕੀਤੀ ਗਈ ਸੀ। ਇਸ ਬੈਂਕ ਦੀ ਅਧਿਕਾਰਤ ਪੂੰਜੀ 100 ਅਰਬ ਡਾਲਰ ਹੈ ਅਤੇ ਇਸ ਦਾ ਮੁੱਖ ਉਦੇਸ਼ ਉੱਭਰਦੀਆਂ ਅਰਥਵਿਵਸਥਾਵਾਂ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਬੁਨਿਆਦੀ ਢਾਂਚੇ ਅਤੇ ਵਿਕਾਸ ਨਾਲ ਸਬੰਧਤ ਪ੍ਰੋਜੈਕਟਾਂ ਲਈ ਵਿੱਤੀ ਸਰੋਤ ਮੁਹੱਈਆ ਕਰਵਾਉਣਾ ਹੈ।

ਨਿਊ ਡਿਵੈਲਪਮੈਂਟ ਬੈਂਕ ਦੀ ਮਹੱਤਤਾ ਇਸ ਗੱਲ ਵਿੱਚ ਵੀ ਹੈ ਕਿ ਇਹ ਵਿਕਾਸਸ਼ੀਲ ਦੇਸ਼ਾਂ ਨੂੰ ਰਵਾਇਤੀ ਪੱਛਮੀ-ਪ੍ਰਭਾਵ ਵਾਲੀਆਂ ਵਿੱਤੀ ਸੰਸਥਾਵਾਂ ਤੋਂ ਇਲਾਵਾ ਇੱਕ ਹੋਰ ਵਿੱਤੀ ਵਿਕਲਪ ਪ੍ਰਦਾਨ ਕਰਦਾ ਹੈ। ਇਸ ਦੇ ਨਾਲ ਹੀ 2014 ਵਿੱਚ 100 ਅਰਬ ਡਾਲਰ ਦਾ ਕੰਟੀਜੈਂਟ ਰਿਜ਼ਰਵ ਅਰੇਂਜਮੈਂਟ ਵੀ ਸਥਾਪਤ ਕੀਤਾ ਗਿਆ ਸੀ। ਇਸ ਦਾ ਮਕਸਦ ਮੈਂਬਰ ਦੇਸ਼ਾਂ ਨੂੰ ਭੁਗਤਾਨ ਸੰਤੁਲਨ ਨਾਲ ਜੁੜੇ ਥੋੜ੍ਹੇ ਸਮੇਂ ਦੇ ਵਿੱਤੀ ਸੰਕਟਾਂ ਦੌਰਾਨ ਇੱਕ ਸੁਰੱਖਿਆ ਜਾਲ ਪ੍ਰਦਾਨ ਕਰਨਾ ਹੈ।

ਇਨ੍ਹਾਂ ਦੋਵਾਂ ਸੰਸਥਾਵਾਂ ਨਾਲ ਜੁੜਿਆ ਵਿਚਾਰ 2012 ਵਿੱਚ ਨਵੀਂ ਦਿੱਲੀ ਵਿੱਚ ਹੋਏ ਬ੍ਰਿਕਸ ਸੰਮੇਲਨ ਦੌਰਾਨ ਰਸਮੀ ਤੌਰ 'ਤੇ ਅੱਗੇ ਵਧਾਇਆ ਗਿਆ ਸੀ। ਭਾਰਤ ਨੇ ਕੰਟੀਜੈਂਟ ਰਿਜ਼ਰਵ ਅਰੇਂਜਮੈਂਟ ਵਿੱਚ 18 ਅਰਬ ਡਾਲਰ ਅਤੇ ਨਿਊ ਡਿਵੈਲਪਮੈਂਟ ਬੈਂਕ ਦੀ ਪੂੰਜੀ ਵਿੱਚ 10 ਅਰਬ ਡਾਲਰ ਦਾ ਯੋਗਦਾਨ ਪਾਇਆ ਸੀ।

**ਭਾਰਤ ਨੂੰ ਵੀ ਬ੍ਰਿਕਸ ਬੈਂਕ ਤੋਂ ਮਿਲਿਆ ਲਾਭ**




ਬ੍ਰਿਕਸ ਦੇ ਨਿਊ ਡਿਵੈਲਪਮੈਂਟ ਬੈਂਕ ਨੇ ਭਾਰਤ ਦੇ ਕਈ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਵਿੱਤੀ ਸਹਾਇਤਾ ਦਿੱਤੀ ਹੈ। ਦਿੱਲੀ-ਗਾਜ਼ੀਆਬਾਦ-ਮੇਰਠ ਰਿਜਨਲ ਰੈਪਿਡ ਟਰਾਂਜ਼ਿਟ ਸਿਸਟਮ ਇਸ ਦੀ ਇੱਕ ਪ੍ਰਮੁੱਖ ਉਦਾਹਰਨ ਹੈ। ਇਸ ਤੋਂ ਇਲਾਵਾ ਮੁੰਬਈ, ਲਖਨਊ, ਚੇਨੱਈ ਅਤੇ ਇੰਦੌਰ ਦੇ ਮੈਟਰੋ ਪ੍ਰੋਜੈਕਟਾਂ ਨੂੰ ਵੀ ਨਿਊ ਡਿਵੈਲਪਮੈਂਟ ਬੈਂਕ ਵੱਲੋਂ ਫੰਡਿੰਗ ਮਿਲੀ ਹੈ।

ਇਸ ਤਰ੍ਹਾਂ ਬ੍ਰਿਕਸ ਸਿਰਫ਼ ਇੱਕ ਰਾਜਨੀਤਕ ਜਾਂ ਬਿਆਨਬਾਜ਼ੀ ਵਾਲਾ ਮੰਚ ਨਹੀਂ ਰਹਿ ਗਿਆ, ਸਗੋਂ ਇਸ ਦੀਆਂ ਕੁਝ ਸੰਸਥਾਵਾਂ ਨੇ ਮੈਂਬਰ ਦੇਸ਼ਾਂ ਦੇ ਬੁਨਿਆਦੀ ਢਾਂਚੇ ਅਤੇ ਵਿਕਾਸ ਪ੍ਰੋਜੈਕਟਾਂ ਲਈ ਅਸਲ ਵਿੱਤੀ ਸਹਾਇਤਾ ਦੇਣੀ ਸ਼ੁਰੂ ਕੀਤੀ ਹੈ।

**ਪੁਲਾੜ ਅਤੇ ਤਕਨਾਲੋਜੀ ਵਿੱਚ ਵੀ ਸਹਿਯੋਗ**

ਭਾਰਤ ਨੇ ਬ੍ਰਿਕਸ ਦੇ ਮੰਚ ਦੀ ਵਰਤੋਂ ਨਵੀਂ ਤਕਨਾਲੋਜੀ ਅਤੇ ਪੁਲਾੜ ਖੇਤਰ ਵਿੱਚ ਸਹਿਯੋਗ ਵਧਾਉਣ ਲਈ ਵੀ ਕੀਤੀ ਹੈ। ਸਾਲ 2021 ਵਿੱਚ ਭਾਰਤ ਦੀ ਪ੍ਰਧਾਨਗੀ ਦੌਰਾਨ ਪੰਜ ਮੂਲ ਮੈਂਬਰ ਦੇਸ਼ਾਂ ਨੇ ਰਿਮੋਟ-ਸੈਂਸਿੰਗ ਸੈਟੇਲਾਈਟਾਂ ਦੀ ਇੱਕ ਵਰਚੁਅਲ ਕੰਸਟੇਲੇਸ਼ਨ ਬਣਾਉਣ ਲਈ ਸਹਿਯੋਗ ਸਮਝੌਤੇ 'ਤੇ ਹਸਤਾਖਰ ਕੀਤੇ ਸਨ।

ਇਸ ਸਹਿਯੋਗ ਦਾ ਉਦੇਸ਼ ਆਫ਼ਤ ਪ੍ਰਬੰਧਨ, ਜਲਵਾਯੂ ਨਿਗਰਾਨੀ ਅਤੇ ਵਾਤਾਵਰਣ ਸੁਰੱਖਿਆ ਵਰਗੇ ਖੇਤਰਾਂ ਵਿੱਚ ਸੈਟੇਲਾਈਟ ਡੇਟਾ ਨੂੰ ਸਾਂਝਾ ਕਰਨਾ ਹੈ। ਇਸ ਨਾਲ ਇਹ ਵੀ ਪਤਾ ਲੱਗਦਾ ਹੈ ਕਿ ਬ੍ਰਿਕਸ ਦਾ ਏਜੰਡਾ ਹੁਣ ਸਿਰਫ਼ ਵਪਾਰ ਅਤੇ ਆਰਥਿਕਤਾ ਤੱਕ ਸੀਮਤ ਨਹੀਂ ਰਿਹਾ।

**ਡਿਜੀਟਲ ਪਬਲਿਕ ਇਨਫਰਾਸਟਰੱਕਚਰ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼**

ਭਾਰਤ ਹੁਣ ਆਪਣੀ ਇੱਕ ਹੋਰ ਮਹੱਤਵਪੂਰਨ ਤਾਕਤ—ਡਿਜੀਟਲ ਪਬਲਿਕ ਇਨਫਰਾਸਟਰੱਕਚਰ (ਧਫੀ)—ਨੂੰ ਵੀ ਬ੍ਰਿਕਸ ਦੇ ਏਜੰਡੇ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਡਿਜੀਟਲ ਭੁਗਤਾਨ, ਡਿਜੀਟਲ ਸਿਹਤ ਅਤੇ ਹੋਰ ਜਨਤਕ ਡਿਜੀਟਲ ਸੇਵਾਵਾਂ ਦੇ ਖੇਤਰ ਵਿੱਚ ਭਾਰਤ ਦਾ ਤਜਰਬਾ ਹੋਰ ਵਿਕਾਸਸ਼ੀਲ ਦੇਸ਼ਾਂ ਲਈ ਵੀ ਲਾਭਦਾਇਕ ਹੋ ਸਕਦਾ ਹੈ।

ਭਾਰਤ ਵਿੱਚ ਡਿਜੀਟਲ ਭੁਗਤਾਨ ਪ੍ਰਣਾਲੀਆਂ ਦੇ ਤੇਜ਼ੀ ਨਾਲ ਵਿਸਥਾਰ ਨੇ ਇਸ ਖੇਤਰ ਵਿੱਚ ਦੇਸ਼ ਦੀ ਸਮਰੱਥਾ ਨੂੰ ਦੁਨੀਆ ਸਾਹਮਣੇ ਰੱਖਿਆ ਹੈ। ਇਸੇ ਸੰਦਰਭ ਵਿੱਚ ਇਸ ਸਾਲ ਜਨਵਰੀ ਵਿੱਚ ਭਾਰਤੀ ਰਿਜ਼ਰਵ ਬੈਂਕ ਵੱਲੋਂ ਬ੍ਰਿਕਸ ਦੇਸ਼ਾਂ ਦੀਆਂ ਸੈਂਟਰਲ ਬੈਂਕ ਡਿਜੀਟਲ ਕਰੰਸੀਆਂ ਨੂੰ ਆਪਸ ਵਿੱਚ ਜੋੜਨ ਦਾ ਸੁਝਾਅ ਦਿੱਤਾ ਗਿਆ ਸੀ।

ਜੇਕਰ ਅਜਿਹੀ ਪ੍ਰਣਾਲੀ ਨੂੰ ਅਮਲ ਵਿੱਚ ਲਿਆਂਦਾ ਜਾਂਦਾ ਹੈ ਤਾਂ ਬ੍ਰਿਕਸ ਦੇਸ਼ਾਂ ਵਿਚਕਾਰ ਸਰਹੱਦ ਪਾਰ ਵਪਾਰ ਅਤੇ ਸੈਰ-ਸਪਾਟੇ ਨਾਲ ਜੁੜੇ ਭੁਗਤਾਨ ਤੇਜ਼ ਅਤੇ ਸਸਤੇ ਹੋ ਸਕਦੇ ਹਨ। ਇਸ ਨਾਲ ਕੌਮਾਂਤਰੀ ਭੁਗਤਾਨਾਂ ਵਿੱਚ ਮੌਜੂਦਾ ਵਿੱਤੀ ਵਿਚੋਲਿਆਂ 'ਤੇ ਨਿਰਭਰਤਾ ਵੀ ਕੁਝ ਹੱਦ ਤੱਕ ਘੱਟ ਕੀਤੀ ਜਾ ਸਕਦੀ ਹੈ।

**ਅਤਿਵਾਦ ਵਿਰੋਧੀ ਸਹਿਯੋਗ ਵਿੱਚ ਵੀ ਭਾਰਤ ਦੀ ਭੂਮਿਕਾ**

ਚੀਨ ਅਤੇ ਰੂਸ ਨੇ ਇਤਿਹਾਸਕ ਤੌਰ 'ਤੇ ਬ੍ਰਿਕਸ ਨੂੰ ਮੁੱਖ ਤੌਰ 'ਤੇ ਆਰਥਿਕ ਅਤੇ ਭੂ-ਰਾਜਨੀਤਕ ਸੰਦਰਭ ਵਿੱਚ ਦੇਖਿਆ ਹੈ। ਖ਼ਾਸ ਤੌਰ 'ਤੇ ਜੀ-7 ਦੇ ਮੁਕਾਬਲੇ ਵਿਕਾਸਸ਼ੀਲ ਦੁਨੀਆ ਲਈ ਇੱਕ ਵੱਖਰਾ ਮੰਚ ਤਿਆਰ ਕਰਨਾ ਇਸ ਸਮੂਹ ਦੇ ਏਜੰਡੇ ਦਾ ਮਹੱਤਵਪੂਰਨ ਹਿੱਸਾ ਰਿਹਾ ਹੈ।

ਭਾਰਤ ਨੇ ਇਸ ਏਜੰਡੇ ਨੂੰ ਹੋਰ ਵਿਸ਼ਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਨੇ ਅਤਿਵਾਦ ਵਿਰੋਧੀ ਉਪਾਵਾਂ ਅਤੇ ਅੰਤਰਰਾਸ਼ਟਰੀ ਅਪਰਾਧਾਂ ਨਾਲ ਨਜਿੱਠਣ ਦੇ ਮੁੱਦਿਆਂ ਨੂੰ ਵੀ ਬ੍ਰਿਕਸ ਦੇ ਏਜੰਡੇ ਵਿੱਚ ਮਹੱਤਤਾ ਦਿਵਾਈ। 2021 ਵਿੱਚ ਭਾਰਤ ਦੀ ਪ੍ਰਧਾਨਗੀ ਦੌਰਾਨ ਬ੍ਰਿਕਸ ਕਾਊਂਟਰ ਟੈਰਰਿਜ਼ਮ ਐਕਸ਼ਨ ਪਲੈਨ ਅਪਣਾਇਆ ਗਿਆ ਸੀ। ਇਸ ਦਾ ਉਦੇਸ਼ ਅਤਿਵਾਦ ਵਿਰੁੱਧ ਸਾਂਝੀ ਸਿਆਸੀ ਵਚਨਬੱਧਤਾ ਨੂੰ ਹੋਰ ਵਿਵਸਥਿਤ ਅਤੇ ਕਾਰਗਰ ਸਹਿਯੋਗ ਵਿੱਚ ਬਦਲਣਾ ਸੀ।

**ਵਿਸ਼ਵ ਵਿੱਤੀ ਸੰਸਥਾਵਾਂ ਵਿੱਚ ਸੁਧਾਰ ਦੀ ਮੰਗ**

ਬ੍ਰਿਕਸ ਦੇ ਏਜੰਡੇ ਦਾ ਇੱਕ ਮਹੱਤਵਪੂਰਨ ਹਿੱਸਾ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਅਤੇ ਵਿਸ਼ਵ ਪ੍ਰਬੰਧ ਵਿੱਚ ਸੁਧਾਰ ਨਾਲ ਸਬੰਧਤ ਹੈ। ਮੈਂਬਰ ਦੇਸ਼ ਲੰਬੇ ਸਮੇਂ ਤੋਂ ਅੰਤਰਰਾਸ਼ਟਰੀ ਮੁਦਰਾ ਫੰਡ (ੀਢ) ਅਤੇ ਵਿਸ਼ਵ ਬੈਂਕ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਵਧੇਰੇ ਅਤੇ ਬਿਹਤਰ ਪ੍ਰਤੀਨਿਧਤਾ ਦੀ ਮੰਗ ਕਰਦੇ ਆ ਰਹੇ ਹਨ।

ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਵੀ ਸੁਧਾਰ ਦੀ ਮੰਗ ਕੀਤੀ ਜਾਂਦੀ ਰਹੀ ਹੈ। ਬ੍ਰਿਕਸ ਦੇਸ਼ਾਂ ਦਾ ਤਰਕ ਹੈ ਕਿ ਅੱਜ ਦੀ ਦੁਨੀਆ ਦੀ ਆਰਥਿਕ ਅਤੇ ਜਨਸੰਖਿਆਤਮਕ ਹਕੀਕਤ ਕਈ ਦਹਾਕੇ ਪਹਿਲਾਂ ਨਾਲੋਂ ਬਦਲ ਚੁੱਕੀ ਹੈ, ਇਸ ਲਈ ਕੌਮਾਂਤਰੀ ਸੰਸਥਾਵਾਂ ਵਿੱਚ ਵੀ ਮੌਜੂਦਾ ਤਾਕਤ ਦੇ ਸੰਤੁਲਨ ਨੂੰ ਦਰਸਾਉਣ ਵਾਲੇ ਸੁਧਾਰ ਹੋਣੇ ਚਾਹੀਦੇ ਹਨ।

**ਡਾਲਰ ਤੋਂ ਦੂਰੀ ਜਾਂ ਡੀ-ਡਾਲਰਾਈਜ਼ੇਸ਼ਨ?**

ਬ੍ਰਿਕਸ ਨਾਲ ਜੁੜੇ ਸਭ ਤੋਂ ਸੰਵੇਦਨਸ਼ੀਲ ਮੁੱਦਿਆਂ ਵਿੱਚੋਂ ਇੱਕ ਅੰਤਰਰਾਸ਼ਟਰੀ ਵਪਾਰ ਵਿੱਚ ਅਮਰੀਕੀ ਡਾਲਰ ਦੀ ਭੂਮਿਕਾ ਹੈ। ਕੁਝ ਬ੍ਰਿਕਸ ਦੇਸ਼ ਪੱਛਮੀ ਪਾਬੰਦੀਆਂ ਅਤੇ ਡਾਲਰ-ਕੇਂਦਰਿਤ ਵਿੱਤੀ ਪ੍ਰਬੰਧ 'ਤੇ ਆਪਣੀ ਨਿਰਭਰਤਾ ਘਟਾਉਣ ਦੇ ਰਾਹ ਲੱਭ ਰਹੇ ਹਨ।

ਹਾਲਾਂਕਿ, ਡੀ-ਡਾਲਰਾਈਜ਼ੇਸ਼ਨ ਅਤੇ ਨਵੀਂ ਸਾਂਝੀ ਵਿਸ਼ਵ ਮੁਦਰਾ ਬਣਾਉਣ ਵਿੱਚ ਵੱਡਾ ਫ਼ਰਕ ਹੈ। ਬ੍ਰਿਕਸ ਦੇਸ਼ਾਂ ਨੇ ਦੁਵੱਲੇ ਵਪਾਰ ਵਿੱਚ ਆਪਣੀਆਂ ਸਥਾਨਕ ਮੁਦਰਾਵਾਂ ਦੀ ਵਰਤੋਂ ਵਧਾਉਣ, ਸਰਹੱਦ ਪਾਰ ਭੁਗਤਾਨ ਪ੍ਰਣਾਲੀਆਂ ਵਿੱਚ ਤਾਲਮੇਲ ਕਰਨ ਅਤੇ ਬਦਲਵੇਂ ਵਿੱਤੀ ਰਾਹ ਵਿਕਸਤ ਕਰਨ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕੀਤਾ ਹੈ। ਪਰ ਹੁਣ ਤੱਕ ਬ੍ਰਿਕਸ ਵੱਲੋਂ ਡਾਲਰ ਦਾ ਮੁਕਾਬਲਾ ਕਰਨ ਲਈ ਕੋਈ ਸਾਂਝੀ ਮੁਦਰਾ ਨਹੀਂ ਬਣਾਈ ਗਈ।

ਰੂਸ ਅਤੇ ਚੀਨ ਨੇ ਆਪਣੇ ਆਪਸੀ ਵਪਾਰ ਵਿੱਚ ਯੁਆਨ ਅਤੇ ਰੂਬਲ ਦੀ ਵਰਤੋਂ ਵਧਾਈ ਹੈ। ਇਸੇ ਤਰ੍ਹਾਂ ਭਾਰਤ ਅਤੇ ਰੂਸ ਨੇ ਵੀ ਰੁਪਏ ਅਤੇ ਰੂਬਲ ਵਿੱਚ ਵਪਾਰ ਨੂੰ ਸੁਖਾਲਾ ਬਣਾਉਣ ਲਈ ਵੱਖ-ਵੱਖ ਤਰੀਕਿਆਂ 'ਤੇ ਕੰਮ ਕੀਤਾ ਹੈ।

**ਅਮਰੀਕਾ ਲਈ ਕਿਉਂ ਮਹੱਤਵਪੂਰਨ ਹੈ ਇਹ ਰੁਝਾਨ?**

ਸਥਾਨਕ ਮੁਦਰਾਵਾਂ ਵਿੱਚ ਵਪਾਰ ਵਧਣ ਦੇ ਰੁਝਾਨ ਨੂੰ ਵਾਸ਼ਿੰਗਟਨ ਵਿੱਚ ਵੀ ਧਿਆਨ ਨਾਲ ਦੇਖਿਆ ਜਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਜਿਹੇ ਬ੍ਰਿਕਸ ਦੇਸ਼ਾਂ ਖ਼ਿਲਾਫ਼ ਸਖ਼ਤ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਗਈ ਹੈ ਜੋ ਡਾਲਰ ਦੀ ਕੌਮਾਂਤਰੀ ਭੂਮਿਕਾ ਨੂੰ ਕਮਜ਼ੋਰ ਕਰਨ ਜਾਂ ਇਸ ਦੇ ਬਦਲ ਵਜੋਂ ਕੋਈ ਵਿੱਤੀ ਪ੍ਰਣਾਲੀ ਖੜ੍ਹੀ ਕਰਨ ਦੀ ਕੋਸ਼ਿਸ਼ ਕਰਨਗੇ।

ਅਮਰੀਕਾ ਲਈ ਡਾਲਰ ਦੀ ਕੌਮਾਂਤਰੀ ਭੂਮਿਕਾ ਸਿਰਫ਼ ਆਰਥਿਕ ਫ਼ਾਇਦੇ ਦਾ ਮਾਮਲਾ ਨਹੀਂ ਹੈ। ਇਹ ਅਮਰੀਕਾ ਦੀ ਵਿਆਪਕ ਭੂ-ਰਾਜਨੀਤਕ ਤਾਕਤ ਦਾ ਵੀ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਲਈ ਜੇਕਰ ਕੋਈ ਵੱਡਾ ਆਰਥਿਕ ਸਮੂਹ ਬਦਲਵੀਂ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀ ਵਿਕਸਤ ਕਰਦਾ ਹੈ ਤਾਂ ਇਸ ਦੇ ਆਰਥਿਕ ਦੇ ਨਾਲ-ਨਾਲ ਰਣਨੀਤਕ ਪ੍ਰਭਾਵ ਵੀ ਹੋ ਸਕਦੇ ਹਨ।

**ਭਾਰਤ ਦਾ ਰੁਖ਼—ਵਿਹਾਰਕ, ਨਾ ਕਿ ਵਿਚਾਰਧਾਰਕ**

ਭਾਰਤ ਦਾ ਰੁਖ਼ ਇਸ ਮਾਮਲੇ ਵਿੱਚ ਚੀਨ ਜਾਂ ਰੂਸ ਤੋਂ ਕੁਝ ਵੱਖਰਾ ਦਿਖਾਈ ਦਿੰਦਾ ਹੈ। ਭਾਰਤ ਨੇ ਡੀ-ਡਾਲਰਾਈਜ਼ੇਸ਼ਨ ਨੂੰ ਕਿਸੇ ਵਿਚਾਰਧਾਰਕ ਜਾਂ ਅਮਰੀਕਾ ਵਿਰੋਧੀ ਮੁਹਿੰਮ ਵਜੋਂ ਪੇਸ਼ ਨਹੀਂ ਕੀਤਾ। ਭਾਰਤੀ ਪਹੁੰਚ ਵਧੇਰੇ ਵਿਹਾਰਕ ਰਹੀ ਹੈ।

ਇਸ ਪਹੁੰਚ ਤਹਿਤ ਜਿੱਥੇ ਕਾਰੋਬਾਰੀ ਤੌਰ 'ਤੇ ਲਾਭਦਾਇਕ ਹੋਵੇ ਉੱਥੇ ਸਥਾਨਕ ਮੁਦਰਾ ਵਿੱਚ ਵਪਾਰ ਕਰਨਾ, ਵਧੇਰੇ ਕੁਸ਼ਲ ਭੁਗਤਾਨ ਪ੍ਰਣਾਲੀਆਂ ਵਿਕਸਤ ਕਰਨਾ ਅਤੇ ਕਿਸੇ ਇੱਕ ਵਿੱਤੀ ਪ੍ਰਣਾਲੀ 'ਤੇ ਬੇਲੋੜੀ ਨਿਰਭਰਤਾ ਨੂੰ ਘਟਾਉਣਾ ਸ਼ਾਮਲ ਹੈ। ਇਸ ਦੇ ਨਾਲ ਹੀ ਭਾਰਤ ਡਾਲਰ-ਆਧਾਰਿਤ ਵਿਸ਼ਵ ਆਰਥਿਕਤਾ ਨਾਲ ਆਪਣੇ ਆਰਥਿਕ ਸੰਬੰਧ ਅਤੇ ਪਹੁੰਚ ਨੂੰ ਵੀ ਬਣਾਈ ਰੱਖਣਾ ਚਾਹੁੰਦਾ ਹੈ।

ਇਹ ਪਹੁੰਚ ਭਾਰਤ ਦੀ ਵਿਆਪਕ ਰਣਨੀਤਕ ਖ਼ੁਦਮੁਖ਼ਤਾਰੀ ਦੀ ਨੀਤੀ ਨਾਲ ਮੇਲ ਖਾਂਦੀ ਹੈ। ਭਾਰਤ ਨਾ ਤਾਂ ਬ੍ਰਿਕਸ ਨੂੰ ਅਮਰੀਕਾ ਵਿਰੋਧੀ ਗੱਠਜੋੜ ਬਣਾਉਣਾ ਚਾਹੁੰਦਾ ਹੈ ਅਤੇ ਨਾ ਹੀ ਇਹ ਮੰਨਦਾ ਹੈ ਕਿ ਦੁਨੀਆ ਦੀ ਕਿਸੇ ਇੱਕ ਤਾਕਤ ਨੂੰ ਵਿਕਾਸਸ਼ੀਲ ਦੇਸ਼ਾਂ 'ਤੇ ਆਪਣੇ ਫ਼ੈਸਲੇ ਥੋਪਣੇ ਚਾਹੀਦੇ ਹਨ।

**ਬਹੁ-ਧਰੁਵੀ ਵਿਸ਼ਵ ਪ੍ਰਬੰਧ ਵੱਲ ਭਾਰਤ ਦੀ ਪਹੁੰਚ**

ਭਾਰਤ ਦਾ ਮੁੱਖ ਟੀਚਾ ਇੱਕ ਅਜਿਹਾ ਬਹੁ-ਧਰੁਵੀ ਕੌਮਾਂਤਰੀ ਪ੍ਰਬੰਧ ਬਣਾਉਣਾ ਹੈ, ਜਿਸ ਵਿੱਚ ਵਿਕਾਸਸ਼ੀਲ ਦੇਸ਼ਾਂ ਕੋਲ ਆਪਣੇ ਹਿੱਤਾਂ ਦੀ ਰੱਖਿਆ ਕਰਨ ਲਈ ਵਧੇਰੇ ਖੁੱਲ੍ਹ ਅਤੇ ਮਜ਼ਬੂਤ ਆਵਾਜ਼ ਹੋਵੇ।

ਹਾਲਾਂਕਿ ਬ੍ਰਿਕਸ ਦੇ ਵਧਦੇ ਮੈਂਬਰਾਂ ਵਿੱਚ ਆਪਸੀ ਸਹਿਮਤੀ ਬਣਾਉਣਾ ਆਸਾਨ ਨਹੀਂ ਹੈ। ਭਾਰਤ ਨੂੰ ਇਰਾਨ, ਅਓ, ਰੂਸ ਅਤੇ ਚੀਨ ਵਰਗੇ ਵੱਖ-ਵੱਖ ਰਣਨੀਤਕ ਹਿੱਤਾਂ ਵਾਲੇ ਦੇਸ਼ਾਂ ਵਿਚਕਾਰ ਸੰਤੁਲਨ ਬਣਾਉਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਰੂਸ ਅਤੇ ਚੀਨ ਦੇ ਪੱਛਮ ਪ੍ਰਤੀ ਵਧੇਰੇ ਸਖ਼ਤ ਰੁਖ਼ ਦੇ ਮੁਕਾਬਲੇ ਭਾਰਤ ਆਪਣੀ ਰਣਨੀਤਕ ਖ਼ੁਦਮੁਖ਼ਤਾਰੀ ਵਾਲੀ ਨੀਤੀ ਨੂੰ ਕਾਇਮ ਰੱਖਦਾ ਆ ਰਿਹਾ ਹੈ।

ਇਸ ਕਾਰਨ ਭਾਰਤ ਆਪਣੇ ਆਪ ਨੂੰ ਬ੍ਰਿਕਸ ਦੇ ਅੰਦਰ ਵੱਖ-ਵੱਖ ਮੈਂਬਰਾਂ ਵਿਚਕਾਰ ਸੰਵਾਦ ਅਤੇ ਸਹਿਮਤੀ ਬਣਾਉਣ ਲਈ ਇੱਕ ਮਹੱਤਵਪੂਰਨ ਸਥਿਤੀ ਵਿੱਚ ਦੇਖਦਾ ਹੈ।

**ਬ੍ਰਿਕਸ ਹੁਣ ਸਿਰਫ਼ ਬਿਆਨਬਾਜ਼ੀ ਦਾ ਮੰਚ ਨਹੀਂ**

ਬ੍ਰਿਕਸ ਨੂੰ ਲੰਬੇ ਸਮੇਂ ਤੱਕ ਕਈ ਵਾਰ ਸਿਰਫ਼ ਬਿਆਨ ਜਾਰੀ ਕਰਨ ਵਾਲੇ ਜਾਂ ਵੱਡੇ ਵਿਚਾਰ ਪੇਸ਼ ਕਰਨ ਵਾਲੇ ਮੰਚ ਵਜੋਂ ਦੇਖਿਆ ਜਾਂਦਾ ਰਿਹਾ ਹੈ। ਪਰ ਪਿਛਲੇ ਸਾਲਾਂ ਦੀਆਂ ਗਤੀਵਿਧੀਆਂ ਦੱਸਦੀਆਂ ਹਨ ਕਿ ਇਸ ਨੇ ਕਈ ਠੋਸ ਖੇਤਰਾਂ ਵਿੱਚ ਆਪਣਾ ਏਜੰਡਾ ਅੱਗੇ ਵਧਾਇਆ ਹੈ। ਨਿਊ ਡਿਵੈਲਪਮੈਂਟ ਬੈਂਕ, ਕੰਟੀਜੈਂਟ ਰਿਜ਼ਰਵ ਅਰੇਂਜਮੈਂਟ, ਸਥਾਨਕ ਮੁਦਰਾਵਾਂ ਵਿੱਚ ਵਪਾਰ, ਸਰਹੱਦ ਪਾਰ ਭੁਗਤਾਨ ਪ੍ਰਣਾਲੀਆਂ ਵਿੱਚ ਤਾਲਮੇਲ, ਡਿਜੀਟਲ ਪਬਲਿਕ ਇਨਫਰਾਸਟਰੱਕਚਰ, ਪੁਲਾੜ ਸਹਿਯੋਗ ਅਤੇ ਅਤਿਵਾਦ ਵਿਰੋਧੀ ਸਹਿਯੋਗ ਇਸ ਦੀਆਂ ਵੱਖ-ਵੱਖ ਪਹਿਲਕਦਮੀਆਂ ਦਾ ਹਿੱਸਾ ਹਨ।

ਇਨ੍ਹਾਂ ਸਾਰੇ ਖੇਤਰਾਂ ਨੂੰ ਇਕੱਠੇ ਦੇਖਿਆ ਜਾਵੇ ਤਾਂ ਬ੍ਰਿਕਸ ਦਾ ਬਦਲਦਾ ਸਰੂਪ ਸਾਫ਼ ਨਜ਼ਰ ਆਉਂਦਾ ਹੈ। ਇਹ ਹੁਣ ਸਿਰਫ਼ ਕੁਝ ਵੱਡੀਆਂ ਉੱਭਰਦੀਆਂ ਅਰਥਵਿਵਸਥਾਵਾਂ ਦਾ ਸਮੂਹ ਨਹੀਂ ਰਹਿ ਗਿਆ, ਸਗੋਂ ਗਲੋਬਲ ਸਾਊਥ ਦੇ ਦੇਸ਼ਾਂ ਲਈ ਆਰਥਿਕ, ਤਕਨੀਕੀ, ਵਿੱਤੀ ਅਤੇ ਕੌਮਾਂਤਰੀ ਪ੍ਰਬੰਧ ਨਾਲ ਜੁੜੇ ਮੁੱਦਿਆਂ 'ਤੇ ਸਹਿਯੋਗ ਦਾ ਇੱਕ ਵਧਦਾ ਹੋਇਆ ਮੰਚ ਬਣ ਰਿਹਾ ਹੈ।

ਭਾਰਤ ਲਈ ਇਸ ਵਿੱਚ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਬ੍ਰਿਕਸ ਦੇ ਅੰਦਰ ਆਪਣੇ ਹਿੱਤਾਂ ਅਤੇ ਰਣਨੀਤਕ ਖ਼ੁਦਮੁਖ਼ਤਾਰੀ ਨੂੰ ਕਾਇਮ ਰੱਖਦਿਆਂ ਵੱਖ-ਵੱਖ ਮੈਂਬਰ ਦੇਸ਼ਾਂ ਵਿਚਕਾਰ ਸਹਿਮਤੀ ਬਣਾਉਣ ਵਿੱਚ ਕਿੰਨਾ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ। ਨਵੀਂ ਦਿੱਲੀ ਦਾ ਉਦੇਸ਼ ਬ੍ਰਿਕਸ ਨੂੰ ਕਿਸੇ ਇੱਕ ਦੇਸ਼ ਜਾਂ ਕਿਸੇ ਇੱਕ ਤਾਕਤ ਦੇ ਵਿਰੋਧ ਦਾ ਮੰਚ ਬਣਾਉਣ ਦੀ ਬਜਾਏ ਇੱਕ ਅਜਿਹੇ ਬਹੁ-ਧਰੁਵੀ ਵਿਸ਼ਵ ਪ੍ਰਬੰਧ ਵੱਲ ਲਿਜਾਣਾ ਹੈ, ਜਿੱਥੇ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਵਧੇਰੇ ਮਜ਼ਬੂਤ ਅਤੇ ਅਰਥਪੂਰਨ ਹੋਵੇ।




# ਪਹਿਲੇ ਪ੍ਰਕਾਸ਼ ਪੁਰਬ ਦੀਆਂ ਰੌਣਕਾਂ: ਵਿਦੇਸ਼ਾਂ ਤੋਂ ਆਏ ਰੰਗ-ਬਿਰੰਗੇ ਫੁੱਲਾਂ ਨਾਲ ਸਜ ਰਿਹਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੁੱਲਾਂ ਦੀ ਸੁੰਦਰ ਸਜਾਵਟ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੌਰਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ ਅਤੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਫੁੱਲਾਂ ਦੀ ਸਜਾਵਟ ਦਾ ਇਹ ਕੰਮ ਬੀਤੇ ਕੱਲ੍ਹ ਤੋਂ ਸ਼ੁਰੂ ਹੋਇਆ ਹੈ, ਜੋ 11 ਸਤੰਬਰ ਦੀ ਰਾਤ ਤੱਕ ਪੂਰਾ ਹੋ ਜਾਵੇਗਾ। ਇਸ ਸਜਾਵਟ ਲਈ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਤੋਂ ਫੁੱਲ ਮੰਗਵਾਏ ਗਏ ਹਨ ਅਤੇ ਲਗਪਗ ਪੰਜ ਟਰੱਕ ਫੁੱਲਾਂ ਦੀ ਵਰਤੋਂ ਕੀਤੀ ਜਾਵੇਗੀ। ਫੁੱਲਾਂ ਦੀ ਸਜਾਵਟ ਦੀ ਇਹ ਸੇਵਾ ਗੁਰੂ ਘਰ ਦੇ ਸ਼ਰਧਾਲੂ ਸਵਿੰਦਰਪਾਲ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਨਿਭਾਈ ਜਾ ਰਹੀ ਹੈ। ਇਸ ਕੰਮ ਲਈ ਵੱਖ-ਵੱਖ ਕਿਸਮਾਂ ਦੇ ਫੁੱਲ ਅਤੇ ਵਿਸ਼ੇਸ਼ ਕਾਰੀਗਰ ਵੀ ਮੰਗਵਾਏ ਗਏ ਹਨ, ਜਿਸ ਵਿੱਚ ਸੰਗਤਾਂ ਵੀ ਪੂਰਾ ਸਹਿਯੋਗ ਦੇ ਰਹੀਆਂ ਹਨ। ਇਸ ਸਜਾਵਟ ਤਹਿਤ ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ, ਦਰਸ਼ਨੀ ਡਿਓੜੀ, ਸ੍ਰੀ ਅਕਾਲ ਤਖ਼ਤ ਸਾਹਿਬ, ਪਰਿਕਰਮਾ ਅਤੇ ਹੋਰ ਵੱਖ-ਵੱਖ ਥਾਵਾਂ ਨੂੰ ਫੁੱਲਾਂ ਨਾਲ ਸਜਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੇਜਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਗੁਰਪੁਰਬ 12 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੱਜ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਗਏ ਹਨ, ਜਿਨ੍ਹਾਂ ਦੇ ਭੋਗ 12 ਸਤੰਬਰ ਨੂੰ ਪੈਣਗੇ। ਇਸ ਤੋਂ ਇਲਾਵਾ 11 ਸਤੰਬਰ ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਸਿੰਘ ਸਾਹਿਬਾਨ ਅਤੇ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਨਗੇ। 12 ਸਤੰਬਰ ਨੂੰ ਪੁਰਾਤਨ ਰਵਾਇਤ ਅਨੁਸਾਰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸਿੰਘ ਸਾਹਿਬਾਨ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰਕਾਸ਼ ਪੁਰਬ ਵਾਲੇ ਦਿਨ ਯਾਨੀ 12 ਸਤੰਬਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਜਾਣਗੇ। ਇਸੇ ਤਰ੍ਹਾਂ ਰਾਤ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਬਦ ਵਿਚਾਰ ਅਤੇ ਕੀਰਤਨ ਸਮਾਗਮ ਹੋਵੇਗਾ ਅਤੇ ਨਾਲ ਹੀ ਦੀਪਮਾਲਾ ਤੇ ਆਤਿਸ਼ਬਾਜ਼ੀ ਵੀ ਕੀਤੀ ਜਾਵੇਗੀ। ਅੰਤ ਵਿੱਚ ਉਨ੍ਹਾਂ ਤਿਆਰੀਆਂ ਮੁਕੰਮਲ ਹੋਣ ਦੀ ਜਾਣਕਾਰੀ ਦਿੰਦਿਆਂ ਸਮੂਹ ਸੰਗਤਾਂ ਨੂੰ ਆਪਣੇ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿੱਚ ਵੱਧ-ਚੜ੍ਹ ਕੇ ਹਾਜ਼ਰੀ ਲਗਵਾਉਣ ਦੀ ਅਪੀਲ ਕੀਤੀ।

# ਸੁਰੰਗਾਂ ਦੇ ਖੁੱਲ੍ਹਣ ਨਾਲ ਛੇ ਕਿਲੋਮੀਟਰ ਦਾ ਸਫ਼ਰ ਘੱਟ ਕੇ ਰਹਿ ਜਾਵੇਗਾ ਸਾਢੇ ਤਿੰਨ ਕਿਲੋਮੀਟਰ, ਲੰਮੇ ਟ੍ਰੈਫਿਕ ਜਾਮ ਤੋਂ ਮਿਲੇਗੀ ਰਾਹਤ

ਹਿਮਾਚਲ ਪ੍ਰਦੇਸ਼ ਵਿੱਚ ਆਵਾਜਾਈ ਸੰਪਰਕ ਨੂੰ ਵੱਡਾ ਹੁਲਾਰਾ ਮਿਲਣ ਵਾਲਾ ਹੈ। ਦਰਅਸਲ ਕੀਰਤਪੁਰ-ਮਨਾਲੀ ਚਾਰ-ਮਾਰਗੀ ਰਾਜਮਾਰਗ 'ਤੇ ਸਥਿਤ ਦੋ ਮੁੱਖ ਸੜਕੀ ਸੁਰੰਗਾਂ ਡਿਓਡ ਅਤੇ ਹਨੋਗੀ 11 ਸਤੰਬਰ 2026 ਨੂੰ ਆਵਾਜਾਈ ਲਈ ਖੋਲ੍ਹੀਆਂ ਜਾਣਗੀਆਂ। ਇਨ੍ਹਾਂ ਸੁਰੰਗਾਂ ਦੇ ਖੁੱਲ੍ਹਣ ਨਾਲ ਕੌਮੀ ਹਾਈਵੇਅ-03 ਦੇ ਪੰਡੋਹ-ਟਾਕੋਲੀ ਹਿੱਸੇ 'ਤੇ ਭੀੜ ਘਟਣ ਅਤੇ ਵਾਹਨਾਂ ਦੀ ਆਵਾਜਾਈ ਵਿੱਚ ਸੁਧਾਰ ਹੋਣ ਦੀ ਉਮੀਦ ਹੈ। ਇਹ ਹਿੱਸਾ ਮੰਡੀ ਨੂੰ ਕੁੱਲੂ-ਮਨਾਲੀ ਅਤੇ ਅੱਗੇ ਲੇਹ-ਲੱਦਾਖ ਨਾਲ ਜੋੜਨ ਵਾਲੀ ਇੱਕ ਅਹਿਮ ਕੜੀ ਵਜੋਂ ਕੰਮ ਕਰਦਾ ਹੈ।

ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਯ) 'ਤੇ ਇਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਸਨੂੰ ਹਿਮਾਚਲ ਪ੍ਰਦੇਸ਼ ਵਿੱਚ ਸੁਰੱਖਿਅਤ, ਤੇਜ਼ ਅਤੇ ਵਧੇਰੇ ਭਰੋਸੇਮੰਦ ਸੰਪਰਕ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ।

2.8 ਕਿਲੋਮੀਟਰ ਲੰਮੀ ਡਿਓਡ ਸੁਰੰਗ (T4-01) ਅਤੇ 650 ਮੀਟਰ ਲੰਮੀ ਹਨੋਗੀ ਸੁਰੰਗ (T4-02) ਰਾਹੀਂ ਹਾਈਵੇਅ 'ਤੇ ਦੋ ਵੱਡੀਆਂ ਰੁਕਾਵਟਾਂ ਦੂਰ ਹੋਣ ਦੀ ਉਮੀਦ ਹੈ। ਇਹ ਸੁਰੰਗਾਂ ਵਿਕਲਪਿਕ ਰਸਤੇ ਪ੍ਰਦਾਨ ਕਰਨਗੀਆਂ ਜਿੱਥੇ ਅਕਸਰ ਆਵਾਜਾਈ ਜਾਮ ਰਹਿੰਦੀ ਹੈ, ਖਾਸ ਕਰਕੇ ਸੈਰ-ਸਪਾਟਾ ਦੇ ਸਿਖ਼ਰ ਸੀਜ਼ਨ ਦੌਰਾਨ।

ਬਿਆਨ ਅਨੁਸਾਰ, ਇਸ ਵਿਕਾਸ ਨਾਲ ਪ੍ਰਭਾਵਿਤ ਸੜਕ ਦਾ ਹਿੱਸਾ ਲਗਪਗ 6 ਕਿਲੋਮੀਟਰ ਤੋਂ ਘਟ ਕੇ 3.5 ਕਿਲੋਮੀਟਰ ਰਹਿ ਜਾਵੇਗਾ ਅਤੇ ਇਸ ਨਾਲ ਜੋਗਨੀ ਮਾਤਾ ਮੰਦਰ, ਡਿਓਡ ਅਤੇ ਹਨੋਗੀ ਦੇ ਨੇੜੇ ਲੰਮਾ ਟ੍ਰੈਫਿਕ ਜਾਮ ਕਾਫ਼ੀ ਹੱਦ ਤੱਕ ਘਟਣ ਦੀ ਉਮੀਦ ਹੈ। ਪੀਕ ਟੂਰਿਸਟ ਸੀਜ਼ਨ ਦੌਰਾਨ, ਇਨ੍ਹਾਂ ਰੂਟਾਂ 'ਤੇ ਯਾਤਰੀਆਂ ਨੂੰ ਇੱਕ ਤੋਂ ਦੋ ਘੰਟੇ ਜਾਂ ਇਸ ਤੋਂ ਵੀ ਵੱਧ ਉਡੀਕ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸੁਰੰਗਾਂ ਪੰਡੋਹ ਬਾਈਪਾਸ ਦੇ ਅਖੀਰ ਤੋਂ ਟਕੋਲੀ ਸੈਕਸ਼ਨ ਨੂੰ ਕਵਰ ਕਰਨ ਵਾਲੇ 4,465.94 ਕਰੋੜ ਰੁਪਏ ਦੇ ਫੋਰ-ਲੇਨਿੰਗ ਪ੍ਰਾਜੈਕਟ ਦਾ ਹਿੱਸਾ ਹਨ।

ਪੰਡੋਹ-ਟਕੋਲੀ ਰਸਤਾ ਸੈਰ-ਸਪਾਟਾ, ਸਥਾਨਕ ਨਿਵਾਸੀਆਂ, ਵਪਾਰਕ ਆਵਾਜਾਈ ਅਤੇ ਮੰਡੀ, ਕੁੱਲੂ-ਮਨਾਲੀ ਤੇ ਉੱਚ ਪਹਾੜੀ ਖੇਤਰਾਂ ਵਿਚਕਾਰ ਜ਼ਰੂਰੀ ਸਮਾਨ ਦੀ ਆਵਾਜਾਈ ਲਈ ਮਹੱਤਵਪੂਰਨ ਹੈ। ਇਸ ਲਈ, ਇਨ੍ਹਾਂ ਦੋ ਸੁਰੰਗਾਂ ਦੇ ਖੁੱਲ੍ਹਣ ਨਾਲ ਇਸ ਰਣਨੀਤਕ ਤੌਰ 'ਤੇ ਮਹੱਤਵਪੂਰਨ ਹਾਈਵੇਅ 'ਤੇ ਯਾਤਰਾ ਵਧੇਰੇ ਭਰੋਸੇਮੰਦ ਅਤੇ ਸੁਰੱਖਿਅਤ ਬਣਨ ਦੀ ਉਮੀਦ ਹੈ।



# ਹਰਿਆਣਾ ਕਮੇਟੀ ਪ੍ਰਧਾਨ ਦੇ ਅਸਤੀਫ਼ੇ ਲਈ ਮੁੱਖ ਦਫ਼ਤਰ ਕੁਰੂਕਸ਼ੇਤਰ ਵਿਖੇ ਧਰਨਾ ਤੀਜੇ ਦਿਨ ਵੀ ਜਾਰੀ

## ਮੌਜੂਦਾਂ ਅਹੁਦੇਦਾਰਾਂ ਮੈਂਬਰਾਂ ਤੋਂ ਬਾਅਦ ਸਾਬਕਾ ਮੈਂਬਰਾਂ ਨੇ ਕੀਤਾ ਸਮਰਥਨ

**ਕੁਰੂਕਸ਼ੇਤਰ/ਲੁਧਿਆਣਾ, (ਸਰਬਜੀਤ ਸੂਫ਼ੀ )** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੁੱਖ ਦਫ਼ਤਰ ਕੁਰੂਕਸ਼ੇਤਰ ਵਿਖੇ ਚੱਲ ਰਹੇ ਧਰਨੇ ਦੇ ਅੱਜ ਤੀਜੇ ਦਿਨ ਸਾਬਕਾ ਮੈਂਬਰਾਂ ਵੱਲੋਂ ਕਮੇਟੀ ਧਰਨੇ ਨੂੰ ਆਪਣਾ ਸਮਰਥਨ ਦਿੱਤਾ ਗਿਆ। ਮੈਂਬਰ ਸਰਦਾਰ ਗੁਰਤੇਜ ਸਿੰਘ ਮੁੱਖ ਦਫ਼ਤਰ ਦੇ ਮੁੱਖ ਗੇਟ 'ਤੇ ਧਰਨੇ 'ਤੇ ਬੈਠੇ ਹਨ।

ਸਮਰਥਨ ਦੇਣ ਵਾਲਿਆਂ ਵਿੱਚ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸਰਦਾਰ ਸੁਖਵਿੰਦਰ ਸਿੰਘ ਮੰਡੇਬਰ,ਸਰਦਾਰ ਅਮਰਾਓ ਸਿੰਘ ਛੀਨਾ, ਸਰਦਾਰ ਇੰਦਰਜੀਤ ਸਿੰਘ ਵਾਸੁਦੇਵਾ, ਸਰਦਾਰ ਬੇਅੰਤ ਸਿੰਘ ਨਲਵੀ, ਸਰਦਾਰ ਪਰਮਜੀਤ ਸਿੰਘ ਮਾਖਾ (ਸਿਰਸਾ) ਸਾਰੇ ਸਾਬਕਾ ਮੈਂਬਰ,ਮੈਂਬਰ ਸਰਦਾਰ ਬਲਦੇਵ ਸਿੰਘ ਹਾਬੜੀ, ਸਰਦਾਰ ਬਾਬੂ ਸਿੰਘ ਚੀਕਾ,ਮਸੰਦ ਭਾਈ ਗਲੋਰਾ ਜੀ ਦੇ ਵੰਸ਼ਜ,ਮੈਂਬਰ ਸਰਦਾਰ ਸਵਰਨ ਸਿੰਘ ਜੀ ਬੁੰਗਾ ਟਿੱਬੀ ਪੰਚਕੂਲਾ ਅਤੇ ਉਪ-ਪ੍ਰਧਾਨ ਸਰਦਾਰ ਗੁਰਬੀਰ ਸਿੰਘ ਤਲਾਕੌਰ ਸ਼ਾਮਲ ਰਹੇ।

ਸਮਰਥਨ ਦੇਣ ਵਾਲੇ ਮੈਂਬਰਾਂ ਨੇ ਕਿਹਾ ਕਿ ਸਰਦਾਰ ਗੁਰਤੇਜ ਸਿੰਘ ਵੱਲੋਂ ਉਠਾਏ ਗਏ ਸਵਾਲ ਅਤੇ ਮੰਗਾਂ ਜਾਇਜ਼ ਹਨ ਅਤੇ ਇਨ੍ਹਾਂ ਸਬੰਧੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਵੱਲੋਂ ਸਪਸ਼ਟ,ਪਾਰਦਰਸ਼ੀ ਅਤੇ ਤਸੱਲੀਬਖਸ਼ ਜਵਾਬ ਦਿੱਤੇ ਜਾਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਚੁਣੇ ਹੋਏ ਮੈਂਬਰਾਂ ਨੂੰ ਕਮੇਟੀ ਦੇ ਕੰਮਕਾਜ ਅਤੇ ਕਾਰਜਕਾਰਣੀ ਵੱਲੋਂ ਲਏ ਗਏ ਫ਼ੈਸਲਿਆਂ ਬਾਰੇ ਜਾਣਕਾਰੀ ਮੰਗਣ, ਸਵਾਲ ਪੁੱਛਣ ਅਤੇ ਉਨ੍ਹਾਂ ਦੇ ਉਚਿਤ ਜਵਾਬ ਪ੍ਰਾਪਤ ਕਰਨ ਦਾ ਪੂਰਾ ਹੱਕ ਹੈ। ਕਾਰਜਕਾਰਣੀ ਕਮੇਟੀ ਦੀ ਜ਼ਿੰਮੇਵਾਰੀ ਹੈ ਕਿ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਈ ਜਾਵੇ, ਤਾਂ ਜੋ ਚੁਣੇ ਹੋਏ ਮੈਂਬਰ ਤੱਥਾਂ ਨੂੰ ਸੰਗਤ ਦੇ ਸਾਹਮਣੇ ਪਾਰਦਰਸ਼ੀ ਢੰਗ ਨਾਲ ਰੱਖ ਸਕਣ।

ਸਮਰਥਨ ਦੇਣ ਵਾਲੇ ਮੈਂਬਰਾਂ ਨੇ ਝੀਂਡਾ ਨੂੰ ਅਪੀਲ ਕੀਤੀ ਕਿ ਚੁਣੇ ਹੋਏ ਮੈਂਬਰਾਂ ਦੇ ਲੋਕਤੰਤਰਿਕ ਹੱਕਾਂ ਦਾ ਸਤਿਕਾਰ ਕਰਦਿਆਂ ਸਰਦਾਰ ਗੁਰਤੇਜ ਸਿੰਘ ਵੱਲੋਂ ਉਠਾਏ ਗਏ ਸਾਰੇ ਸਵਾਲਾਂ ਦੇ ਬਿੰਦੂਵਾਰ, ਤੱਥਾਂ 'ਤੇ ਆਧਾਰਿਤ ਅਤੇ ਲਿਖਤੀ ਜਵਾਬ ਦਿੱਤੇ ਜਾਣ। ਮਾਮਲੇ ਨੂੰ ਟਾਲਣ ਜਾਂ ਬੇਲੋੜੇ ਤੌਰ 'ਤੇ ਲੰਬਿਤ ਰੱਖਣ ਦੀ ਬਜਾਏ ਇਸ ਦਾ ਢੁਕਵਾਂ ਹੱਲ ਕੀਤਾ ਜਾਵੇ। ਜਾਂ ਅਸਤੀਫਾ ਦਿੱਤਾ ਜਾਵੇ ।

ਉਨ੍ਹਾਂ ਕਾਰਜਕਾਰਣੀ ਕਮੇਟੀ ਨੂੰ ਇਹ ਵੀ ਅਪੀਲ ਕੀਤੀ ਕਿ ਸਰਦਾਰ ਗੁਰਤੇਜ ਸਿੰਘ ਨਾਲ ਸਾਰਥਕ ਅਤੇ ਰਚਨਾਤਮਕ ਗੱਲਬਾਤ ਕਰਕੇ ਮਾਮਲੇ ਦਾ ਹੱਲ ਕੀਤਾ ਜਾਵੇ, ਤਾਂ ਜੋ ਸਮੁੱਚੀ ਸਿੱਖ ਸੰਗਤ ਦੇ ਹਿੱਤਾਂ ਦੀ ਰੱਖਿਆ ਹੋ ਸਕੇ।

ਉਨ੍ਹਾਂ ਸਾਰੇ ਸਬੰਧਤ ਧਿਰਾਂ ਨੂੰ ਸ਼ਾਂਤੀ, ਮਰਿਆਦਾ ਅਤੇ ਅਨੁਸ਼ਾਸਨ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਸਿੱਖ ਸੰਸਥਾ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਤੰਤਰਿਕ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਇਨਸਾਫ਼ ਮਿਲਣ ਤੱਕ ਨਾ ਫੁੱਲ ਚੁਗਾਂਗੇ ਤੇ ਨਾ ਭੋਗ ਪਾਵਾਂਗੇ: ਗੁਲਜ਼ਾਰ ਸਿੰਘ ਦੇ ਪਰਿਵਾਰ ਦਾ ਐਲਾਨ

## ਪਰਿਵਾਰ ਨੇ ਪ੍ਰਸ਼ਾਸਨ 'ਤੇ ਦਬਾਅ ਪਾ ਕੇ ਸਸਕਾਰ ਕਰਵਾਉਣ ਦੇ ਲਾਏ ਦੋਸ਼; ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਨੂੰ ਲੈ ਕੇ ਵੀ ਚਰਚਾ

ਜ਼ਿਲ੍ਹਾ ਸੰਗਰੂਰ ਦੇ ਪਿੰਡ ਤੂਰ ਬੰਜਾਰਾ ਦੇ ਮਜ਼ਦੂਰ ਗੁਲਜ਼ਾਰ ਸਿੰਘ ਦੀ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਅੱਜ ਉਸ ਵੇਲੇ ਨਵਾਂ ਮੋੜ ਆ ਗਿਆ, ਜਦੋਂ ਮ੍ਰਿਤਕ ਦੇ ਪਰਿਵਾਰ ਨੇ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਨੂੰ ਰੱਦ ਕਰ ਦਿੱਤਾ। ਪਰਿਵਾਰ ਵੱਲੋਂ ਜਾਰੀ ਕੀਤੀ ਗਈ ਇੱਕ ਵੀਡੀਓ ਵਿੱਚ ਮ੍ਰਿਤਕ ਗੁਲਜ਼ਾਰ ਸਿੰਘ ਦੀ ਪਤਨੀ ਅਤੇ ਉਸ ਦੇ ਤਿੰਨ ਪੁੱਤਰ ਨਜ਼ਰ ਆ ਰਹੇ ਹਨ।



ਪਰਿਵਾਰ ਨੇ ਪ੍ਰਸ਼ਾਸਨ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ 'ਤੇ ਭਾਰੀ ਦਬਾਅ ਬਣਾਇਆ ਗਿਆ, ਜਿਸ ਕਾਰਨ ਉਨ੍ਹਾਂ ਨੂੰ ਗੁਲਜ਼ਾਰ ਸਿੰਘ ਦਾ ਸਸਕਾਰ ਕਰਨਾ ਪਿਆ। ਪਰਿਵਾਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਗੁੰਮਰਾਹ ਕਰਕੇ ਅਤੇ ਦਬਾਅ ਪਾ ਕੇ ਸਸਕਾਰ ਕਰਵਾਇਆ ਗਿਆ।

ਪਰਿਵਾਰ ਨੇ ਸਪੱਸ਼ਟ ਐਲਾਨ ਕੀਤਾ ਹੈ ਕਿ ਜਦੋਂ ਤੱਕ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਦਾ, ਉਦੋਂ ਤੱਕ ਮ੍ਰਿਤਕ ਦੇ ਫੁੱਲ ਨਹੀਂ ਚੁਗੇ ਜਾਣਗੇ ਅਤੇ ਨਾ ਹੀ ਭੋਗ ਸਮਾਗਮ ਕਰਵਾਇਆ ਜਾਵੇਗਾ। ਪਰਿਵਾਰ ਨੇ ਪੰਜਾਬ ਦੇ ਲੋਕਾਂ ਨੂੰ ਵੀ ਇਨਸਾਫ਼ ਦੀ ਲੜਾਈ ਵਿੱਚ ਉਨ੍ਹਾਂ ਦਾ ਸਾਥ ਦੇਣ ਦੀ ਅਪੀਲ ਕੀਤੀ ਹੈ।

ਚੇਤੇ ਰਹੇ ਕਿ ਮਜ਼ਦੂਰ ਗੁਲਜ਼ਾਰ ਸਿੰਘ ਦਾ ਸਸਕਾਰ ਸਖ਼ਤ ਪੁਲੀਸ ਪਹਿਰੇ ਹੇਠ ਕੀਤਾ ਗਿਆ ਸੀ ਅਤੇ ਉਸ ਸਮੇਂ ਸਸਕਾਰ ਨੂੰ ਲੈ ਕੇ ਵਿਵਾਦ ਵੀ ਖੜ੍ਹਾ ਹੋਇਆ ਸੀ। ਹੁਣ ਪਰਿਵਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਬਿਆਨ ਨੇ ਇਸ ਮਾਮਲੇ ਨੂੰ ਇੱਕ ਵਾਰ ਫਿਰ ਚਰਚਾ ਵਿੱਚ ਲਿਆ ਦਿੱਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਸਸਕਾਰ ਵਾਲੇ ਦਿਨ ਮ੍ਰਿਤਕ ਦੇ ਇੱਕ ਪੁੱਤਰ ਨੇ ਪੁਲੀਸ ਜਾਂਚ 'ਤੇ ਤਸੱਲੀ ਪ੍ਰਗਟ ਕੀਤੀ ਸੀ ਅਤੇ ਉਸ ਵੇਲੇ ਕਿਸੇ ਤਰ੍ਹਾਂ ਦਾ ਦਬਾਅ ਨਾ ਹੋਣ ਦੀ ਗੱਲ ਵੀ ਕਹੀ ਸੀ। ਉਸ ਸਮੇਂ ਪਰਿਵਾਰ ਵੱਲੋਂ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਣ ਸਬੰਧੀ ਸਹਿਮਤੀ ਬਣ ਗਈ ਹੈ।

ਹੁਣ ਪਰਿਵਾਰ ਵੱਲੋਂ ਨਵੀਂ ਵੀਡੀਓ ਜਾਰੀ ਕਰਕੇ ਪ੍ਰਸ਼ਾਸਨ 'ਤੇ ਦਬਾਅ ਪਾਉਣ ਅਤੇ ਧੱਕੇ ਨਾਲ ਸਸਕਾਰ ਕਰਵਾਉਣ ਦੇ ਦੋਸ਼ ਲਾਏ ਗਏ ਹਨ। ਇਸ ਕਾਰਨ ਮਾਮਲੇ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਹੋ ਰਹੇ ਹਨ।

ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਇੱਕ ਸਮਾਗਮ ਦੌਰਾਨ ਮਜ਼ਦੂਰ ਗੁਲਜ਼ਾਰ ਸਿੰਘ ਨੇ ਪਿੰਡ ਵਿੱਚ ਨਸ਼ਾ ਵਿਕਣ ਦੀ ਗੱਲ ਕਹੀ ਸੀ। ਇਸ ਤੋਂ ਬਾਅਦ ਪਿੰਡ ਦੀ ਪੰਚਾਇਤ ਵੱਲੋਂ ਉਸ 'ਤੇ ਜਨਤਕ ਤੌਰ 'ਤੇ ਮਾਫ਼ੀ ਮੰਗਣ ਲਈ ਦਬਾਅ ਪਾਏ ਜਾਣ ਦੇ ਦੋਸ਼ ਸਾਹਮਣੇ ਆਏ ਸਨ।

ਇਸੇ ਦੌਰਾਨ ਗੁਲਜ਼ਾਰ ਸਿੰਘ ਨੇ ਜ਼ਹਿਰੀਲੀ ਚੀਜ਼ ਖਾ ਲਈ ਸੀ ਅਤੇ ਬਾਅਦ ਵਿੱਚ ਉਹ ਜ਼ਿੰਦਗੀ ਦੀ ਜੰਗ ਹਾਰ ਗਿਆ। ਇਸ ਘਟਨਾ ਨੇ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ਅਤੇ ਪਿੰਡ ਪੱਧਰ 'ਤੇ ਹੋਣ ਵਾਲੇ ਦਬਾਅ ਨੂੰ ਲੈ ਕੇ ਵੀ ਕਈ ਸਵਾਲ ਖੜ੍ਹੇ ਕੀਤੇ ਹਨ।

ਸੰਗਰੂਰ ਪੁਲੀਸ ਨੇ ਇਸ ਮਾਮਲੇ ਵਿੱਚ ਖ਼ੁਦਕੁਸ਼ੀ ਲਈ ਜ਼ਿੰਮੇਵਾਰ ਦੱਸੇ ਜਾ ਰਹੇ ਲੋਕਾਂ ਖ਼ਿਲਾਫ਼ ਕਾਰਵਾਈ ਕਰਦਿਆਂ ਪਿੰਡ ਦੀ ਸਰਪੰਚ ਅਤੇ ਹੋਰਨਾਂ ਵਿਰੁੱਧ ਕੇਸ ਦਰਜ ਕਰਕੇ ਗ੍ਰਿਫ਼ਤਾਰੀਆਂ ਵੀ ਕੀਤੀਆਂ ਹਨ।

ਇਸ ਦੌਰਾਨ ਅੱਜ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਦੇ ਵੀ ਪਿੰਡ ਤੂਰ ਬੰਜਾਰਾ ਪਹੁੰਚਣ ਦੀ ਜਾਣਕਾਰੀ ਸਾਹਮਣੇ ਆਈ ਹੈ। ਉਨ੍ਹਾਂ ਦੇ ਦੌਰੇ ਨੂੰ ਵੀ ਇਸ ਮਾਮਲੇ ਦੀ ਜਾਂਚ ਅਤੇ ਪਰਿਵਾਰ ਦੀਆਂ ਮੰਗਾਂ ਦੇ ਮੱਦੇਨਜ਼ਰ ਅਹਿਮ ਮੰਨਿਆ ਜਾ ਰਿਹਾ ਹੈ।

ਦੂਜੇ ਪਾਸੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਰਿਵਾਰ ਵੱਲੋਂ ਪ੍ਰਸ਼ਾਸਨ ਤੋਂ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਹਾਸਲ ਕੀਤਾ ਗਿਆ ਹੈ। ਹਾਲਾਂਕਿ ਇਸ ਮਾਮਲੇ ਸਬੰਧੀ ਪਰਿਵਾਰ ਵੱਲੋਂ ਅਜੇ ਤੱਕ ਕੋਈ ਸਪੱਸ਼ਟ ਬਿਆਨ ਸਾਹਮਣੇ ਨਹੀਂ ਆਇਆ ਹੈ।

ਹੁਣ ਗੁਲਜ਼ਾਰ ਸਿੰਘ ਦੇ ਪਰਿਵਾਰ ਵੱਲੋਂ ਇਨਸਾਫ਼ ਮਿਲਣ ਤੱਕ ਫੁੱਲ ਨਾ ਚੁਗਣ ਅਤੇ ਭੋਗ ਸਮਾਗਮ ਨਾ ਕਰਨ ਦੇ ਐਲਾਨ ਤੋਂ ਬਾਅਦ ਇਸ ਮਾਮਲੇ ਨੇ ਇੱਕ ਵਾਰ ਫਿਰ ਗੰਭੀਰ ਰੂਪ ਧਾਰ ਲਿਆ ਹੈ ਅਤੇ ਸਾਰਿਆਂ ਦੀਆਂ ਨਜ਼ਰਾਂ ਪ੍ਰਸ਼ਾਸਨ ਅਤੇ ਜਾਂਚ ਏਜੰਸੀਆਂ ਦੀ ਅਗਲੀ ਕਾਰਵਾਈ 'ਤੇ ਟਿਕੀਆਂ ਹੋਈਆਂ ਹਨ।

# ਈਜ਼ੀ ਰਜਿਸਟਰੀ ਪ੍ਰਣਾਲੀ ਨੇ ਬਦਲੀ ਜਾਇਦਾਦ ਰਜਿਸਟਰੇਸ਼ਨ ਦੀ ਤਸਵੀਰ: ਮੁੰਡੀਆਂ

## 93 ਫ਼ੀਸਦ ਲਾਭਪਾਤਰੀ ਪ੍ਰਣਾਲੀ ਤੋਂ ਸੰਤੁਸ਼ਟ; ਹੁਣ 30 ਤੋਂ 40 ਮਿੰਟਾਂ ਵਿੱਚ ਹੋ ਰਹੀ ਹੈ ਰਜਿਸਟਰੇਸ਼ਨ



ਪੰਜਾਬ ਦੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਹੈ ਕਿ ਜਾਇਦਾਦਾਂ ਦੀ ਰਜਿਸਟਰੇਸ਼ਨ ਪ੍ਰਕਿਰਿਆ ਨੂੰ ਤੇਜ਼, ਸਰਲ ਅਤੇ ਪਾਰਦਰਸ਼ੀ ਬਣਾਉਣ ਲਈ ਜੁਲਾਈ 2025 ਵਿੱਚ ਸ਼ੁਰੂ ਕੀਤੀ ਗਈ ਈਜ਼ੀ ਰਜਿਸਟਰੀ ਪ੍ਰਣਾਲੀ ਇੱਕ ਅਹਿਮ ਮੀਲ ਪੱਥਰ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਨਵੀਂ ਪ੍ਰਣਾਲੀ ਨਾਲ ਜਾਇਦਾਦਾਂ ਦੀ ਰਜਿਸਟਰੇਸ਼ਨ ਕਰਵਾਉਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ।

ਮੁੰਡੀਆਂ ਅਨੁਸਾਰ ਨਵੀਂ ਰਜਿਸਟਰੇਸ਼ਨ ਪ੍ਰਣਾਲੀ ਤੋਂ 93 ਫ਼ੀਸਦ ਲਾਭਪਾਤਰੀ ਸੰਤੁਸ਼ਟ ਹਨ। ਉਨ੍ਹਾਂ ਦੀ ਰਜਿਸਟਰੇਸ਼ਨ ਸਮੇਂ ਸਿਰ ਹੋਈ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਵਾਧੂ ਖਰਚਾ ਨਹੀਂ ਕਰਨਾ ਪਿਆ।

ਉਨ੍ਹਾਂ ਕਿਹਾ ਕਿ ਪਹਿਲਾਂ ਜਾਇਦਾਦ ਦੀ ਰਜਿਸਟਰੇਸ਼ਨ ਕਰਵਾਉਣ ਲਈ ਲੋਕਾਂ ਨੂੰ ਸਾਰਾ ਦਿਨ ਦਫ਼ਤਰਾਂ ਦੇ ਚੱਕਰ ਲਗਾਉਣੇ ਪੈਂਦੇ ਸਨ, ਪਰ ਹੁਣ ਵੱਡੀ ਗਿਣਤੀ ਵਿੱਚ ਲੋਕ ਸਿਰਫ਼ 30 ਤੋਂ 40 ਮਿੰਟਾਂ ਦੇ ਅੰਦਰ ਆਪਣੀ ਰਜਿਸਟਰੇਸ਼ਨ ਦੀ ਪ੍ਰਕਿਰਿਆ ਪੂਰੀ ਕਰਵਾ ਰਹੇ ਹਨ। ਇਸ ਦੇ ਨਾਲ ਹੀ ਲੋਕਾਂ ਦੀ ਦਫ਼ਤਰਾਂ ਵਿੱਚ ਜਾਣ ਦੀ ਲੋੜ ਵੀ ਕਾਫ਼ੀ ਘਟ ਗਈ ਹੈ।

ਮਾਲ ਮੰਤਰੀ ਨੇ ਕਿਹਾ ਕਿ ਅਰਜ਼ੀਆਂ ਦੀ ਸਥਿਤੀ ਬਾਰੇ ਵੱਟਸਐਪ ਰਾਹੀਂ ਜਾਣਕਾਰੀ ਮਿਲਣ ਕਾਰਨ ਲੋਕ ਹੁਣ ਆਪਣੇ ਮਾਮਲਿਆਂ ਦੀ ਪ੍ਰਗਤੀ ਆਸਾਨੀ ਨਾਲ ਜਾਣ ਸਕਦੇ ਹਨ। ਇਸ ਨਾਲ ਅਰਜ਼ੀਆਂ ਨੂੰ ਟਰੈਕ ਕਰਨ ਲਈ ਏਜੰਟਾਂ 'ਤੇ ਨਿਰਭਰਤਾ ਵੀ ਘਟੀ ਹੈ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਲੋਕ ਇੱਕੋ ਵਾਰ ਦਫ਼ਤਰ ਜਾ ਕੇ ਰਜਿਸਟਰਡ ਡੀਡ ਪ੍ਰਾਪਤ ਕਰ ਸਕਦੇ ਹਨ।

ਮੁੰਡੀਆਂ ਨੇ ਕਿਹਾ ਕਿ ਔਨਲਾਈਨ ਡੀਡ ਤਿਆਰ ਕਰਨ ਅਤੇ ਫੀਸ ਦੇ ਭੁਗਤਾਨ ਤੋਂ ਲੈ ਕੇ ਮੁੱਢਲੀ ਜਾਂਚ, ਪਹਿਲਾਂ ਆਉ-ਪਹਿਲਾਂ ਜਾਉ ਦੇ ਅਧਾਰ 'ਤੇ ਫਾਈਲਾਂ ਦੀ ਪ੍ਰਕਿਰਿਆ, ਡਿਜੀਟਲ ਫਰਦ ਤਿਆਰ ਕਰਨ, ਈ-ਕੇਵਾਈਸੀ ਤਸਦੀਕ ਅਤੇ ਟੋਕਨ ਪ੍ਰਬੰਧਨ ਪ੍ਰਣਾਲੀ ਵਰਗੇ ਸੁਧਾਰਾਂ ਨੇ ਰਜਿਸਟਰੇਸ਼ਨ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਨਵੀਂ ਪ੍ਰਣਾਲੀ ਰਾਹੀਂ ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਫੀਸ ਦੇ ਭੁਗਤਾਨ ਨੂੰ ਵੀ ਪਹਿਲਾਂ ਨਾਲੋਂ ਵਧੇਰੇ ਸੁਚਾਰੂ ਬਣਾਇਆ ਗਿਆ ਹੈ।

ਈਜ਼ੀ ਰਜਿਸਟਰੀ ਪ੍ਰਣਾਲੀ ਤਹਿਤ ਇੱਕ ਹੋਰ ਵੱਡਾ ਤਕਨੀਕੀ ਸੁਧਾਰ ਜਮ੍ਹਾਂਬੰਦੀ ਪੋਰਟਲ ਨੂੰ ਈਜ਼ੀ ਰਜਿਸਟਰੀ ਪੋਰਟਲ ਨਾਲ ਜੋੜਨਾ ਹੈ। ਇਸ ਪ੍ਰਣਾਲੀ ਰਾਹੀਂ ਕਿਊਆਰ ਕੋਡ ਦੀ ਮਦਦ ਨਾਲ ਡਿਜੀਟਲ ਫਰਦ ਆਪਣੇ ਆਪ ਤਿਆਰ ਹੋ ਜਾਂਦੀ ਹੈ। ਇਸ ਕਾਰਨ ਬਿਨੈਕਾਰਾਂ ਨੂੰ ਹੁਣ ਫਰਦ ਨੂੰ ਹੱਥੋਂ ਅਪਲੋਡ ਕਰਨ ਦੀ ਲੋੜ ਨਹੀਂ ਰਹੀ।

# ਐਬਸਫੋਰਡ 'ਚ ਗੋਲੀਬਾਰੀ ਨਾਲ ਜੁੜਿਆ ਐਮੀ ਵਿਰਕ ਦਾ ਨਾਂ, ਪਰ ਪਿਤਾ ਨੇ ਕੀਤਾ ਵੱਡਾ ਖ਼ੁਲਾਸਾ

## ਪੰਜਾਬੀ ਗਾਇਕ ਅਤੇ ਅਦਾਕਾਰ ਐਮੀ ਵਿਰਕ ਸੁਰੱਖਿਅਤ; ਪਿਤਾ ਕੁਲਜੀਤ ਸਿੰਘ ਨੇ ਕਿਹਾ—ਗੋਲੀਆਂ ਐਮੀ ਦੀ ਗੱਡੀ 'ਤੇ ਨਹੀਂ, ਸਗੋਂ ਸ਼ੋਅ ਕਰਵਾਉਣ ਵਾਲੀ ਪਾਰਟੀ ਨਾਲ ਜੁੜੀ ਘਟਨਾ ਵਿੱਚ ਚੱਲੀਆਂ

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਬਸਫੋਰਡ ਸ਼ਹਿਰ ਵਿੱਚ ਹੋਈ ਗੋਲੀਬਾਰੀ ਦੀ ਇੱਕ ਘਟਨਾ ਨਾਲ ਪੰਜਾਬੀ ਗਾਇਕ ਅਤੇ ਫਿਲਮੀ ਅਦਾਕਾਰ ਐਮੀ ਵਿਰਕ ਦਾ ਨਾਂ ਜੁੜਨ ਤੋਂ ਬਾਅਦ ਉਸ ਦੇ ਪ੍ਰਸ਼ੰਸਕਾਂ ਅਤੇ ਪਰਿਵਾਰਕ ਮੈਂਬਰਾਂ ਵਿੱਚ ਚਿੰਤਾ ਪੈਦਾ ਹੋ ਗਈ। ਸ਼ੁਰੂਆਤੀ ਜਾਣਕਾਰੀ ਵਿੱਚ ਦਾਅਵਾ ਕੀਤਾ ਗਿਆ ਕਿ ਇੱਕ ਰੌਲਜ਼ ਰੌਇਸ ਕਾਰ 'ਤੇ ਅੱਧੀ ਦਰਜਨ ਤੋਂ ਵੱਧ ਗੋਲੀਆਂ ਚਲਾਈਆਂ ਗਈਆਂ ਅਤੇ ਕਾਰ ਵਿੱਚ ਐਮੀ ਵਿਰਕ ਸਮੇਤ ਚਾਰ ਵਿਅਕਤੀ ਸਵਾਰ ਸਨ।

ਘਟਨਾ ਤੋਂ ਬਾਅਦ ਇਹ ਵੀ ਦੱਸਿਆ ਗਿਆ ਕਿ ਕਾਰ ਦੇ ਸ਼ੀਸ਼ਿਆਂ ਉੱਤੇ ਗੋਲੀਆਂ ਦੇ ਨਿਸ਼ਾਨ ਨਜ਼ਰ ਆਏ, ਪਰ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਮਿਲੀ। ਹਾਲਾਂਕਿ ਬਾਅਦ ਵਿੱਚ ਐਮੀ ਵਿਰਕ ਦੇ ਪਿਤਾ ਕੁਲਜੀਤ ਸਿੰਘ ਨੇ ਇਸ ਮਾਮਲੇ ਬਾਰੇ ਵੱਖਰੀ ਜਾਣਕਾਰੀ ਦਿੰਦਿਆਂ ਕਿਹਾ ਕਿ ਗੋਲੀਬਾਰੀ ਐਮੀ ਵਿਰਕ ਦੀ ਆਪਣੀ ਗੱਡੀ ਉੱਪਰ ਨਹੀਂ ਹੋਈ।



ਸ਼ੋਅ ਤੋਂ ਬਾਅਦ ਦੋਸਤਾਂ ਨਾਲ ਜਾ ਰਿਹਾ ਸੀ ਐਮੀ ਵਿਰਕ

ਮਿਲੀ ਜਾਣਕਾਰੀ ਅਨੁਸਾਰ ਐਮੀ ਵਿਰਕ ਇਲਾਕੇ ਵਿੱਚ ਆਪਣਾ ਇੱਕ ਸ਼ੋਅ ਕਰਨ ਤੋਂ ਬਾਅਦ ਆਪਣੇ ਦੋਸਤਾਂ ਨਾਲ ਜਾ ਰਿਹਾ ਸੀ। ਇਸ ਦੌਰਾਨ ਐਬਸਫੋਰਡ ਇਲਾਕੇ ਵਿੱਚ ਇੱਕ ਚਲਦੀ ਕਾਰ ਨੂੰ ਨਿਸ਼ਾਨਾ ਬਣਾ ਕੇ ਗੋਲੀਬਾਰੀ ਕੀਤੀ ਗਈ।

ਪੁਲੀਸ ਵੱਲੋਂ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹਮਲਾਵਰਾਂ ਦਾ ਅਸਲ ਨਿਸ਼ਾਨਾ ਕੌਣ ਸੀ। ਨਿੱਜਤਾ ਦੇ ਮੱਦੇਨਜ਼ਰ ਪੁਲੀਸ ਨੇ ਕਾਰ ਵਿੱਚ ਸਵਾਰ ਵਿਅਕਤੀਆਂ ਦੀ ਪਛਾਣ ਜਨਤਕ ਕਰਨ ਤੋਂ ਗੁਰੇਜ਼ ਕੀਤਾ ਹੈ।

ਪੁਲੀਸ ਦਾ ਕਹਿਣਾ ਹੈ ਕਿ ਜਾਂਚ ਦਾ ਮੁੱਖ ਕੇਂਦਰ ਇਹ ਪਤਾ ਲਗਾਉਣਾ ਹੈ ਕਿ ਗੋਲੀਬਾਰੀ ਕਿਸੇ ਖਾਸ ਵਿਅਕਤੀ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਸੀ ਜਾਂ ਨਹੀਂ। ਇਸ ਮਾਮਲੇ ਦੀ ਜਾਂਚ ਵਿਸ਼ੇਸ਼ ਪੁਲੀਸ ਟੀਮ ਨੂੰ ਸੌਂਪੀ ਗਈ ਹੈ।

ਮਕੱਲਮ ਰੋਡ ਅਤੇ ਸਾਊਥ ਫਰੇਜ਼ਰ ਵੇਅ ਨੇੜੇ ਵਾਪਰੀ ਘਟਨਾ

ਜਾਣਕਾਰੀ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਐਬਸਫੋਰਡ ਦੀ ਮਕੱਲਮ ਰੋਡ ਅਤੇ ਸਾਊਥ ਫਰੇਜ਼ਰ ਵੇਅ ਦੇ ਨੇੜੇ ਵਾਪਰੀ। ਹਮਲਾਵਰਾਂ ਵੱਲੋਂ ਕਥਿਤ ਤੌਰ 'ਤੇ ਚਲਦੀ ਕਾਰ ਨੂੰ ਨਿਸ਼ਾਨਾ ਬਣਾਇਆ ਗਿਆ।

ਘਟਨਾ ਤੋਂ ਬਾਅਦ ਗੋਲੀਬਾਰੀ ਲਈ ਵਰਤੀ ਗਈ ਕਾਰ ਨੂੰ ਕੁਝ ਦੂਰੀ 'ਤੇ ਲਿਜਾ ਕੇ ਅੱਗ ਲਗਾ ਦਿੱਤੀ ਗਈ। ਅਜਿਹੀਆਂ ਘਟਨਾਵਾਂ ਵਿੱਚ ਵਾਹਨ ਨੂੰ ਸਾੜਨ ਦੀ ਕਾਰਵਾਈ ਨੂੰ ਅਕਸਰ ਜਾਂਚ ਤੋਂ ਬਚਣ ਅਤੇ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾਂਦਾ ਹੈ।

ਜਾਂਚ ਏਜੰਸੀਆਂ ਹੁਣ ਹਮਲਾਵਰਾਂ ਦੀ ਪਛਾਣ ਕਰਨ ਅਤੇ ਗੋਲੀਬਾਰੀ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਵਿੱਚ ਜੁਟੀਆਂ ਹੋਈਆਂ ਹਨ।

ਸਰੀ, ਐਬਸਫੋਰਡ ਅਤੇ ਡੈਲਟਾ ਵਿੱਚ ਮੁੜ ਵਧੀਆਂ ਗੋਲੀਬਾਰੀ ਦੀਆਂ ਘਟਨਾਵਾਂ

ਦੋ ਮਹੀਨਿਆਂ ਦੀ ਤੁਲਨਾਤਮਕ ਸ਼ਾਂਤੀ ਤੋਂ ਬਾਅਦ ਪਿਛਲੇ ਕੁਝ ਦਿਨਾਂ ਦੌਰਾਨ ਸਰੀ ਅਤੇ ਇਸ ਦੇ ਨੇੜਲੇ ਸ਼ਹਿਰਾਂ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਮੁੜ ਸਾਹਮਣੇ ਆਉਣ ਲੱਗੀਆਂ ਹਨ।

ਜਾਣਕਾਰੀ ਅਨੁਸਾਰ ਪਿਛਲੇ ਚਾਰ ਦਿਨਾਂ ਵਿੱਚ ਸਰੀ, ਐਬਸਫੋਰਡ ਅਤੇ ਡੈਲਟਾ ਦੇ ਵੱਖ-ਵੱਖ ਇਲਾਕਿਆਂ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਰਾਹਤ ਦੀ ਗੱਲ ਇਹ ਰਹੀ ਕਿ ਇਨ੍ਹਾਂ ਘਟਨਾਵਾਂ ਵਿੱਚ ਕਿਸੇ ਵੱਡੇ ਜਾਨੀ ਨੁਕਸਾਨ ਦੀ ਖ਼ਬਰ ਸਾਹਮਣੇ ਨਹੀਂ ਆਈ।

ਕੁਝ ਸਮਾਂ ਪਹਿਲਾਂ ਅਮਰੀਕੀ ਜਾਂਚ ਏਜੰਸੀ ਐਫ਼ਬੀਆਈ ਵੱਲੋਂ ਗਿਰੋਹਬੰਦੀ ਹਿੰਸਾ ਅਤੇ ਨਸ਼ਾ ਤਸਕਰੀ ਨਾਲ ਜੁੜੇ ਕੁਝ ਲੋਕਾਂ ਬਾਰੇ ਜਾਣਕਾਰੀ ਸਾਹਮਣੇ ਆਉਣ ਤੋਂ ਬਾਅਦ ਕੈਨੇਡਾ ਵਿੱਚ ਗਿਰੋਹਾਂ ਨਾਲ ਸਬੰਧਤ ਹਿੰਸਕ ਘਟਨਾਵਾਂ ਵਿੱਚ ਕੁਝ ਹੱਦ ਤੱਕ ਕਮੀ ਮਹਿਸੂਸ ਕੀਤੀ ਗਈ ਸੀ। ਲੋਕਾਂ ਦੇ ਮਨਾਂ ਵਿੱਚ ਬਣੀ ਦਹਿਸ਼ਤ ਵੀ ਹੌਲੀ-ਹੌਲੀ ਘਟਣ ਲੱਗੀ ਸੀ।

ਪਰ ਹੁਣ ਮੁੜ ਵਾਪਰ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਨੇ ਸਰੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਚਿੰਤਾ ਵਧਾ ਦਿੱਤੀ ਹੈ।

ਗੋਲੀਆਂ ਐਮੀ ਵਿਰਕ ਦੀ ਗੱਡੀ 'ਤੇ ਨਹੀਂ ਚੱਲੀਆਂ: ਪਿਤਾ ਕੁਲਜੀਤ ਸਿੰਘ

ਇਸ ਘਟਨਾ ਦੀ ਖ਼ਬਰ ਪੰਜਾਬ ਅਤੇ ਕੈਨੇਡਾ ਵਿੱਚ ਤੇਜ਼ੀ ਨਾਲ ਫੈਲਣ ਤੋਂ ਬਾਅਦ ਐਮੀ ਵਿਰਕ ਦਾ ਪਰਿਵਾਰ ਵੀ ਚਿੰਤਤ ਹੋ ਗਿਆ। ਐਮੀ ਵਿਰਕ ਦੇ ਪਿਤਾ ਕੁਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਸਵੇਰੇ ਇਹ ਖ਼ਬਰ ਸੁਣਨ ਤੋਂ ਬਾਅਦ ਆਪਣੇ ਪੁੱਤਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ।

ਉਨ੍ਹਾਂ ਕਿਹਾ ਕਿ ਉਸ ਸਮੇਂ ਤੱਕ ਉਨ੍ਹਾਂ ਦੀ ਐਮੀ ਨਾਲ ਸਿੱਧੀ ਗੱਲ ਨਹੀਂ ਹੋ ਸਕੀ ਸੀ। ਹਾਲਾਂਕਿ ਉਨ੍ਹਾਂ ਦੇ ਪੁੱਤਰ ਭਗਵੰਤ ਦੀ ਐਮੀ ਵਿਰਕ ਨਾਲ ਰੋਜ਼ਾਨਾ ਗੱਲਬਾਤ ਹੁੰਦੀ ਰਹਿੰਦੀ ਹੈ ਅਤੇ ਉਸ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਗੋਲੀਬਾਰੀ ਐਮੀ ਵਿਰਕ ਦੀ ਗੱਡੀ ਉੱਪਰ ਨਹੀਂ ਹੋਈ।

ਕੁਲਜੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਘਟਨਾ ਦਾ ਸਬੰਧ ਉਸ ਪਾਰਟੀ ਨਾਲ ਦੱਸਿਆ ਜਾ ਰਿਹਾ ਹੈ, ਜਿਸ ਨੇ ਐਮੀ ਵਿਰਕ ਦਾ ਸ਼ੋਅ ਕਰਵਾਇਆ ਸੀ। ਉਨ੍ਹਾਂ ਇਹ ਵੀ ਕਿਹਾ ਕਿ ਐਮੀ ਵਿਰਕ ਪੂਰੀ ਤਰ੍ਹਾਂ ਸੁਰੱਖਿਅਤ ਹੈ ਅਤੇ ਉਸ ਦੀ ਕਿਸੇ ਨਾਲ ਕੋਈ ਨਿੱਜੀ ਦੁਸ਼ਮਣੀ ਜਾਂ ਲੜਾਈ ਨਹੀਂ ਹੈ।

ਨਾਭਾ ਦੇ ਪਿੰਡ ਲੋਹਾਰ ਮਾਜਰਾ ਦੇ ਸਰਪੰਚ ਕੁਲਜੀਤ ਸਿੰਘ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਦੀ ਦੱਸੀ ਜਾ ਰਹੀ ਹੈ ਅਤੇ ਪਰਿਵਾਰ ਨੂੰ ਮਿਲੀ ਜਾਣਕਾਰੀ ਅਨੁਸਾਰ ਐਮੀ ਵਿਰਕ ਸੁਰੱਖਿਅਤ ਹੈ।

ਫਿਲਹਾਲ ਇਸ ਮਾਮਲੇ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਸਾਹਮਣੇ ਆ ਰਹੀ ਹੈ। ਪੁਲੀਸ ਵੱਲੋਂ ਗੋਲੀਬਾਰੀ ਦੀ ਘਟਨਾ ਦੀ ਜਾਂਚ ਜਾਰੀ ਹੈ ਅਤੇ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਇਹ ਸਪੱਸ਼ਟ ਹੋ ਸਕੇਗਾ ਕਿ ਹਮਲਾਵਰਾਂ ਦਾ ਅਸਲ ਨਿਸ਼ਾਨਾ ਕੌਣ ਸੀ ਅਤੇ ਇਸ ਘਟਨਾ ਦਾ ਪੰਜਾਬੀ ਗਾਇਕ ਐਮੀ ਵਿਰਕ ਨਾਲ ਕੋਈ ਸਿੱਧਾ ਸਬੰਧ ਸੀ ਜਾਂ ਨਹੀਂ।

# ਮੋਹਣਜੀਤ ਸਿੰਘ ਨੂੰ ਮਿਲੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਰਜੀਤ ਗਰੇਵਾਲ, ਪੰਜਾਬ ਦੇ ਡੀਜੀਪੀ ਤੋਂ 10 ਦਿਨਾਂ ਵਿੱਚ ਮੰਗੀ ਰਿਪੋਰਟ

## ਹਿਰਾਸਤ ਦੌਰਾਨ ਕਥਿਤ ਤਸ਼ੱਦਦ ਅਤੇ ਧਾਰਮਿਕ ਪਛਾਣ ਨਾਲ ਛੇੜਛਾੜ ਦੇ ਦੋਸ਼ਾਂ ਦਾ ਕਮਿਸ਼ਨ ਨੇ ਲਿਆ ਗੰਭੀਰ ਨੋਟਿਸ; ਨਿਰਪੱਖ ਅਤੇ ਸਮਾਂਬੱਧ ਜਾਂਚ ਦੀ ਮੰਗ



ਮੋਹਣਜੀਤ ਸਿੰਘ ਨਾਲ ਵਾਪਰੀ ਕਥਿਤ ਘਟਨਾ ਦੇ ਲਗਪਗ ਇੱਕ ਹਫ਼ਤੇ ਬਾਅਦ ਕੌਮੀ ਘੱਟ ਗਿਣਤੀਆਂ ਕਮਿਸ਼ਨ ਨੇ ਮਾਮਲੇ ਦਾ ਗੰਭੀਰ ਨੋਟਿਸ ਲਿਆ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ ਨੂੰ ਪੱਤਰ ਲਿਖ ਕੇ ਇਸ ਮਾਮਲੇ ਸਬੰਧੀ 10 ਦਿਨਾਂ ਦੇ ਅੰਦਰ ਵਿਸਤ੍ਰਿਤ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਅੱਜ ਰਾਜਿੰਦਰਾ ਹਸਪਤਾਲ, ਪਟਿਆਲਾ ਦਾ ਦੌਰਾ ਕਰਕੇ ਪਿੰਡ ਸ਼ੇਰੋਂ, ਜ਼ਿਲ੍ਹਾ ਸੰਗਰੂਰ ਦੇ ਵਸਨੀਕ ਮੋਹਣਜੀਤ ਸਿੰਘ ਨਾਲ ਮੁਲਾਕਾਤ ਕੀਤੀ। ਮੋਹਣਜੀਤ ਸਿੰਘ ਇਸ ਸਮੇਂ ਹਸਪਤਾਲ ਵਿੱਚ ਇਲਾਜ ਅਧੀਨ ਹਨ।

ਮੁਲਾਕਾਤ ਦੌਰਾਨ ਚੇਅਰਮੈਨ ਨੇ ਮੋਹਣਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਵਿਸਥਾਰ ਵਿੱਚ ਗੱਲਬਾਤ ਕੀਤੀ ਅਤੇ ਘਟਨਾ ਸਬੰਧੀ ਉਨ੍ਹਾਂ ਦਾ ਪੱਖ ਸੁਣਿਆ। ਪਰਿਵਾਰ ਵੱਲੋਂ ਕੌਮੀ ਘੱਟ ਗਿਣਤੀਆਂ ਕਮਿਸ਼ਨ ਕੋਲ ਕੀਤੀ ਗਈ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਬਾਰੇ ਵੀ ਉਨ੍ਹਾਂ ਨੇ ਨਿੱਜੀ ਤੌਰ ’ਤੇ ਜਾਣਕਾਰੀ ਹਾਸਲ ਕੀਤੀ।

**2 ਸਤੰਬਰ ਦੀ ਘਟਨਾ ਨਾਲ ਜੁੜਿਆ ਹੈ ਮਾਮਲਾ**

ਪਰਿਵਾਰ ਵੱਲੋਂ ਕਮਿਸ਼ਨ ਨੂੰ ਦਿੱਤੀ ਗਈ ਸ਼ਿਕਾਇਤ ਅਨੁਸਾਰ ਇਹ ਮਾਮਲਾ 2 ਸਤੰਬਰ ਨੂੰ ਵਾਪਰੀ ਇੱਕ ਘਟਨਾ ਨਾਲ ਸਬੰਧਤ ਹੈ। ਉਸ ਦਿਨ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ “ਲੋਕ ਮਿਲਣੀ” ਪ੍ਰੋਗਰਾਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਿੰਡ ਸ਼ੇਰੋਂ, ਸੁਨਾਮ ਵਿਖੇ ਵਰਕਰਾਂ ਅਤੇ ਇਲਾਕੇ ਦੇ ਲੋਕਾਂ ਨੂੰ ਸੰਬੋਧਨ ਕੀਤਾ ਸੀ।

ਸ਼ਿਕਾਇਤ ਵਿੱਚ ਦੱਸਿਆ ਗਿਆ ਹੈ ਕਿ ਮੋਹਣਜੀਤ ਸਿੰਘ ਨੇ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ਦੇ ਵਿਰੋਧ ਵਜੋਂ ਕਥਿਤ ਤੌਰ ’ਤੇ ਕਾਲਾ ਝੰਡਾ ਦਿਖਾਇਆ ਸੀ।

ਇਸ ਤੋਂ ਬਾਅਦ ਉਨ੍ਹਾਂ ਨੂੰ ਪੁਲੀਸ ਹਿਰਾਸਤ ਵਿੱਚ ਲਏ ਜਾਣ ਅਤੇ ਕਥਿਤ ਤੌਰ ’ਤੇ ਸਰੀਰਕ ਹਿੰਸਾ ਅਤੇ ਤਸ਼ੱਦਦ ਦਾ ਸ਼ਿਕਾਰ ਬਣਾਏ ਜਾਣ ਦੇ ਗੰਭੀਰ ਦੋਸ਼ ਲਗਾਏ ਗਏ ਹਨ।

**ਮਾਰਕੁੱਟ ਅਤੇ ਕਰੰਟ ਦੇਣ ਸਮੇਤ ਕਈ ਗੰਭੀਰ ਦੋਸ਼**

ਕੌਮੀ ਘੱਟ ਗਿਣਤੀਆਂ ਕਮਿਸ਼ਨ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ ਮੋਹਣਜੀਤ ਸਿੰਘ ਨੂੰ ਹਿਰਾਸਤ ਦੌਰਾਨ ਸਰੀਰਕ ਤੌਰ ’ਤੇ ਪਰੇਸ਼ਾਨ ਕੀਤਾ ਗਿਆ।

ਸ਼ਿਕਾਇਤ ਵਿੱਚ ਮਾਰਕੁੱਟ ਕਰਨ, ਸੱਟਾਂ ਪਹੁੰਚਾਉਣ ਅਤੇ ਕਥਿਤ ਤੌਰ ’ਤੇ ਕਰੰਟ ਦੇਣ ਵਰਗੇ ਗੰਭੀਰ ਦੋਸ਼ ਵੀ ਸ਼ਾਮਲ ਹਨ।

ਇਨ੍ਹਾਂ ਦੋਸ਼ਾਂ ਦੀ ਸੱਚਾਈ ਅਤੇ ਹਾਲਾਤਾਂ ਦੀ ਅਜੇ ਸਬੰਧਤ ਅਧਿਕਾਰੀਆਂ ਅਤੇ ਕਮਿਸ਼ਨ ਵੱਲੋਂ ਜਾਂਚ ਕੀਤੀ ਜਾਣੀ ਹੈ। ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਉਹ ਜਾਂਚ ਦੇ ਨਤੀਜਿਆਂ ਬਾਰੇ ਪਹਿਲਾਂ ਤੋਂ ਕੋਈ ਫ਼ੈਸਲਾ ਨਹੀਂ ਕਰੇਗਾ, ਸਗੋਂ ਸਾਰੇ ਤੱਥਾਂ ਅਤੇ ਰਿਕਾਰਡ ਦੀ ਸਮੀਖਿਆ ਕਰਨ ਤੋਂ ਬਾਅਦ ਹੀ ਅਗਲੀ ਕਾਰਵਾਈ ਬਾਰੇ ਫ਼ੈਸਲਾ ਕੀਤਾ ਜਾਵੇਗਾ।

**ਧਾਰਮਿਕ ਪਛਾਣ ਨਾਲ ਛੇੜਛਾੜ ਦੇ ਵੀ ਲਗਾਏ ਗਏ ਦੋਸ਼**

ਸ਼ਿਕਾਇਤ ਵਿੱਚ ਮੋਹਣਜੀਤ ਸਿੰਘ ਦੀ ਧਾਰਮਿਕ ਪਛਾਣ ਨਾਲ ਕਥਿਤ ਤੌਰ ’ਤੇ ਛੇੜਛਾੜ ਕੀਤੇ ਜਾਣ ਬਾਰੇ ਵੀ ਗੰਭੀਰ ਦੋਸ਼ ਲਗਾਏ ਗਏ ਹਨ।

ਪਰਿਵਾਰ ਵੱਲੋਂ ਕਮਿਸ਼ਨ ਨੂੰ ਦੱਸਿਆ ਗਿਆ ਕਿ ਕਥਿਤ ਤੌਰ ’ਤੇ ਉਨ੍ਹਾਂ ਦਾ ਜੂੜਾ ਜ਼ਬਰਦਸਤੀ ਖੋਲ੍ਹਿਆ ਗਿਆ ਅਤੇ ਉਨ੍ਹਾਂ ਦੇ ਵਾਲਾਂ ਅਤੇ ਦਾੜ੍ਹੀ ਨਾਲ ਵੀ ਬਦਸਲੂਕੀ ਕੀਤੀ ਗਈ।

ਇਸ ਤੋਂ ਇਲਾਵਾ ਸ਼ਿਕਾਇਤ ਵਿੱਚ ਪੁਲੀਸ ਕਰਮਚਾਰੀਆਂ ਵੱਲੋਂ ਮੋਹਣਜੀਤ ਸਿੰਘ ਦੀ ਮਾਤਾ ਅਤੇ ਭੈਣ ਨਾਲ ਕਥਿਤ ਤੌਰ ’ਤੇ ਬਦਸਲੂਕੀ ਕੀਤੇ ਜਾਣ ਦੇ ਦੋਸ਼ ਵੀ ਸ਼ਾਮਲ ਹਨ।

ਇਨ੍ਹਾਂ ਸਾਰੇ ਦੋਸ਼ਾਂ ਨੂੰ ਕਮਿਸ਼ਨ ਨੇ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਪੁਲੀਸ ਤੋਂ ਵਿਸਤ੍ਰਿਤ ਰਿਪੋਰਟ ਮੰਗੀ ਹੈ।

**ਚੇਅਰਮੈਨ ਨੇ ਪਰਿਵਾਰ ਦੀਆਂ ਚਿੰਤਾਵਾਂ ਨੂੰ ਵਿਸਥਾਰ ਨਾਲ ਸੁਣਿਆ**

ਰਾਜਿੰਦਰਾ ਹਸਪਤਾਲ ਵਿਖੇ ਮੁਲਾਕਾਤ ਦੌਰਾਨ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਮੋਹਣਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਨੂੰ ਵਿਸਥਾਰ ਨਾਲ ਸੁਣਿਆ।

ਉਨ੍ਹਾਂ ਨੇ ਘਟਨਾ ਦੇ ਆਲੇ-ਦੁਆਲੇ ਦੇ ਹਾਲਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਬਾਰੇ ਜਾਣਕਾਰੀ ਲਈ।

ਕਮਿਸ਼ਨ ਦੇ ਚੇਅਰਮੈਨ ਨੇ ਕਿਹਾ ਕਿ ਹਰ ਨਾਗਰਿਕ ਨੂੰ ਮਾਣ ਅਤੇ ਸਨਮਾਨ ਨਾਲ ਜੀਣ ਦਾ ਅਧਿਕਾਰ ਹੈ ਅਤੇ ਹਰ ਵਿਅਕਤੀ ਦੀ ਧਾਰਮਿਕ ਪਛਾਣ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

**ਪੰਜਾਬ ਦੇ ਡੀਜੀਪੀ ਤੋਂ 10 ਦਿਨਾਂ ਵਿੱਚ ਮੰਗੀ ਵਿਸਤ੍ਰਿਤ ਰਿਪੋਰਟ**

ਕੌਮੀ ਘੱਟ ਗਿਣਤੀਆਂ ਕਮਿਸ਼ਨ ਨੇ ਪਹਿਲਾਂ ਹੀ ਪਰਿਵਾਰ ਵੱਲੋਂ ਦਿੱਤੀ ਗਈ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ ਨੂੰ ਪੱਤਰ ਭੇਜਿਆ ਹੈ।

ਕਮਿਸ਼ਨ ਨੇ ਡੀਜੀਪੀ ਪੰਜਾਬ ਤੋਂ 10 ਦਿਨਾਂ ਦੇ ਅੰਦਰ ਵਿਸਤ੍ਰਿਤ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

ਰਿਪੋਰਟ ਵਿੱਚ ਮਾਮਲੇ ਦੀ ਅਸਲ ਸਥਿਤੀ, ਹੁਣ ਤੱਕ ਕੀਤੀ ਗਈ ਕਾਰਵਾਈ, ਜਾਂਚ ਜਾਂ ਹੋਰ ਕਾਨੂੰਨੀ ਪ੍ਰਕਿਰਿਆ ਦੀ ਮੌਜੂਦਾ ਸਥਿਤੀ ਅਤੇ ਸ਼ਿਕਾਇਤ ਵਿੱਚ ਉਠਾਏ ਗਏ ਦੋਸ਼ਾਂ ਨਾਲ ਸਬੰਧਤ ਹੋਰ ਤੱਥਾਂ ਦੀ ਜਾਣਕਾਰੀ ਮੰਗੀ ਗਈ ਹੈ।

ਕਮਿਸ਼ਨ ਵੱਲੋਂ ਪੰਜਾਬ ਪੁਲੀਸ ਤੋਂ ਮਿਲਣ ਵਾਲੀ ਰਿਪੋਰਟ ਦੀ ਵਿਸਥਾਰ ਨਾਲ ਜਾਂਚ ਕੀਤੀ ਜਾਵੇਗੀ।

**ਤੱਥਾਂ ਅਤੇ ਰਿਕਾਰਡ ਦੇ ਆਧਾਰ ’ਤੇ ਹੋਵੇਗੀ ਅਗਲੀ ਕਾਰਵਾਈ**

ਕੌਮੀ ਘੱਟ ਗਿਣਤੀਆਂ ਕਮਿਸ਼ਨ ਨੇ ਕਿਹਾ ਹੈ ਕਿ ਪੰਜਾਬ ਪੁਲੀਸ ਤੋਂ ਪ੍ਰਾਪਤ ਹੋਣ ਵਾਲੀ ਰਿਪੋਰਟ ਅਤੇ ਕਮਿਸ਼ਨ ਅੱਗੇ ਪੇਸ਼ ਕੀਤੇ ਜਾਣ ਵਾਲੇ ਹੋਰ ਤੱਥਾਂ ਅਤੇ ਸਮੱਗਰੀ ਦੀ ਸਮੀਖਿਆ ਕੀਤੀ ਜਾਵੇਗੀ।

ਇਸ ਤੋਂ ਬਾਅਦ ਕਮਿਸ਼ਨ ਆਪਣੇ ਕਾਨੂੰਨੀ ਅਧਿਕਾਰ ਖੇਤਰ ਅੰਦਰ ਜੋ ਵੀ ਕਾਰਵਾਈ ਉਚਿਤ ਸਮਝੇਗਾ, ਉਸ ਬਾਰੇ ਫ਼ੈਸਲਾ ਕੀਤਾ ਜਾਵੇਗਾ।

ਕਮਿਸ਼ਨ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਜਾਂਚ ਪੂਰੀ ਹੋਣ ਤੋਂ ਪਹਿਲਾਂ ਕਿਸੇ ਵੀ ਨਤੀਜੇ ’ਤੇ ਪਹੁੰਚਣਾ ਉਚਿਤ ਨਹੀਂ ਹੋਵੇਗਾ।

**‘ਦੋਸ਼ ਗੰਭੀਰ ਹਨ, ਨਿਰਪੱਖ ਜਾਂਚ ਜ਼ਰੂਰੀ’**

ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਉਹ ਨਿੱਜੀ ਤੌਰ ’ਤੇ ਮੋਹਣਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਿਲੇ ਹਨ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ ਹੈ।

ਉਨ੍ਹਾਂ ਕਿਹਾ ਕਿ ਕੌਮੀ ਘੱਟ ਗਿਣਤੀਆਂ ਕਮਿਸ਼ਨ ਅੱਗੇ ਰੱਖੇ ਗਏ ਦੋਸ਼ ਗੰਭੀਰ ਹਨ, ਖ਼ਾਸ ਕਰਕੇ ਉਹ ਦੋਸ਼ ਜੋ ਕਥਿਤ ਸਰੀਰਕ ਹਿੰਸਾ, ਹਿਰਾਸਤ ਦੌਰਾਨ ਕੀਤੇ ਗਏ ਸਲੂਕ ਅਤੇ ਇੱਕ ਸਿੱਖ ਵਜੋਂ ਮੋਹਣਜੀਤ ਸਿੰਘ ਦੀ ਧਾਰਮਿਕ ਪਛਾਣ ਨਾਲ ਕਥਿਤ ਦਖਲਅੰਦਾਜ਼ੀ ਨਾਲ ਸਬੰਧਤ ਹਨ।

ਗਰੇਵਾਲ ਨੇ ਕਿਹਾ ਕਿ ਹਰ ਨਾਗਰਿਕ ਮਾਣ, ਸਨਮਾਨ ਅਤੇ ਆਪਣੀ ਧਾਰਮਿਕ ਪਛਾਣ ਦੀ ਸੁਰੱਖਿਆ ਦਾ ਹੱਕਦਾਰ ਹੈ।

ਉਨ੍ਹਾਂ ਕਿਹਾ ਕਿ ਕਮਿਸ਼ਨ ਪਹਿਲਾਂ ਹੀ ਸ਼ਿਕਾਇਤ ਦਾ ਨੋਟਿਸ ਲੈ ਚੁੱਕਾ ਹੈ ਅਤੇ ਪੰਜਾਬ ਦੇ ਡੀਜੀਪੀ ਤੋਂ 10 ਦਿਨਾਂ ਦੇ ਅੰਦਰ ਵਿਸਤ੍ਰਿਤ ਰਿਪੋਰਟ ਮੰਗੀ ਗਈ ਹੈ।

**ਅਧਿਕਾਰੀਆਂ ਤੋਂ ਪਾਰਦਰਸ਼ੀ ਅਤੇ ਸਮਾਂਬੱਧ ਜਾਂਚ ਦੀ ਉਮੀਦ**

ਚੇਅਰਮੈਨ ਨੇ ਕਿਹਾ ਕਿ ਉਹ ਸਬੰਧਤ ਅਧਿਕਾਰੀਆਂ ਤੋਂ ਉਮੀਦ ਕਰਦੇ ਹਨ ਕਿ ਮਾਮਲੇ ਵਿੱਚ ਲਗਾਏ ਗਏ ਸਾਰੇ ਦੋਸ਼ਾਂ ਦੀ ਨਿਰਪੱਖ, ਪਾਰਦਰਸ਼ੀ ਅਤੇ ਸਮਾਂਬੱਧ ਜਾਂਚ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਜਾਂਚ ਨਾਲ ਸਬੰਧਤ ਸਾਰੇ ਤੱਥ ਅਤੇ ਰਿਕਾਰਡ ਕਮਿਸ਼ਨ ਅੱਗੇ ਪੇਸ਼ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਮਾਮਲੇ ਦੀ ਸਹੀ ਤਸਵੀਰ ਸਾਹਮਣੇ ਆ ਸਕੇ।

ਗਰੇਵਾਲ ਨੇ ਸਪੱਸ਼ਟ ਕੀਤਾ ਕਿ ਕਮਿਸ਼ਨ ਜਾਂਚ ਦੇ ਨਤੀਜੇ ਬਾਰੇ ਪਹਿਲਾਂ ਤੋਂ ਕੋਈ ਫ਼ੈਸਲਾ ਨਹੀਂ ਕਰੇਗਾ, ਪਰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਸ਼ਿਕਾਇਤ ਦੀ ਪੂਰੀ ਗੰਭੀਰਤਾ ਨਾਲ ਜਾਂਚ ਹੋਵੇ।

ਉਨ੍ਹਾਂ ਕਿਹਾ ਕਿ ਮੋਹਣਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ।

ਰਿਪੋਰਟ ਅਤੇ ਕਮਿਸ਼ਨ ਦੇ ਸਾਹਮਣੇ ਰੱਖੀ ਜਾਣ ਵਾਲੀ ਸਮੱਗਰੀ ਦੀ ਜਾਂਚ ਕਰਨ ਤੋਂ ਬਾਅਦ ਕੌਮੀ ਘੱਟ ਗਿਣਤੀਆਂ ਕਮਿਸ਼ਨ ਆਪਣੇ ਕਾਨੂੰਨੀ ਦਾਇਰੇ ਅੰਦਰ ਅਗਲੀ ਉਚਿਤ ਕਾਰਵਾਈ ਕਰੇਗਾ।

ਇਸ ਮਾਮਲੇ ਵਿੱਚ ਹੁਣ ਪੰਜਾਬ ਪੁਲੀਸ ਵੱਲੋਂ ਕੌਮੀ ਘੱਟ ਗਿਣਤੀਆਂ ਕਮਿਸ਼ਨ ਨੂੰ ਦਿੱਤੀ ਜਾਣ ਵਾਲੀ ਵਿਸਤ੍ਰਿਤ ਰਿਪੋਰਟ ਅਤੇ ਉਸ ਤੋਂ ਬਾਅਦ ਕਮਿਸ਼ਨ ਵੱਲੋਂ ਕੀਤੀ ਜਾਣ ਵਾਲੀ ਅਗਲੀ ਕਾਰਵਾਈ ’ਤੇ ਨਜ਼ਰ ਰਹੇਗੀ।

# ਗੁਲਜ਼ਾਰ ਸਿੰਘ ਦੀ ਮੌਤ ਤੇ ਮੋਹਣਜੀਤ ਸਿੰਘ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ, ਕੇਵਲ ਢਿੱਲੋਂ ਨੇ ਰਾਜਪਾਲ ਨੂੰ ਸੌਂਪਿਆ ਮੰਗ ਪੱਤਰ

**ਸੰਗਰੂਰ ਦੇ ਦੋ ਗੰਭੀਰ ਮਾਮਲਿਆਂ ਨੂੰ ਲੈ ਕੇ ਪੰਜਾਬ ਭਾਜਪਾ ਦਾ ਰਾਜਪਾਲ ਤੱਕ ਪਹੁੰਚ; ਜ਼ਿੰਮੇਵਾਰ ਸਿਵਲ ਅਤੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ, ਬੁੱਧਵਾਰ ਨੂੰ ਪੰਜਾਬ ਭਰ ਵਿੱਚ ਪ੍ਰਦਰਸ਼ਨ ਦਾ ਐਲਾਨ**

ਪੰਜਾਬ ਦੀ ਸਿਆਸਤ ਵਿੱਚ ਨਸ਼ਿਆਂ ਦੇ ਮੁੱਦੇ ਅਤੇ ਕਥਿਤ ਪੁਲੀਸ ਤਸ਼ੱਦਦ ਦੇ ਮਾਮਲਿਆਂ ਨੂੰ ਲੈ ਕੇ ਭਾਜਪਾ ਨੇ ਪੰਜਾਬ ਸਰਕਾਰ ਖ਼ਿਲਾਫ਼ ਆਪਣਾ ਰੁਖ ਹੋਰ ਸਖ਼ਤ ਕਰ ਦਿੱਤਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਕੇ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਦੋ ਗੰਭੀਰ ਮਾਮਲਿਆਂ ਵਿੱਚ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ।

ਭਾਜਪਾ ਵਫ਼ਦ ਨੇ ਰਾਜਪਾਲ ਨੂੰ ਮੰਗ ਪੱਤਰ ਸੌਂਪਦਿਆਂ ਤੂਰ ਬੰਜਾਰਾ ਪਿੰਡ ਦੇ ਵਸਨੀਕ ਗੁਲਜ਼ਾਰ ਸਿੰਘ ਦੀ ਮੌਤ ਅਤੇ ਮੋਹਣਜੀਤ ਸਿੰਘ ਨਾਲ ਕਥਿਤ ਤਸ਼ੱਦਦ ਦੇ ਮਾਮਲੇ ਨੂੰ ਗੰਭੀਰਤਾ ਨਾਲ ਉਠਾਇਆ।

ਇਸ ਮੌਕੇ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਦੋਵਾਂ ਮਾਮਲਿਆਂ ਵਿੱਚ ਲਗਾਏ ਗਏ ਦੋਸ਼ਾਂ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਅਤੇ ਕਿਹਾ ਕਿ ਸਾਰੇ ਤੱਥਾਂ ਨੂੰ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ।

**ਗੁਲਜ਼ਾਰ ਸਿੰਘ ਦੀ ਮੌਤ ਦੇ ਮਾਮਲੇ ਵਿੱਚ ਸੀਬੀਆਈ ਜਾਂਚ ਦੀ ਮੰਗ**

ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਗੁਲਜ਼ਾਰ ਸਿੰਘ ਨੇ ਵਿੱਤ ਮੰਤਰੀ ਦੀ ਇੱਕ ਲੋਕ ਮਿਲਣੀ ਦੌਰਾਨ ਆਪਣੇ ਇਲਾਕੇ ਵਿੱਚ ਕਥਿਤ ਤੌਰ ’ਤੇ ਖੁੱਲ੍ਹੇਆਮ ਵਿਕ ਰਹੇ ਨਸ਼ਿਆਂ, ਖ਼ਾਸ ਕਰਕੇ ‘ਚਿੱਟੇ’, ਦਾ ਮੁੱਦਾ ਚੁੱਕਿਆ ਸੀ।

ਉਨ੍ਹਾਂ ਕਿਹਾ ਕਿ ਗੁਲਜ਼ਾਰ ਸਿੰਘ ਨੇ ਆਪਣੇ ਇਲਾਕੇ ਵਿੱਚ ਨਸ਼ਿਆਂ ਦੀ ਸਮੱਸਿਆ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਪਰਿਵਾਰ ਨੂੰ ਵੀ ਗੁਲਜ਼ਾਰ ਸਿੰਘ ਦੇ ਪੁੱਤਰ ਦੀ ਨਸ਼ਿਆਂ ਦੀ ਗੰਭੀਰ ਲਤ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ।

ਭਾਜਪਾ ਪ੍ਰਧਾਨ ਨੇ ਕਿਹਾ ਕਿ ਮੌਤ ਤੋਂ ਪਹਿਲਾਂ ਗੁਲਜ਼ਾਰ ਸਿੰਘ ਵੱਲੋਂ ਬਣਾਈ ਗਈ ਇੱਕ ਵੀਡੀਓ ਵਿੱਚ ਕਥਿਤ ਤੌਰ ’ਤੇ ਵਿੱਤ ਮੰਤਰੀ ਸਮੇਤ ਕੁਝ ਹੋਰ ਵਿਅਕਤੀਆਂ ਦੇ ਨਾਂ ਲਏ ਗਏ ਹਨ। ਵੀਡੀਓ ਵਿੱਚ ਉਨ੍ਹਾਂ ਵੱਲੋਂ ਆਪਣੇ ਨਾਲ ਵਾਪਰੀਆਂ ਕਥਿਤ ਘਟਨਾਵਾਂ ਲਈ ਕੁਝ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਦੋਸ਼ ਲਗਾਏ ਗਏ ਹਨ।

ਭਾਜਪਾ ਨੇ ਮੰਗ ਕੀਤੀ ਕਿ ਇਸ ਮਾਮਲੇ ਨੂੰ ਸਿਰਫ਼ ਇੱਕ ਆਮ ਖ਼ੁਦਕੁਸ਼ੀ ਦੇ ਮਾਮਲੇ ਵਜੋਂ ਨਾ ਦੇਖਿਆ ਜਾਵੇ, ਸਗੋਂ ਵੀਡੀਓ ਅਤੇ ਹੋਰ ਸਾਹਮਣੇ ਆਏ ਤੱਥਾਂ ਵਿੱਚ ਲਗਾਏ ਗਏ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ।

ਪੰਜਾਬ ਭਾਜਪਾ ਨੇ ਇਸ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ, ਤਾਂ ਜੋ ਮਾਮਲੇ ਦੀ ਨਿਰਪੱਖ ਜਾਂਚ ਹੋ ਸਕੇ ਅਤੇ ਸਾਰੇ ਤੱਥ ਜਨਤਾ ਦੇ ਸਾਹਮਣੇ ਆ ਸਕਣ।

**ਮੋਹਣਜੀਤ ਸਿੰਘ ਦੇ ਮਾਮਲੇ ਨੂੰ ਵੀ ਰਾਜਪਾਲ ਦੇ ਧਿਆਨ ਵਿੱਚ ਲਿਆਂਦਾ**

ਭਾਜਪਾ ਵਫ਼ਦ ਨੇ ਸੰਗਰੂਰ ਨਾਲ ਸਬੰਧਤ ਮੋਹਣਜੀਤ ਸਿੰਘ ਦੇ ਮਾਮਲੇ ਨੂੰ ਵੀ ਪੰਜਾਬ ਦੇ ਰਾਜਪਾਲ ਦੇ ਧਿਆਨ ਵਿੱਚ ਲਿਆਂਦਾ।

ਭਾਜਪਾ ਅਨੁਸਾਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਫੇਰੀ ਦੌਰਾਨ ਮੋਹਣਜੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨਾਲ ਨਜਿੱਠਣ ਦੇ ਤਰੀਕਿਆਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ ਸੀ।

ਇਸ ਤੋਂ ਬਾਅਦ ਮੋਹਣਜੀਤ ਸਿੰਘ ਨੂੰ ਪੁਲੀਸ ਹਿਰਾਸਤ ਵਿੱਚ ਲਏ ਜਾਣ ਦੀ ਗੱਲ ਸਾਹਮਣੇ ਆਈ ਸੀ। ਬਾਅਦ ਵਿੱਚ ਮੋਹਣਜੀਤ ਸਿੰਘ ਨੇ ਆਪਣੇ ਨਾਲ ਸਰੀਰਕ ਦੁਰਵਿਵਹਾਰ ਅਤੇ ਪੁਲੀਸ ਹਿਰਾਸਤ ਦੌਰਾਨ ਕਥਿਤ ਤੌਰ ’ਤੇ ਤਸ਼ੱਦਦ ਕੀਤੇ ਜਾਣ ਦੇ ਦੋਸ਼ ਲਗਾਏ।

ਭਾਜਪਾ ਨੇ ਕਿਹਾ ਕਿ ਮਾਮਲੇ ਤੋਂ ਬਾਅਦ ਮੋਹਣਜੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਦੀ ਲੋੜ ਪਈ।

**ਜ਼ਿੰਮੇਵਾਰ ਸਿਵਲ ਅਤੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਐੱਫ਼ਆਈਆਰ ਦੀ ਮੰਗ**

ਭਾਜਪਾ ਨੇ ਰਾਜਪਾਲ ਨੂੰ ਸੌਂਪੇ ਮੰਗ ਪੱਤਰ ਵਿੱਚ ਮੰਗ ਕੀਤੀ ਕਿ ਮੋਹਣਜੀਤ ਸਿੰਘ ਨੂੰ ਪ੍ਰਦਰਸ਼ਨ ਵਾਲੀ ਥਾਂ ਤੋਂ ਹਟਾਉਣ ਦੇ ਹੁਕਮ ਦੇਣ ਵਾਲੇ ਜਾਂ ਇਸ ਕਾਰਵਾਈ ਦੀ ਇਜਾਜ਼ਤ ਦੇਣ ਵਾਲੇ ਸਾਰੇ ਸਿਵਲ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇ।

ਇਸ ਦੇ ਨਾਲ ਹੀ ਭਾਜਪਾ ਨੇ ਮੰਗ ਕੀਤੀ ਕਿ ਮੋਹਣਜੀਤ ਸਿੰਘ ਨੂੰ ਹਟਾਉਣ, ਉਸ ਨਾਲ ਕਥਿਤ ਕੁੱਟਮਾਰ ਕਰਨ ਜਾਂ ਪੁਲੀਸ ਹਿਰਾਸਤ ਦੌਰਾਨ ਕਥਿਤ ਤਸ਼ੱਦਦ ਲਈ ਜ਼ਿੰਮੇਵਾਰ ਪਾਏ ਜਾਣ ਵਾਲੇ ਪੁਲੀਸ ਅਧਿਕਾਰੀਆਂ ਵਿਰੁੱਧ ਕਾਨੂੰਨ ਅਨੁਸਾਰ ਐੱਫ਼ਆਈਆਰ ਦਰਜ ਕੀਤੀ ਜਾਵੇ।

ਵਫ਼ਦ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਪੂਰੀ ਨਿਰਪੱਖਤਾ ਅਤੇ ਪਾਰਦਰਸ਼ਤਾ ਨਾਲ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਸਾਰੇ ਦੋਸ਼ਾਂ ਦੀ ਸੱਚਾਈ ਸਾਹਮਣੇ ਆ ਸਕੇ।

**ਪੰਜਾਬ ਭਰ ਵਿੱਚ ਪ੍ਰਦਰਸ਼ਨ ਦਾ ਐਲਾਨ**

ਇਨ੍ਹਾਂ ਦੋਵਾਂ ਮਾਮਲਿਆਂ ਨੂੰ ਲੈ ਕੇ ਪੰਜਾਬ ਭਾਜਪਾ ਨੇ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਵੀ ਐਲਾਨ ਕੀਤਾ ਹੈ।

ਭਾਜਪਾ ਵੱਲੋਂ ਕਿਹਾ ਗਿਆ ਹੈ ਕਿ ਪਾਰਟੀ ਬੁੱਧਵਾਰ ਨੂੰ ਪੰਜਾਬ ਭਰ ਵਿੱਚ ਸੜਕਾਂ ’ਤੇ ਉਤਰ ਕੇ ਪ੍ਰਦਰਸ਼ਨ ਕਰੇਗੀ ਅਤੇ ਨਸ਼ਿਆਂ ਦੇ ਮੁੱਦੇ ਸਮੇਤ ਇਨ੍ਹਾਂ ਦੋਵਾਂ ਮਾਮਲਿਆਂ ਵਿੱਚ ਨਿਰਪੱਖ ਜਾਂਚ ਅਤੇ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਉਠਾਏਗੀ।

ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਇੱਕ ਗੰਭੀਰ ਸਮਾਜਿਕ ਮੁੱਦਾ ਬਣ ਚੁੱਕੀ ਹੈ ਅਤੇ ਇਸ ਨਾਲ ਜੁੜੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣਾ ਲਾਜ਼ਮੀ ਹੈ।

**ਰਾਜਪਾਲ ਤੋਂ ਨਿਰਪੱਖ ਕਾਰਵਾਈ ਲਈ ਦਖ਼ਲ ਦੀ ਮੰਗ**

ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਾਲੇ ਵਫ਼ਦ ਨੇ ਰਾਜਪਾਲ ਤੋਂ ਮੰਗ ਕੀਤੀ ਕਿ ਦੋਵਾਂ ਮਾਮਲਿਆਂ ਵਿੱਚ ਲਗਾਏ ਗਏ ਗੰਭੀਰ ਦੋਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਨਿਰਪੱਖ ਜਾਂਚ ਅਤੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਯਕੀਨੀ ਬਣਾਉਣ ਲਈ ਦਖ਼ਲ ਕੀਤਾ ਜਾਵੇ।

ਭਾਜਪਾ ਨੇ ਕਿਹਾ ਕਿ ਗੁਲਜ਼ਾਰ ਸਿੰਘ ਦੀ ਮੌਤ ਨਾਲ ਜੁੜੇ ਮਾਮਲੇ ਵਿੱਚ ਸਾਹਮਣੇ ਆਏ ਦੋਸ਼ਾਂ ਅਤੇ ਮੋਹਣਜੀਤ ਸਿੰਘ ਵੱਲੋਂ ਪੁਲੀਸ ਹਿਰਾਸਤ ਦੌਰਾਨ ਕਥਿਤ ਤਸ਼ੱਦਦ ਸਬੰਧੀ ਲਗਾਏ ਗਏ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਹੋਣੀ ਬੇਹੱਦ ਜ਼ਰੂਰੀ ਹੈ।

ਪਾਰਟੀ ਨੇ ਜ਼ੋਰ ਦਿੱਤਾ ਕਿ ਕਿਸੇ ਵੀ ਮਾਮਲੇ ਵਿੱਚ ਜਾਂਚ ਦਾ ਉਦੇਸ਼ ਸਿਆਸੀ ਦੋਸ਼ਾਂ ਦੇ ਆਧਾਰ ’ਤੇ ਫ਼ੈਸਲਾ ਕਰਨਾ ਨਹੀਂ, ਸਗੋਂ ਸਾਰੇ ਤੱਥਾਂ, ਸਬੂਤਾਂ ਅਤੇ ਰਿਕਾਰਡ ਦੇ ਆਧਾਰ ’ਤੇ ਸੱਚਾਈ ਸਾਹਮਣੇ ਲਿਆਉਣਾ ਹੋਣਾ ਚਾਹੀਦਾ ਹੈ।

ਹੁਣ ਪੰਜਾਬ ਦੀ ਸਿਆਸਤ ਵਿੱਚ ਇਹ ਦੋਵੇਂ ਮਾਮਲੇ ਹੋਰ ਗਰਮਾਉਣ ਦੀ ਸੰਭਾਵਨਾ ਹੈ, ਕਿਉਂਕਿ ਇੱਕ ਪਾਸੇ ਭਾਜਪਾ ਨੇ ਸੀਬੀਆਈ ਜਾਂਚ ਅਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ, ਜਦਕਿ ਦੂਜੇ ਪਾਸੇ ਪੰਜਾਬ ਭਰ ਵਿੱਚ ਪ੍ਰਦਰਸ਼ਨ ਕਰਨ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ।

ਆਉਣ ਵਾਲੇ ਦਿਨਾਂ ਵਿੱਚ ਰਾਜਪਾਲ ਨੂੰ ਸੌਂਪੇ ਗਏ ਮੰਗ ਪੱਤਰ, ਇਨ੍ਹਾਂ ਮਾਮਲਿਆਂ ਵਿੱਚ ਹੋਣ ਵਾਲੀ ਜਾਂਚ ਅਤੇ ਪੰਜਾਬ ਸਰਕਾਰ ਦੀ ਪ੍ਰਤੀਕਿਰਿਆ ’ਤੇ ਸਿਆਸੀ ਅਤੇ ਜਨਤਕ ਨਜ਼ਰ ਬਣੀ ਰਹੇਗੀ।

# Punjab Employees Protest: ਹੜਤਾਲੀ ਮੁਲਾਜ਼ਮਾਂ ’ਤੇ ਪੰਜਾਬ ਸਰਕਾਰ ਦਾ ਸਖ਼ਤ ਰੁਖ, ‘ਕੰਮ ਨਹੀਂ ਤਾਂ ਤਨਖ਼ਾਹ ਨਹੀਂ’ ਦੀ ਨੀਤੀ ਲਾਗੂ

## ਸਰਕਾਰੀ ਦਫ਼ਤਰਾਂ ਦਾ ਕੰਮਕਾਜ ਠੱਪ ਹੋਣ ਮਗਰੋਂ ਸਰਕਾਰ ਨੇ ਲਿਆ ਫ਼ੈਸਲਾ; ਮੁਲਾਜ਼ਮਾਂ ਨੇ 11 ਸਤੰਬਰ ਤੱਕ ‘ਕਲਮ ਛੋੜ ਹੜਤਾਲ’ ਜਾਰੀ ਰੱਖਣ ਦਾ ਕੀਤਾ ਐਲਾਨ



ਪੰਜਾਬ ਵਿੱਚ ਸਰਕਾਰੀ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਚਲਾਈ ਜਾ ਰਹੀ ਹੜਤਾਲ ਦਰਮਿਆਨ ਪੰਜਾਬ ਸਰਕਾਰ ਨੇ ਹੁਣ ਸਖ਼ਤ ਰੁਖ ਅਪਣਾ ਲਿਆ ਹੈ। ਸਰਕਾਰ ਨੇ ਪ੍ਰਦਰਸ਼ਨਕਾਰੀ ਅਤੇ ਹੜਤਾਲ ’ਤੇ ਚੱਲ ਰਹੇ ਮੁਲਾਜ਼ਮਾਂ ’ਤੇ ‘ਕੰਮ ਨਹੀਂ ਤਾਂ ਤਨਖ਼ਾਹ ਨਹੀਂ’ ਦੀ ਨੀਤੀ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਮੁਲਾਜ਼ਮਾਂ ਨੇ ਹੜਤਾਲ ਨੂੰ ਅੱਗੇ ਵਧਾਉਂਦਿਆਂ 11 ਸਤੰਬਰ ਤੱਕ ‘ਕਲਮ ਛੋੜ ਹੜਤਾਲ’ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਮੁਲਾਜ਼ਮਾਂ ਦੀ ਹੜਤਾਲ ਦੇ ਦੂਜੇ ਗੇੜ ਦੌਰਾਨ ਅੱਜ ਵੀ ਪੰਜਾਬ ਦੇ ਵੱਖ-ਵੱਖ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਰਿਹਾ। ਕਈ ਥਾਵਾਂ ’ਤੇ ਸਰਕਾਰੀ ਮੁਲਾਜ਼ਮਾਂ ਦੇ ਦਫ਼ਤਰਾਂ ਵਿੱਚ ਨਾ ਪਹੁੰਚਣ ਜਾਂ ਕੰਮਕਾਜ ਵਿੱਚ ਹਿੱਸਾ ਨਾ ਲੈਣ ਕਾਰਨ ਆਮ ਲੋਕਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਰਕਾਰੀ ਕੰਮਕਾਜ ਲਗਭਗ ਪੂਰੀ ਤਰ੍ਹਾਂ ਠੱਪ ਰਹਿਣ ਤੋਂ ਬਾਅਦ ਸਰਕਾਰ ਨੇ ਹੜਤਾਲੀ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਦਮ ਚੁੱਕਣ ਦੀ ਰਣਨੀਤੀ ਤਿਆਰ ਕੀਤੀ ਹੈ।

**27 ਅਗਸਤ ਦੀ ਸਮੂਹਿਕ ਛੁੱਟੀ ਤੋਂ ਬਾਅਦ ਕਾਰਨ ਦੱਸੋ ਨੋਟਿਸ**

ਪੰਜਾਬ ਸਰਕਾਰ ਦੇ ਸੂਤਰਾਂ ਅਨੁਸਾਰ ‘ਕੰਮ ਨਹੀਂ ਤਾਂ ਤਨਖ਼ਾਹ ਨਹੀਂ’ ਦੀ ਨੀਤੀ ਨੂੰ ਹੁਣ ਅਮਲ ਵਿੱਚ ਲਿਆਂਦਾ ਜਾਵੇਗਾ। ਸਰਕਾਰ ਵੱਲੋਂ ਹੜਤਾਲੀ ਮੁਲਾਜ਼ਮਾਂ ਦੇ ਕੰਮ ਤੋਂ ਗੈਰਹਾਜ਼ਰ ਰਹਿਣ ਦੇ ਦਿਨਾਂ ਨੂੰ ਤਨਖ਼ਾਹ ਨਾਲ ਜੋੜਦਿਆਂ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।

ਇਸ ਤੋਂ ਪਹਿਲਾਂ ਵੀ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਗਤੀਵਿਧੀਆਂ ਖ਼ਿਲਾਫ਼ ਕਈ ਕਦਮ ਚੁੱਕੇ ਜਾ ਚੁੱਕੇ ਹਨ। ਮੁਲਾਜ਼ਮਾਂ ਵੱਲੋਂ 27 ਅਗਸਤ ਨੂੰ ਕੀਤੀ ਗਈ ਸਮੂਹਿਕ ਛੁੱਟੀ ਤੋਂ ਬਾਅਦ ਪੰਜਾਬ ਸਰਕਾਰ ਨੇ ਕਈ ਮੁਲਾਜ਼ਮਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਸਨ। ਸਰਕਾਰ ਵੱਲੋਂ ਇਸ ਕਾਰਵਾਈ ਰਾਹੀਂ ਮੁਲਾਜ਼ਮਾਂ ਤੋਂ ਸਮੂਹਿਕ ਛੁੱਟੀ ਲੈਣ ਸਬੰਧੀ ਜਵਾਬ ਮੰਗਿਆ ਗਿਆ ਸੀ।

**ਮੁਲਾਜ਼ਮ ਆਗੂ ਸੁਖਚੈਨ ਸਿੰਘ ਖਹਿਰਾ ਦਾ ਤਬਾਦਲਾ**

ਇਸ ਤੋਂ ਬਾਅਦ ਸਰਕਾਰ ਨੇ ਹੜਤਾਲੀ ਮੁਲਾਜ਼ਮਾਂ ਨਾਲ ਸਬੰਧਤ ਮਾਮਲੇ ਵਿੱਚ ਇੱਕ ਹੋਰ ਸਖ਼ਤ ਕਦਮ ਚੁੱਕਦਿਆਂ ਸਾਂਝੀ ਤਾਲਮੇਲ ਕਮੇਟੀ ਦੇ ਸੀਨੀਅਰ ਆਗੂ ਸੁਖਚੈਨ ਸਿੰਘ ਖਹਿਰਾ ਦਾ ਤਬਾਦਲਾ ਕਰ ਦਿੱਤਾ ਸੀ। ਇਸ ਤਬਾਦਲੇ ਨੂੰ ਲੈ ਕੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਰਕਾਰ ਦੇ ਫ਼ੈਸਲੇ ’ਤੇ ਸਵਾਲ ਵੀ ਉਠਾਏ ਗਏ ਸਨ।

ਸਰਕਾਰ ਅਤੇ ਮੁਲਾਜ਼ਮ ਜਥੇਬੰਦੀਆਂ ਵਿਚਕਾਰ ਮੰਗਾਂ ਨੂੰ ਲੈ ਕੇ ਚੱਲ ਰਹੇ ਟਕਰਾਅ ਦੌਰਾਨ ਇਹ ਮਾਮਲਾ ਵੀ ਚਰਚਾ ਵਿੱਚ ਰਿਹਾ ਹੈ। ਮੁਲਾਜ਼ਮ ਆਗੂਆਂ ਵੱਲੋਂ ਸਰਕਾਰ ’ਤੇ ਉਨ੍ਹਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਾ ਲੈਣ ਦੇ ਦੋਸ਼ ਲਗਾਏ ਜਾਂਦੇ ਰਹੇ ਹਨ, ਜਦਕਿ ਸਰਕਾਰ ਵੱਲੋਂ ਸਰਕਾਰੀ ਕੰਮਕਾਜ ਪ੍ਰਭਾਵਿਤ ਨਾ ਕਰਨ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ।

**ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਦੇ ਡੀਏ ਸਬੰਧੀ ਫ਼ੈਸਲਾ**

ਇਸੇ ਦੌਰਾਨ ਪੰਜਾਬ ਸਰਕਾਰ ਨੇ ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਲਈ ਮਹਿੰਗਾਈ ਭੱਤੇ ਨਾਲ ਸਬੰਧਤ ਵੀ ਫ਼ੈਸਲਾ ਲਿਆ। ਸਰਕਾਰ ਵੱਲੋਂ ਇਨ੍ਹਾਂ ਮੁਲਾਜ਼ਮਾਂ ਦਾ ਡੀਏ 60 ਫ਼ੀਸਦੀ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ।

ਹਾਲਾਂਕਿ ਮੁਲਾਜ਼ਮ ਜਥੇਬੰਦੀਆਂ ਵੱਲੋਂ ਆਪਣੀਆਂ ਹੋਰ ਮੰਗਾਂ ਨੂੰ ਲੈ ਕੇ ਸੰਘਰਸ਼ ਜਾਰੀ ਰੱਖਿਆ ਗਿਆ। ਸਰਕਾਰ ਦੇ ਵੱਖ-ਵੱਖ ਫ਼ੈਸਲਿਆਂ ਦੇ ਬਾਵਜੂਦ ਮੁਲਾਜ਼ਮ ਜਥੇਬੰਦੀਆਂ ਅਤੇ ਸਰਕਾਰ ਵਿਚਕਾਰ ਤਣਾਅ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ ਅਤੇ ਹੜਤਾਲ ਦਾ ਸਿਲਸਿਲਾ ਅੱਗੇ ਵਧਦਾ ਗਿਆ।

**ਸੁਸ਼ੀਲ ਕੁਮਾਰ ਫ਼ੌਜੀ ਦਾ ਵੀ ਤਬਾਦਲਾ**

ਹੜਤਾਲ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਸਖ਼ਤੀ ਦਾ ਇੱਕ ਹੋਰ ਸੰਕੇਤ ਉਸ ਸਮੇਂ ਮਿਲਿਆ ਜਦੋਂ ਲੰਘੇ ਕੱਲ੍ਹ ਮੁਲਾਜ਼ਮ ਜਥੇਬੰਦੀ ਦੇ ਪ੍ਰਧਾਨ ਸੁਸ਼ੀਲ ਕੁਮਾਰ ਫ਼ੌਜੀ ਦਾ ਤਬਾਦਲਾ ਕਰ ਦਿੱਤਾ ਗਿਆ। ਇਸ ਤਬਾਦਲੇ ਤੋਂ ਤੁਰੰਤ ਬਾਅਦ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਹੜਤਾਲ ਖ਼ਤਮ ਕਰਨ ਦੀ ਅਪੀਲ ਅਤੇ ਚਿਤਾਵਨੀ ਦੋਵੇਂ ਦਿੱਤੇ ਜਾਣ ਲੱਗੇ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵੀ ਮੁਲਾਜ਼ਮਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਸੀ ਕਿ ਜੇਕਰ ਹੜਤਾਲ ਕਾਰਨ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਤਾਂ ਸਰਕਾਰ ਵੱਲੋਂ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਸਰਕਾਰ ਦੇ ਇਸ ਬਿਆਨ ਤੋਂ ਬਾਅਦ ਮੁਲਾਜ਼ਮਾਂ ਅਤੇ ਸਰਕਾਰ ਵਿਚਕਾਰ ਟਕਰਾਅ ਹੋਰ ਵਧਣ ਦੇ ਆਸਾਰ ਬਣ ਗਏ ਸਨ।

**11 ਸਤੰਬਰ ਤੱਕ ਹੜਤਾਲ ਜਾਰੀ ਰੱਖਣ ਦਾ ਫ਼ੈਸਲਾ**

ਇਸ ਸਭ ਦੇ ਬਾਵਜੂਦ ਸਰਕਾਰੀ ਮੁਲਾਜ਼ਮਾਂ ਨੇ ਆਪਣਾ ਸੰਘਰਸ਼ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਮੁਲਾਜ਼ਮਾਂ ਵੱਲੋਂ ਅੱਜ 11 ਸਤੰਬਰ ਤੱਕ ‘ਕਲਮ ਛੋੜ ਹੜਤਾਲ’ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਇਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਵੀ ਸਰਕਾਰੀ ਦਫ਼ਤਰਾਂ ਦਾ ਕੰਮਕਾਜ ਪ੍ਰਭਾਵਿਤ ਰਹਿਣ ਦੀ ਸੰਭਾਵਨਾ ਹੈ।

ਮੁਲਾਜ਼ਮਾਂ ਦੀ ਹੜਤਾਲ ਦੇ ਦੂਜੇ ਗੇੜ ਦੌਰਾਨ ਅੱਜ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਪੂਰੀ ਤਰ੍ਹਾਂ ਠੱਪ ਰਹਿਣ ਤੋਂ ਬਾਅਦ ਸਰਕਾਰ ਨੇ ਦੇਰ ਸ਼ਾਮ ‘ਕੰਮ ਨਹੀਂ ਤਾਂ ਤਨਖ਼ਾਹ ਨਹੀਂ’ ਦੀ ਨੀਤੀ ਅਪਣਾਉਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਨਾਲ ਹੁਣ ਪੰਜਾਬ ਸਰਕਾਰ ਅਤੇ ਹੜਤਾਲੀ ਮੁਲਾਜ਼ਮਾਂ ਵਿਚਕਾਰ ਚੱਲ ਰਿਹਾ ਟਕਰਾਅ ਹੋਰ ਤਿੱਖਾ ਹੋਣ ਦੇ ਆਸਾਰ ਹਨ।

ਸਰਕਾਰ ਦਾ ਰੁਖ ਸਪੱਸ਼ਟ ਹੈ ਕਿ ਸਰਕਾਰੀ ਕੰਮਕਾਜ ਨੂੰ ਲੰਬੇ ਸਮੇਂ ਤੱਕ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ, ਜਦਕਿ ਮੁਲਾਜ਼ਮ ਜਥੇਬੰਦੀਆਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਹੜਤਾਲ ਜਾਰੀ ਰੱਖਣ ’ਤੇ ਅੜਿੱਗ ਹਨ। ਹੁਣ ਨਜ਼ਰ ਇਸ ਗੱਲ ’ਤੇ ਰਹੇਗੀ ਕਿ ਸਰਕਾਰ ਦੀ ‘ਕੰਮ ਨਹੀਂ ਤਾਂ ਤਨਖ਼ਾਹ ਨਹੀਂ’ ਨੀਤੀ ਤੋਂ ਬਾਅਦ ਮੁਲਾਜ਼ਮ ਜਥੇਬੰਦੀਆਂ ਆਪਣਾ ਅਗਲਾ ਕਦਮ ਕੀ ਤੈਅ ਕਰਦੀਆਂ ਹਨ ਅਤੇ ਦੋਵਾਂ ਧਿਰਾਂ ਵਿਚਕਾਰ ਮਸਲੇ ਦਾ ਹੱਲ ਕਿਵੇਂ ਨਿਕਲਦਾ ਹੈ।







# ਸਿਕੰਦਰ ਸਿੰਘ ਮਲੂਕਾ ਨੇ ਵੀ ਦਿੱਤਾ ਅਕਾਲੀ ਏਕਤਾ ਦਾ ਸੱਦਾ, ਪੰਥਕ ਧਿਰਾਂ ਨੂੰ ਆਪਸੀ ਮਤਭੇਦ ਭੁਲਾਉਣ ਦੀ ਅਪੀਲ

**ਧੜੇਬੰਦੀ ਅਤੇ ਅੰਦਰੂਨੀ ਫੁੱਟ ਕਾਰਨ ਪੰਜਾਬ ਵਿੱਚ ਖੇਤਰੀ ਤੇ ਪੰਥਕ ਧਿਰਾਂ ਦੀ ਸਿਆਸੀ ਅਤੇ ਧਾਰਮਿਕ ਤਾਕਤ ਹੋ ਰਹੀ ਹੈ ਕਮਜ਼ੋਰ; ਇਕਜੁੱਟ ਹੋ ਕੇ ਅੱਗੇ ਵਧਣ ਦੀ ਲੋੜ 'ਤੇ ਦਿੱਤਾ ਜ਼ੋਰ**



ਪੰਜਾਬ ਦੀ ਸਿਆਸਤ ਵਿੱਚ ਅਕਾਲੀ ਏਕਤਾ ਨੂੰ ਲੈ ਕੇ ਚੱਲ ਰਹੀ ਚਰਚਾ ਦਰਮਿਆਨ ਹੁਣ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਵੀ ਖੁੱਲ੍ਹ ਕੇ ਇਕਜੁੱਟਤਾ ਦੇ ਹੱਕ ਵਿੱਚ ਅੱਗੇ ਆਏ ਹਨ। ਉਨ੍ਹਾਂ ਨੇ ਸਮੂਹ ਪੰਥਕ ਅਤੇ ਰਵਾਇਤੀ ਸਿੱਖ ਧਿਰਾਂ ਨੂੰ ਆਪਸੀ ਮਤਭੇਦ ਅਤੇ ਵੱਖਰੇਵੇਂ ਭੁਲਾ ਕੇ ਇੱਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ ਹੈ।

ਇਹ ਬਿਆਨ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਵੱਲੋਂ ਵੱਖ-ਵੱਖ ਧਿਰਾਂ ਦਰਮਿਆਨ ਮਤਭੇਦ ਸੁਲਝਾਉਣ ਅਤੇ ਏਕਤਾ ਲਈ ਗੱਲਬਾਤ ਚੱਲਣ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ।

ਮਲੂਕਾ ਨੇ ਕਿਹਾ ਕਿ ਪੰਜਾਬ ਵਿੱਚ ਰਵਾਇਤੀ ਅਤੇ ਖੇਤਰੀ ਸਿੱਖ ਧਿਰਾਂ ਵਿਚਕਾਰ ਵਧ ਰਹੀ ਧੜੇਬੰਦੀ ਅਤੇ ਅੰਦਰੂਨੀ ਫੁੱਟ ਕਾਰਨ ਉਨ੍ਹਾਂ ਦੀ ਸਮੂਹਿਕ ਸਿਆਸੀ ਅਤੇ ਧਾਰਮਿਕ ਤਾਕਤ ਲਗਾਤਾਰ ਕਮਜ਼ੋਰ ਹੋ ਰਹੀ ਹੈ। ਉਨ੍ਹਾਂ ਅਨੁਸਾਰ ਜੇਕਰ ਪੰਥਕ ਧਿਰਾਂ ਆਪਣੀਆਂ ਨਿੱਜੀ ਅਤੇ ਸਿਆਸੀ ਖਿੱਚਤਾਣਾਂ ਤੋਂ ਉੱਪਰ ਨਹੀਂ ਉੱਠਦੀਆਂ ਤਾਂ ਇਸ ਦਾ ਨੁਕਸਾਨ ਸਮੁੱਚੇ ਪੰਥਕ ਅਤੇ ਖੇਤਰੀ ਸਿਆਸੀ ਢਾਂਚੇ ਨੂੰ ਹੋ ਸਕਦਾ ਹੈ।

**ਵੱਖ-ਵੱਖ ਚੋਣ ਲੜਨ ਨਾਲ ਵੋਟਾਂ ਦੀ ਵੰਡ ਦਾ ਖਤਰਾ**

ਸਿਕੰਦਰ ਸਿੰਘ ਮਲੂਕਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੰਥਕ ਅਤੇ ਅਕਾਲੀ ਧਿਰਾਂ ਵੱਖ-ਵੱਖ ਹੋ ਕੇ ਚੋਣ ਮੈਦਾਨ ਵਿੱਚ ਉਤਰਦੀਆਂ ਹਨ ਤਾਂ ਵੋਟਾਂ ਦੀ ਵੱਡੇ ਪੱਧਰ 'ਤੇ ਵੰਡ ਹੋ ਸਕਦੀ ਹੈ। ਇਸ ਦਾ ਸਿੱਧਾ ਲਾਭ ਵਿਰੋਧੀ ਸਿਆਸੀ ਪਾਰਟੀਆਂ ਨੂੰ ਮਿਲਣ ਦੀ ਸੰਭਾਵਨਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਪੰਥਕ ਧਿਰਾਂ ਨੂੰ ਆਪਣੀ ਸਿਆਸੀ ਰਣਨੀਤੀ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਜੇਕਰ ਇੱਕੋ ਸੋਚ ਅਤੇ ਇੱਕੋ ਵੋਟ ਬੈਂਕ ਨਾਲ ਜੁੜੀਆਂ ਧਿਰਾਂ ਵੱਖ-ਵੱਖ ਚੋਣ ਲੜਦੀਆਂ ਰਹੀਆਂ ਤਾਂ ਉਨ੍ਹਾਂ ਦੀ ਸਮੂਹਿਕ ਤਾਕਤ ਕਮਜ਼ੋਰ ਹੋ ਸਕਦੀ ਹੈ।

ਮਲੂਕਾ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਖੇਤਰੀ ਸਿਆਸਤ ਦੀ ਮਜ਼ਬੂਤੀ ਲਈ ਵੱਡੇ ਪੱਧਰ 'ਤੇ ਏਕਤਾ ਅਤੇ ਆਪਸੀ ਸਮਝ ਦੀ ਲੋੜ ਹੈ। ਉਨ੍ਹਾਂ ਨੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਨਿੱਜੀ ਮਤਭੇਦਾਂ ਤੋਂ ਉੱਪਰ ਉੱਠ ਕੇ ਪੰਜਾਬ ਅਤੇ ਪੰਥ ਦੇ ਵੱਡੇ ਹਿੱਤਾਂ ਨੂੰ ਪਹਿਲ ਦੇਣ।

**ਭਾਜਪਾ ਨਾਲ ਸੰਭਾਵਿਤ ਗੱਠਜੋੜ ਅਤੇ ਸੀਟਾਂ ਦੀ ਵੰਡ ਵੀ ਚਰਚਾ ਦਾ ਵਿਸ਼ਾ**

ਸੂਤਰਾਂ ਅਨੁਸਾਰ ਮਲੂਕਾ ਵੱਲੋਂ ਅਕਾਲੀ ਏਕਤਾ 'ਤੇ ਜ਼ੋਰ ਦੇਣ ਪਿੱਛੇ ਸਿਆਸੀ ਸਮੀਕਰਨ ਵੀ ਮਹੱਤਵਪੂਰਨ ਮੰਨੇ ਜਾ ਰਹੇ ਹਨ। ਭਾਰਤੀ ਜਨਤਾ ਪਾਰਟੀ ਨਾਲ ਸੰਭਾਵਿਤ ਗੱਠਜੋੜ ਅਤੇ ਸੀਟਾਂ ਦੀ ਵੰਡ ਨੂੰ ਲੈ ਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਗੱਲਬਾਤ ਆਸਾਨ ਨਹੀਂ ਦੱਸੀ ਜਾ ਰਹੀ।

ਗੱਠਜੋੜ ਦੀ ਸਥਿਤੀ ਬਣਨ ਦੀ ਸੂਰਤ ਵਿੱਚ ਅਕਾਲੀ ਦਲ ਲਈ ਆਪਣੀ ਪੁਰਾਣੀ ਸਿਆਸੀ ਸਥਿਤੀ ਅਤੇ ਵੱਡੇ ਭਰਾ ਦੀ ਭੂਮਿਕਾ ਨੂੰ ਬਰਕਰਾਰ ਰੱਖਣਾ ਇੱਕ ਵੱਡੀ ਚੁਣੌਤੀ ਬਣ ਸਕਦਾ ਹੈ। ਅਜਿਹੇ ਹਾਲਾਤ ਵਿੱਚ ਵੱਖ-ਵੱਖ ਅਕਾਲੀ ਅਤੇ ਪੰਥਕ ਧਿਰਾਂ ਦੀ ਏਕਤਾ ਨੂੰ ਸਿਆਸੀ ਤੌਰ 'ਤੇ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

**ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਕੀਤੀ ਸੀ ਗੱਲਬਾਤ ਦੀ ਪੁਸ਼ਟੀ**

ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਇਹ ਮੰਨਿਆ ਸੀ ਕਿ ਵੱਖ-ਵੱਖ ਅਕਾਲੀ ਅਤੇ ਪੰਥਕ ਧਿਰਾਂ ਦਰਮਿਆਨ ਸਮਝੌਤੇ ਅਤੇ ਏਕਤਾ ਲਈ ਗੱਲਬਾਤ ਚੱਲ ਰਹੀ ਹੈ।

ਵਡਾਲਾ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਅਤੇ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਧਿਰ ਵਾਰਿਸ ਪੰਜਾਬ ਦੇ ਨਾਲ ਸੰਵਾਦ ਦੀ ਗੱਲ ਕਹੀ ਸੀ।

ਉਨ੍ਹਾਂ ਦਾ ਕਹਿਣਾ ਸੀ ਕਿ ਪੰਥਕ ਏਕਤਾ ਲਈ ਕੁਝ ਆਗੂਆਂ ਨੂੰ ਆਪਣੇ ਨਿੱਜੀ ਹਿੱਤਾਂ ਤੋਂ ਉੱਪਰ ਉੱਠਣਾ ਪਵੇਗਾ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਨੂੰ ਪਹਿਲ ਦੇਣੀ ਪਵੇਗੀ।

**ਸੁਖਬੀਰ ਬਾਦਲ ਦੀ ਪ੍ਰਧਾਨਗੀ ਨੂੰ ਲੈ ਕੇ ਵੀ ਰੱਖੀ ਗਈ ਸੀ ਸ਼ਰਤ**

ਗੁਰਪ੍ਰਤਾਪ ਸਿੰਘ ਵਡਾਲਾ ਨੇ ਪਹਿਲਾਂ ਇਹ ਵੀ ਸਪੱਸ਼ਟ ਕੀਤਾ ਸੀ ਕਿ ਪੰਥਕ ਧਿਰਾਂ ਵਿਚਕਾਰ ਵਿਆਪਕ ਏਕਤਾ ਲਈ ਪਾਰਟੀ ਦੀ ਅਗਵਾਈ ਦੇ ਮੁੱਦੇ 'ਤੇ ਵੀ ਵਿਚਾਰ ਕਰਨਾ ਪਵੇਗਾ।

ਉਨ੍ਹਾਂ ਦਾ ਕਹਿਣਾ ਸੀ ਕਿ ਉਹ ਪਹਿਲਾਂ ਵੀ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਹਟਣ ਦੀ ਅਪੀਲ ਕਰ ਚੁੱਕੇ ਹਨ ਅਤੇ ਹੁਣ ਵੀ ਇਸ ਮੰਗ ਨੂੰ ਦੁਹਰਾ ਰਹੇ ਹਨ, ਤਾਂ ਜੋ ਪੰਥਕ ਧਿਰਾਂ ਦੀ ਸਹਿਮਤੀ ਨਾਲ ਕੋਈ ਨਵਾਂ ਆਗੂ ਪਾਰਟੀ ਦੀ ਕਮਾਨ ਸੰਭਾਲ ਸਕੇ।

ਵਡਾਲਾ ਨੇ ਇਹ ਵੀ ਕਿਹਾ ਸੀ ਕਿ ਚੋਣਾਂ ਤੋਂ ਬਾਅਦ ਜੇਕਰ ਸਾਰੀਆਂ ਧਿਰਾਂ ਵਿੱਚ ਸਹਿਮਤੀ ਬਣਦੀ ਹੈ ਤਾਂ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਵਿਚਾਰਿਆ ਜਾ ਸਕਦਾ ਹੈ।

ਉਨ੍ਹਾਂ ਅਨੁਸਾਰ ਵਾਰਿਸ ਪੰਜਾਬ ਦੇ ਨਾਲ ਵੀ ਇਸ ਮਾਮਲੇ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਸੀ ਕਿ ਮੁੱਖ ਮੰਤਰੀ ਦੇ ਅਹੁਦੇ ਲਈ ਚਿਹਰਾ ਚੋਣਾਂ ਤੋਂ ਪਹਿਲਾਂ ਐਲਾਨਣ ਦੀ ਬਜਾਏ ਚੋਣਾਂ ਤੋਂ ਬਾਅਦ ਸਮੂਹਿਕ ਸਹਿਮਤੀ ਨਾਲ ਤੈਅ ਕੀਤਾ ਜਾਵੇ।

**ਮਲੂਕਾ ਦਾ ਪਾਰਟੀ ਨਾਲ ਵਿਵਾਦ ਅਤੇ ਮੁੜ ਵਾਪਸੀ**

ਜ਼ਿਕਰਯੋਗ ਹੈ ਕਿ ਸਿਕੰਦਰ ਸਿੰਘ ਮਲੂਕਾ ਦਾ ਪਾਰਟੀ ਨਾਲ ਪਿਛਲੇ ਕੁਝ ਸਮੇਂ ਦੌਰਾਨ ਸਿਆਸੀ ਟਕਰਾਅ ਵੀ ਰਿਹਾ ਹੈ। ਸਾਲ 2024 ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਪਾਰਟੀ ਤੋਂ ਬਾਹਰ ਕਰ ਦਿੱਤਾ ਗਿਆ ਸੀ।

ਹਾਲਾਂਕਿ ਬਾਅਦ ਵਿੱਚ ਜੂਨ 2025 ਵਿੱਚ ਉਨ੍ਹਾਂ ਦੀ ਮੁੜ ਪਾਰਟੀ ਵਿੱਚ ਵਾਪਸੀ ਕਰਵਾ ਦਿੱਤੀ ਗਈ ਸੀ। ਇਸ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਦੀ ਅੰਦਰੂਨੀ ਸਥਿਤੀ ਅਤੇ ਪਾਰਟੀ ਦੀ ਅਗਵਾਈ ਨੂੰ ਲੈ ਕੇ ਲਗਾਤਾਰ ਚਰਚਾ ਹੁੰਦੀ ਰਹੀ।

**ਲੋਕ ਸਭਾ ਚੋਣਾਂ ਦੀ ਹਾਰ ਤੋਂ ਬਾਅਦ ਉੱਠੇ ਸਨ ਅਗਵਾਈ ਬਦਲਣ ਦੇ ਸਵਾਲ**

ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਪਾਰਟੀ ਅੰਦਰ ਵੱਡੇ ਪੱਧਰ 'ਤੇ ਸਵਾਲ ਉੱਠੇ ਸਨ।

ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਸਿਰਫ਼ ਇੱਕ ਸੀਟ ਜਿੱਤਣ ਵਿੱਚ ਕਾਮਯਾਬ ਹੋਇਆ ਸੀ। ਬਠਿੰਡਾ ਲੋਕ ਸਭਾ ਹਲਕੇ ਤੋਂ ਸੁਖਬੀਰ ਸਿੰਘ ਬਾਦਲ ਦੀ ਪਤਨੀ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਜਿੱਤ ਦਰਜ ਕੀਤੀ ਸੀ।

ਚੋਣ ਨਤੀਜਿਆਂ ਤੋਂ ਬਾਅਦ ਸਿਕੰਦਰ ਸਿੰਘ ਮਲੂਕਾ ਸਮੇਤ ਕਈ ਹੋਰ ਸੀਨੀਅਰ ਆਗੂਆਂ ਨੇ ਪਾਰਟੀ ਦੀ ਕਾਰਗੁਜ਼ਾਰੀ ਅਤੇ ਅਗਵਾਈ ਨੂੰ ਲੈ ਕੇ ਸਵਾਲ ਚੁੱਕੇ ਸਨ। ਕਈ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਤੋਂ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਮੰਗ ਵੀ ਕੀਤੀ ਸੀ।

ਹੁਣ ਇੱਕ ਵਾਰ ਫਿਰ ਅਕਾਲੀ ਏਕਤਾ ਨੂੰ ਲੈ ਕੇ ਚਰਚਾ ਤੇਜ਼ ਹੋ ਰਹੀ ਹੈ ਅਤੇ ਸਿਕੰਦਰ ਸਿੰਘ ਮਲੂਕਾ ਵੱਲੋਂ ਸਮੂਹ ਪੰਥਕ ਧਿਰਾਂ ਨੂੰ ਇੱਕਜੁੱਟ ਹੋਣ ਦੀ ਅਪੀਲ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਬਹਿਸ ਛੇੜ ਦਿੱਤੀ ਹੈ।

ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਵੱਖ-ਵੱਖ ਅਕਾਲੀ ਅਤੇ ਪੰਥਕ ਧਿਰਾਂ ਆਪਣੇ ਪੁਰਾਣੇ ਮਤਭੇਦਾਂ ਨੂੰ ਭੁਲਾ ਕੇ ਕਿਸੇ ਸਾਂਝੇ ਸਿਆਸੀ ਮੰਚ ਜਾਂ ਸਮਝੌਤੇ ਤੱਕ ਪਹੁੰਚਦੀਆਂ ਹਨ ਜਾਂ ਨਹੀਂ। ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਏਕਤਾ ਦਾ ਮੁੱਦਾ ਸੂਬੇ ਦੀ ਸਿਆਸਤ ਵਿੱਚ ਇੱਕ ਅਹਿਮ ਚਰਚਾ ਦਾ ਕੇਂਦਰ ਬਣਿਆ ਰਹਿਣ ਦੀ ਸੰਭਾਵਨਾ ਹੈ।







# ਸਿੱਖ ਬੱਚੇ ਨਾਲ ਰੈਗਿੰਗ ਦੇ ਮਾਮਲੇ 'ਚ ਐਸਜੀਪੀਸੀ ਸਖ਼ਤ, ਦੋਸ਼ੀਆਂ ਦੇ ਨਾਲ ਸਕੂਲ ਪ੍ਰਸ਼ਾਸਨ ਦੀ ਵੀ ਤੈਅ ਹੋਵੇ ਜਵਾਬਦੇਹੀ: ਧਾਮੀ

## ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਦੇ ਨਾਲ ਪ੍ਰਿੰਸੀਪਲ ਅਤੇ ਪ੍ਰਬੰਧਕਾਂ ਦੀ ਭੂਮਿਕਾ ਦੀ ਵੀ ਹੋਵੇ ਨਿਰਪੱਖ ਜਾਂਚ; ਬੋਰਡਿੰਗ ਸਕੂਲਾਂ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਸਖ਼ਤ ਪ੍ਰਬੰਧ ਕਰਨ ਦੀ ਮੰਗ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਇੱਕ ਨਿੱਜੀ ਬੋਰਡਿੰਗ ਸਕੂਲ ਵਿੱਚ ਸਿੱਖ ਬੱਚੇ ਨਾਲ ਹੋਈ ਰੈਗਿੰਗ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸਿੱਖਿਆ ਸੰਸਥਾ ਵਿੱਚ ਵਿਦਿਆਰਥੀ ਨਾਲ ਇਸ ਤਰ੍ਹਾਂ ਦਾ ਅਣਮਨੁੱਖੀ ਅਤੇ ਅਪਮਾਨਜਨਕ ਵਿਵਹਾਰ ਬੇਹੱਦ ਮੰਦਭਾਗਾ ਹੈ ਅਤੇ ਇਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਕੂਲ ਸਿਰਫ਼ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਹੀ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਦੀ ਮੁੱਢਲੀ ਜ਼ਿੰਮੇਵਾਰੀ ਬੱਚਿਆਂ ਨੂੰ ਸੁਰੱਖਿਅਤ, ਸਨਮਾਨਜਨਕ ਅਤੇ ਸੁਖਾਵਾਂ ਮਾਹੌਲ ਮੁਹੱਈਆ ਕਰਵਾਉਣਾ ਵੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਰੈਗਿੰਗ ਵਰਗੀਆਂ ਘਟਨਾਵਾਂ ਬੱਚਿਆਂ ਦੀ ਮਾਨਸਿਕ ਸਥਿਤੀ, ਆਤਮ-ਵਿਸ਼ਵਾਸ ਅਤੇ ਭਵਿੱਖ ਉੱਤੇ ਗੰਭੀਰ ਪ੍ਰਭਾਵ ਪਾ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਕਿਸੇ ਵੀ ਬੱਚੇ ਨੂੰ ਡਰਾਉਣਾ, ਅਪਮਾਨਿਤ ਕਰਨਾ ਜਾਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਪਰੇਸ਼ਾਨ ਕਰਨਾ ਸਿੱਖਿਆ ਦੇ ਮਾਹੌਲ ਦੇ ਬਿਲਕੁਲ ਉਲਟ ਹੈ। ਇਸ ਲਈ ਸਿੱਖਿਆ ਸੰਸਥਾਵਾਂ ਨੂੰ ਅਜਿਹੇ ਮਾਮਲਿਆਂ ਪ੍ਰਤੀ ਪੂਰੀ ਗੰਭੀਰਤਾ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ।

**ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੀ ਲੈ ਚੁੱਕੇ ਹਨ ਸਖ਼ਤ ਨੋਟਿਸ**

ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ 'ਤੇ ਸਖ਼ਤ ਪ੍ਰਤੀਕਿਰਿਆ ਦੇਣ ਤੋਂ ਪਹਿਲਾਂ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਇਸ ਘਟਨਾ ਦਾ ਗੰਭੀਰ ਨੋਟਿਸ ਲਿਆ ਸੀ।

ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਾਰਜਕਾਰੀ ਜਥੇਦਾਰ ਵੱਲੋਂ ਸਕੂਲ ਦੇ ਪ੍ਰਿੰਸੀਪਲ ਨੂੰ ਹਟਾਉਣ ਦੀ ਮੰਗ ਵੀ ਕੀਤੀ ਗਈ ਸੀ। ਇਸ ਤੋਂ ਬਾਅਦ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਇਸ ਮਾਮਲੇ ਵਿੱਚ ਸਕੂਲ ਪ੍ਰਸ਼ਾਸਨ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਹੈ।

**ਵਾਇਰਲ ਵੀਡੀਓ ਨੇ ਪੈਦਾ ਕੀਤੀ ਚਿੰਤਾ**

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਘਟਨਾ ਸਬੰਧੀ ਸਾਹਮਣੇ ਆਈ ਵੀਡੀਓ ਨੇ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਚਿੰਤਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਿਰਫ਼ ਇੱਕ ਵਿਦਿਆਰਥੀ ਜਾਂ ਇੱਕ ਪਰਿਵਾਰ ਦਾ ਮਾਮਲਾ ਨਹੀਂ ਹੁੰਦੀਆਂ, ਸਗੋਂ ਇਹ ਸਿੱਖਿਆ ਸੰਸਥਾਵਾਂ ਵਿੱਚ ਬੱਚਿਆਂ ਦੀ ਸੁਰੱਖਿਆ ਦੇ ਪ੍ਰਬੰਧਾਂ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਬੱਚੇ ਦੀ ਇੱਜ਼ਤ, ਮਾਨਸਿਕ ਸਥਿਤੀ ਅਤੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਹਰ ਵਿਅਕਤੀ ਨੂੰ ਇਸ ਮਾਮਲੇ ਨਾਲ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਆਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਬੱਚੇ ਦੀ ਪਛਾਣ ਜਾਂ ਉਸ ਨਾਲ ਵਾਪਰੀ ਘਟਨਾ ਨੂੰ ਅਜਿਹੇ ਢੰਗ ਨਾਲ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ, ਜਿਸ ਨਾਲ ਉਸ ਨੂੰ ਭਵਿੱਖ ਵਿੱਚ ਹੋਰ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ।

**ਸਿਰਫ਼ ਵਿਦਿਆਰਥੀਆਂ ਨਹੀਂ, ਸਕੂਲ ਪ੍ਰਬੰਧਨ ਦੀ ਭੂਮਿਕਾ ਦੀ ਵੀ ਹੋਵੇ ਜਾਂਚ**

ਐਡਵੋਕੇਟ ਧਾਮੀ ਨੇ ਕਿਹਾ ਕਿ ਪਰਿਵਾਰ ਵੱਲੋਂ ਸ਼ਿਕਾਇਤ ਕੀਤੇ ਜਾਣ ਤੋਂ ਬਾਅਦ ਹਿਮਾਚਲ ਪ੍ਰਦੇਸ਼ ਪੁਲੀਸ ਵੱਲੋਂ ਮਾਮਲੇ ਵਿੱਚ ਕਾਰਵਾਈ ਸ਼ੁਰੂ ਕਰਨਾ ਸਵਾਗਤਯੋਗ ਕਦਮ ਹੈ। ਪਰ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਕਾਰਵਾਈ ਸ਼ੁਰੂ ਕਰਨਾ ਹੀ ਕਾਫ਼ੀ ਨਹੀਂ ਹੈ, ਸਗੋਂ ਪੂਰੇ ਮਾਮਲੇ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਇਹ ਵੀ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ ਕਿ ਰੈਗਿੰਗ ਦੀ ਘਟਨਾ ਕਿਸ ਤਰ੍ਹਾਂ ਵਾਪਰੀ ਅਤੇ ਸਕੂਲ ਪ੍ਰਸ਼ਾਸਨ ਵੱਲੋਂ ਇਸ ਨੂੰ ਰੋਕਣ ਲਈ ਸਮੇਂ ਸਿਰ ਲੋੜੀਂਦੇ ਕਦਮ ਕਿਉਂ ਨਹੀਂ ਚੁੱਕੇ ਗਏ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿਰਫ਼ ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਤੈਅ ਕਰਨਾ ਹੀ ਕਾਫ਼ੀ ਨਹੀਂ ਹੋਵੇਗਾ। ਇਸ ਦੇ ਨਾਲ ਹੀ ਸਕੂਲ ਦੇ ਪ੍ਰਬੰਧਕਾਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸਕੂਲ ਪ੍ਰਸ਼ਾਸਨ ਦੀ ਇਹ ਮੁੱਢਲੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਅਦਾਰੇ ਵਿੱਚ ਬੱਚਿਆਂ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਏ। ਜੇਕਰ ਕਿਸੇ ਵਿਦਿਆਰਥੀ ਨਾਲ ਲੰਬੇ ਸਮੇਂ ਤੱਕ ਜਾਂ ਕਿਸੇ ਵੀ ਪੱਧਰ 'ਤੇ ਅਜਿਹਾ ਅਪਮਾਨਜਨਕ ਵਿਵਹਾਰ ਹੁੰਦਾ ਹੈ ਤਾਂ ਇਸ ਸਬੰਧੀ ਪ੍ਰਬੰਧਕੀ ਪੱਧਰ ਦੀ ਜਵਾਬਦੇਹੀ ਵੀ ਤੈਅ ਹੋਣੀ ਚਾਹੀਦੀ ਹੈ।

**ਪ੍ਰਿੰਸੀਪਲ ਵਿਰੁੱਧ ਵੀ ਕਾਰਵਾਈ ਦੀ ਮੰਗ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਇਸ ਮਾਮਲੇ ਵਿੱਚ ਸਕੂਲ ਦੇ ਪ੍ਰਿੰਸੀਪਲ ਦੀ ਭੂਮਿਕਾ ਦੀ ਵੀ ਗੰਭੀਰਤਾ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਜੇਕਰ ਜਾਂਚ ਵਿੱਚ ਪ੍ਰਬੰਧਕੀ ਪੱਧਰ 'ਤੇ ਲਾਪਰਵਾਹੀ ਜਾਂ ਜ਼ਿੰਮੇਵਾਰੀ ਸਾਹਮਣੇ ਆਉਂਦੀ ਹੈ ਤਾਂ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਸਕੂਲ ਦੇ ਪ੍ਰਿੰਸੀਪਲ ਅਤੇ ਪ੍ਰਬੰਧਕ ਸਿਰਫ਼ ਪ੍ਰਸ਼ਾਸਨਿਕ ਅਹੁਦਿਆਂ 'ਤੇ ਬੈਠੇ ਵਿਅਕਤੀ ਨਹੀਂ ਹੁੰਦੇ, ਸਗੋਂ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣਾ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ।

ਉਨ੍ਹਾਂ ਦੇ ਅਨੁਸਾਰ, ਇਸ ਮਾਮਲੇ ਵਿੱਚ ਹਰ ਉਸ ਵਿਅਕਤੀ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ, ਜਿਸ ਦੀ ਲਾਪਰਵਾਹੀ ਜਾਂ ਭੂਮਿਕਾ ਕਾਰਨ ਵਿਦਿਆਰਥੀ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

**ਸਿੱਖ ਬੱਚਿਆਂ ਨੂੰ ਨਿਸ਼ਾਨਾ ਬਣਾਉਣਾ ਕਿਸੇ ਵੀ ਹਾਲਤ ਵਿੱਚ ਪ੍ਰਵਾਨ ਨਹੀਂ**

ਐਡਵੋਕੇਟ ਧਾਮੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕਿਸੇ ਵੀ ਵਿਦਿਆਰਥੀ ਨੂੰ ਰੈਗਿੰਗ ਵਰਗੀ ਘਟੀਆ ਹਰਕਤ ਰਾਹੀਂ ਪਰੇਸ਼ਾਨ ਕਰਨਾ ਗ਼ਲਤ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨਾਲ ਉਨ੍ਹਾਂ ਦੀ ਪਛਾਣ, ਧਰਮ ਜਾਂ ਕਿਸੇ ਵੀ ਹੋਰ ਆਧਾਰ 'ਤੇ ਭੇਦਭਾਵ ਕਰਨਾ ਹੋਰ ਵੀ ਗੰਭੀਰ ਮਾਮਲਾ ਹੈ।

ਉਨ੍ਹਾਂ ਕਿਹਾ ਕਿ ਖ਼ਾਸ ਕਰਕੇ ਸਿੱਖ ਬੱਚਿਆਂ ਨੂੰ ਨਿਸ਼ਾਨੇ 'ਤੇ ਲੈ ਕੇ ਉਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਅਪਮਾਨਜਨਕ ਵਿਵਹਾਰ ਕਰਨਾ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਜ਼ੋਰ ਦਿੱਤਾ ਕਿ ਦੇਸ਼ ਦੀਆਂ ਸਾਰੀਆਂ ਸਿੱਖਿਆ ਸੰਸਥਾਵਾਂ ਵਿੱਚ ਹਰੇਕ ਵਿਦਿਆਰਥੀ ਨੂੰ ਉਸ ਦੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਸਮੇਤ ਪੂਰਾ ਸਨਮਾਨ ਮਿਲਣਾ ਚਾਹੀਦਾ ਹੈ।

**ਹਿਮਾਚਲ ਸਰਕਾਰ ਅਤੇ ਸਕੂਲ ਪ੍ਰਬੰਧਨ ਤੋਂ ਸਖ਼ਤ ਕਾਰਵਾਈ ਦੀ ਮੰਗ**

ਐਡਵੋਕੇਟ ਧਾਮੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਸਬੰਧਤ ਸਕੂਲ ਪ੍ਰਬੰਧਨ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਕਰਵਾਈ ਜਾਵੇ।

ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਜਿਹੜੇ ਵੀ ਵਿਅਕਤੀ ਦੋਸ਼ੀ ਪਾਏ ਜਾਣ, ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਾਰਵਾਈ ਅਜਿਹੀ ਹੋਵੇ ਜਿਸ ਨਾਲ ਭਵਿੱਖ ਵਿੱਚ ਹੋਰ ਸਿੱਖਿਆ ਸੰਸਥਾਵਾਂ ਵੀ ਆਪਣੀ ਜ਼ਿੰਮੇਵਾਰੀ ਪ੍ਰਤੀ ਵੱਧ ਸੁਚੇਤ ਹੋਣ।

ਉਨ੍ਹਾਂ ਕਿਹਾ ਕਿ ਕਿਸੇ ਵੀ ਬੱਚੇ ਨਾਲ ਅਜਿਹੀ ਘਟਨਾ ਦੁਬਾਰਾ ਨਾ ਵਾਪਰੇ, ਇਸ ਲਈ ਖ਼ਾਸ ਕਰਕੇ ਬੋਰਡਿੰਗ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਲਈ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ।

**ਰੈਗਿੰਗ ਰੋਕਣ ਲਈ ਮਜ਼ਬੂਤ ਪ੍ਰਬੰਧ ਬਣਾਉਣ ਦੀ ਲੋੜ**

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਾਰੇ ਬੋਰਡਿੰਗ ਅਤੇ ਹੋਰ ਸਿੱਖਿਆ ਸੰਸਥਾਵਾਂ ਵਿੱਚ ਰੈਗਿੰਗ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਸਕੂਲ ਪ੍ਰਬੰਧਨ ਨੂੰ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਸੁਣਨ ਲਈ ਸਪੱਸ਼ਟ ਪ੍ਰਣਾਲੀ ਬਣਾਉਣੀ ਚਾਹੀਦੀ ਹੈ ਅਤੇ ਕਿਸੇ ਵੀ ਸ਼ਿਕਾਇਤ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ।

ਉਨ੍ਹਾਂ ਅਨੁਸਾਰ ਬੱਚਿਆਂ ਨੂੰ ਅਜਿਹਾ ਮਾਹੌਲ ਮਿਲਣਾ ਚਾਹੀਦਾ ਹੈ, ਜਿੱਥੇ ਉਹ ਬਿਨਾਂ ਕਿਸੇ ਡਰ ਦੇ ਆਪਣੀ ਸਮੱਸਿਆ ਜਾਂ ਪਰੇਸ਼ਾਨੀ ਬਾਰੇ ਸਕੂਲ ਪ੍ਰਬੰਧਨ ਅਤੇ ਆਪਣੇ ਮਾਪਿਆਂ ਨਾਲ ਗੱਲ ਕਰ ਸਕਣ।

**ਮਾਪਿਆਂ ਨੂੰ ਵੀ ਸੁਚੇਤ ਰਹਿਣ ਦੀ ਅਪੀਲ**

ਐਡਵੋਕੇਟ ਧਾਮੀ ਨੇ ਸਮੂਹ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਸੁਰੱਖਿਆ ਅਤੇ ਸਕੂਲਾਂ ਦੇ ਮਾਹੌਲ ਪ੍ਰਤੀ ਸੁਚੇਤ ਰਹਿਣ।

ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਹਰ ਸਕੂਲ ਵਿੱਚ ਇਹ ਗੱਲ ਦ੍ਰਿੜ੍ਹਤਾ ਨਾਲ ਰੱਖਣੀ ਚਾਹੀਦੀ ਹੈ ਕਿ ਕਿਸੇ ਵੀ ਬੱਚੇ ਨਾਲ ਰੈਗਿੰਗ, ਧੱਕੇਸ਼ਾਹੀ ਜਾਂ ਅਪਮਾਨਜਨਕ ਵਿਵਹਾਰ ਦੀ ਕੋਈ ਘਟਨਾ ਨਾ ਵਾਪਰੇ।

ਉਨ੍ਹਾਂ ਨੇ ਸਕੂਲ ਪ੍ਰਬੰਧਕਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਪੂਰੀ ਸੰਜੀਦਗੀ ਨਾਲ ਨਿਭਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨੂੰ ਹਰ ਹਾਲਤ ਵਿੱਚ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸਿੱਖਿਆ ਦਾ ਅਸਲ ਮਕਸਦ ਬੱਚਿਆਂ ਨੂੰ ਸੁਰੱਖਿਅਤ, ਸਨਮਾਨਜਨਕ ਅਤੇ ਚੰਗੇ ਮਾਹੌਲ ਵਿੱਚ ਅੱਗੇ ਵਧਣ ਦਾ ਮੌਕਾ ਦੇਣਾ ਹੈ। ਇਸ ਲਈ ਰੈਗਿੰਗ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਸਿਰਫ਼ ਘਟਨਾ ਵਾਪਰਨ ਤੋਂ ਬਾਅਦ ਕਾਰਵਾਈ ਕਰਨਾ ਹੀ ਨਹੀਂ, ਸਗੋਂ ਪਹਿਲਾਂ ਤੋਂ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਪ੍ਰਬੰਧ ਕਰਨਾ ਵੀ ਬੇਹੱਦ ਜ਼ਰੂਰੀ ਹੈ।

# ਬਿਜਲੀ ਸੰਕਟ ਨੂੰ ਲੈ ਕੇ ਇੰਜੀਨੀਅਰਾਂ ਨੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ, ਉਤਪਾਦਨ ਸਮਰੱਥਾ ਤੁਰੰਤ ਵਧਾਉਣ ਦੀ ਕੀਤੀ ਮੰਗ

## ਪੰਜਾਬ ਦੇ ਬਿਜਲੀ ਖੇਤਰ ਨੂੰ ਵਿੱਤੀ ਸੰਕਟ ਅਤੇ ਬਿਜਲੀ ਘਾਟ ਦੀ ਗੰਭੀਰ ਚੁਣੌਤੀ ਦੱਸਿਆ; ਪੀ.ਐੱਸ.ਪੀ.ਸੀ.ਐੱਲ. ਨੂੰ ਇਸ ਸਾਲ 7,800 ਕਰੋੜ ਰੁਪਏ ਦੇ ਮਾਲੀਏ ਦੇ ਘਾਟੇ ਦਾ ਖ਼ਦਸ਼ਾ



ਪੰਜਾਬ ਵਿੱਚ ਵਧ ਰਹੇ ਬਿਜਲੀ ਸੰਕਟ ਅਤੇ ਬਿਜਲੀ ਖੇਤਰ ਦੀ ਵਿਗੜਦੀ ਵਿੱਤੀ ਸਥਿਤੀ ਨੂੰ ਲੈ ਕੇ ਪੀ.ਐੱਸ.ਈ.ਬੀ. ਇੰਜੀਨੀਅਰਜ਼ ਐਸੋਸੀਏਸ਼ਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇੱਕ ਅਹਿਮ ਪੱਤਰ ਲਿਖਿਆ ਹੈ। ਐਸੋਸੀਏਸ਼ਨ ਨੇ ਪੰਜਾਬ ਦੇ ਆਰਥਿਕ ਵਿਕਾਸ ਅਤੇ ਊਰਜਾ ਸੁਰੱਖਿਆ ਨੂੰ ਬਚਾਉਣ ਲਈ ਸੂਬੇ ਅੰਦਰ ਬਿਜਲੀ ਉਤਪਾਦਨ ਸਮਰੱਥਾ ਨੂੰ ਤੁਰੰਤ ਵਧਾਉਣ ਦੀ ਮੰਗ ਕੀਤੀ ਹੈ।

ਐਸੋਸੀਏਸ਼ਨ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਪੰਜਾਬ ਦਾ ਬਿਜਲੀ ਖੇਤਰ ਇੱਕ ਵਾਰ ਫਿਰ ਵਿੱਤੀ ਸੰਕਟ ਅਤੇ ਬਿਜਲੀ ਦੀ ਘਾਟ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਭਰ ਵਿੱਚ ਵੱਖ-ਵੱਖ ਵਰਗਾਂ ਦੇ ਖਪਤਕਾਰਾਂ ਨੂੰ ਲੱਗ ਰਹੇ ਬਿਜਲੀ ਕੱਟਾਂ ਦੇ ਮੱਦੇਨਜ਼ਰ ਇੰਜੀਨੀਅਰਾਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਮੇਂ ਸਿਰ ਢੁੱਕਵੇਂ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਾਲਾਂ ਵਿੱਚ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਪੀ.ਐੱਸ.ਪੀ.ਸੀ.ਐੱਲ. ਨੇ ਪਿਛਲੇ ਦੋ ਵਿੱਤੀ ਸਾਲਾਂ ਦੌਰਾਨ ਦੇਸ਼ ਦੀਆਂ ਚੋਟੀ ਦੀਆਂ ਬਿਜਲੀ ਯੂਟਿਲਿਟੀਜ਼ ਵਿੱਚ ਏ ਅਤੇ ਏ-ਪਲੱਸ ਰੇਟਿੰਗ ਹਾਸਲ ਕਰਕੇ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਸੀ। ਇਸ ਤੋਂ ਇਲਾਵਾ ਪੀ.ਐੱਸ.ਪੀ.ਸੀ.ਐੱਲ. ਨੇ ਹੜ੍ਹਾਂ ਅਤੇ ਗਰਮੀ ਦੀ ਲਹਿਰ ਵਰਗੀਆਂ ਚੁਣੌਤੀਪੂਰਨ ਸਥਿਤੀਆਂ ਦੌਰਾਨ ਵੀ ਪੰਜਾਬ ਦੀ ਊਰਜਾ ਸੁਰੱਖਿਆ ਨੂੰ ਸਫਲਤਾਪੂਰਵਕ ਸੰਭਾਲਿਆ ਸੀ।

ਹਾਲਾਂਕਿ, ਐਸੋਸੀਏਸ਼ਨ ਦਾ ਕਹਿਣਾ ਹੈ ਕਿ ਪੀ.ਐੱਸ.ਪੀ.ਸੀ.ਐੱਲ. ਦੀ ਮੌਜੂਦਾ ਸਥਿਤੀ ਹੁਣ ਚਿੰਤਾਜਨਕ ਢੰਗ ਨਾਲ ਵਿਗੜ ਗਈ ਹੈ। ਪੰਜਾਬ ਦੇ ਬਿਜਲੀ ਇੰਜੀਨੀਅਰਾਂ ਦੀ ਨੁਮਾਇੰਦਗੀ ਕਰਨ ਵਾਲੀ ਪੇਸ਼ੇਵਰ ਸੰਸਥਾ ਹੋਣ ਦੇ ਨਾਤੇ ਐਸੋਸੀਏਸ਼ਨ ਨੇ ਕਿਹਾ ਕਿ ਉਨ੍ਹਾਂ ਦਾ ਗੰਭੀਰ ਫ਼ਰਜ਼ ਬਣਦਾ ਹੈ ਕਿ ਉਹ ਪੰਜਾਬ ਸਰਕਾਰ ਨੂੰ ਸੂਬੇ ਦੇ ਬਿਜਲੀ ਖੇਤਰ ਸਾਹਮਣੇ ਖੜ੍ਹੇ ਹੋ ਰਹੇ ਵਿੱਤੀ ਅਤੇ ਊਰਜਾ ਸੰਕਟ ਬਾਰੇ ਸੁਚੇਤ ਕਰਨ।

ਪੱਤਰ ਵਿੱਚ ਅੱਗੇ ਕਿਹਾ ਗਿਆ ਹੈ ਕਿ ਪੰਜਾਬ ਦਾ ਬਿਜਲੀ ਖੇਤਰ ਇੱਕ ਵਾਰ ਫਿਰ ਗੰਭੀਰ ਵਿੱਤੀ ਸੰਕਟ ਅਤੇ ਬਿਜਲੀ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਉਭਰ ਰਹੀ ਬਿਜਲੀ ਘਾਟ ਦਾ ਅਸਰ ਪਹਿਲਾਂ ਹੀ ਉਦਯੋਗ, ਖੇਤੀਬਾੜੀ ਅਤੇ ਘਰੇਲੂ ਖਪਤਕਾਰਾਂ ਸਮੇਤ ਸੂਬੇ ਦੇ ਕਈ ਮੁੱਖ ਖੇਤਰਾਂ 'ਤੇ ਪੈਣਾ ਸ਼ੁਰੂ ਹੋ ਗਿਆ ਹੈ।

ਐਸੋਸੀਏਸ਼ਨ ਨੇ ਕਿਹਾ ਕਿ ਜੇਕਰ ਪੰਜਾਬ ਦੇ ਅੰਦਰ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਲਈ ਤੁਰੰਤ ਅਤੇ ਠੋਸ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਾਲਾਂ ਵਿੱਚ ਬਿਜਲੀ ਦੀ ਘਾਟ ਹੋਰ ਵੀ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਪ੍ਰਾਈਵੇਟ ਥਰਮਲ ਪਲਾਂਟਾਂ ਵਿੱਚ ਕੋਲੇ ਦੀ ਭਾਰੀ ਘਾਟ ਨੂੰ ਵੀ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ ਗਿਆ ਹੈ।

**ਸਬਸਿਡੀ ਦੇ ਬਕਾਏ ਅਤੇ ਬਿਜਲੀ ਬਿੱਲਾਂ ਦੀ ਦੇਰੀ ਨਾਲ ਅਦਾਇਗੀ ਨੇ ਵਧਾਇਆ ਵਿੱਤੀ ਦਬਾਅ**

ਇੰਜੀਨੀਅਰਜ਼ ਐਸੋਸੀਏਸ਼ਨ ਨੇ ਪੱਤਰ ਵਿੱਚ ਪੰਜਾਬ ਸਰਕਾਰ ਵੱਲੋਂ ਸਬਸਿਡੀ ਦੇ ਬਕਾਏ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਵਿੱਚ ਲਗਾਤਾਰ ਹੋ ਰਹੀ ਦੇਰੀ ਨੂੰ ਪੀ.ਐੱਸ.ਪੀ.ਸੀ.ਐੱਲ. ਦੀ ਵਿਗੜਦੀ ਵਿੱਤੀ ਹਾਲਤ ਦਾ ਇੱਕ ਵੱਡਾ ਕਾਰਨ ਦੱਸਿਆ ਹੈ।

ਐਸੋਸੀਏਸ਼ਨ ਅਨੁਸਾਰ ਸਰਕਾਰ ਅਤੇ ਸਰਕਾਰੀ ਵਿਭਾਗਾਂ ਵੱਲੋਂ ਬਕਾਇਆ ਰਕਮ ਸਮੇਂ ਸਿਰ ਨਾ ਮਿਲਣ ਕਾਰਨ ਪਾਵਰ ਕਾਰਪੋਰੇਸ਼ਨ ਦੀ ਵਿੱਤੀ ਸਥਿਤੀ ਲਗਾਤਾਰ ਕਮਜ਼ੋਰ ਹੋ ਰਹੀ ਹੈ।

ਪੱਤਰ ਵਿੱਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਹਾਲ ਹੀ ਦੇ ਸਾਲਾਨਾ ਮਾਲੀਆ ਲੋੜ ਅਨੁਮਾਨ ਵਿੱਚ ਖਰਚਿਆਂ ਦੇ ਅੰਦਾਜ਼ਿਆਂ ਨੂੰ ਘੱਟ ਕਰਕੇ ਪੇਸ਼ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਬਿਜਲੀ ਦਰਾਂ ਵਿੱਚ ਅਜਿਹੀ ਕਮੀ ਆਈ ਜਿਸ ਨੂੰ ਐਸੋਸੀਏਸ਼ਨ ਨੇ ਗ਼ੈਰ-ਵਾਜਬ ਕਰਾਰ ਦਿੱਤਾ ਹੈ ਅਤੇ ਇਸ ਕਾਰਨ ਪੀ.ਐੱਸ.ਪੀ.ਸੀ.ਐੱਲ. ਨੂੰ ਭਾਰੀ ਵਿੱਤੀ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ।

ਐਸੋਸੀਏਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਚਾਲੂ ਵਿੱਤੀ ਸਾਲ ਦੌਰਾਨ ਹੀ ਪੀ.ਐੱਸ.ਪੀ.ਸੀ.ਐੱਲ. ਨੂੰ ਆਪਣੀਆਂ ਅਸਲ ਖਰਚਾ ਜ਼ਰੂਰਤਾਂ ਦੇ ਮੁਕਾਬਲੇ ਲਗਪਗ 7,800 ਕਰੋੜ ਰੁਪਏ ਦੇ ਮਾਲੀਏ ਦੇ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇੰਜੀਨੀਅਰਾਂ ਅਨੁਸਾਰ ਇਹ ਵਿੱਤੀ ਘਾਟ ਪਾਵਰ ਕਾਰਪੋਰੇਸ਼ਨ ਦੀ ਕਾਰਜਸ਼ੀਲਤਾ ਅਤੇ ਭਵਿੱਖ ਵਿੱਚ ਬਿਜਲੀ ਖਰੀਦਣ ਦੀ ਸਮਰੱਥਾ 'ਤੇ ਵੀ ਗੰਭੀਰ ਅਸਰ ਪਾ ਸਕਦੀ ਹੈ।

**ਗਰਮੀ ਦੇ ਪੀਕ ਸੀਜ਼ਨ ਵਿੱਚ ਵਧਦੀ ਹੈ ਬਿਜਲੀ ਦੀ ਘਾਟ**

ਪੱਤਰ ਵਿੱਚ ਕਿਹਾ ਗਿਆ ਹੈ ਕਿ ਗਰਮੀ ਦੇ ਸਿਖਰਲੇ ਸੀਜ਼ਨ ਦੌਰਾਨ ਪੰਜਾਬ ਵਿੱਚ ਬਿਜਲੀ ਦੀ ਮੰਗ ਵਿੱਚ ਭਾਰੀ ਵਾਧਾ ਹੋ ਜਾਂਦਾ ਹੈ, ਜਦਕਿ ਸੂਬੇ ਦੀ ਅੰਦਰੂਨੀ ਬਿਜਲੀ ਉਤਪਾਦਨ ਸਮਰੱਥਾ ਇਸ ਵਧਦੀ ਮੰਗ ਨੂੰ ਪੂਰਾ ਕਰਨ ਲਈ ਕਾਫ਼ੀ ਨਹੀਂ ਰਹਿੰਦੀ।

ਇਸ ਕਾਰਨ ਪੀ.ਐੱਸ.ਪੀ.ਸੀ.ਐੱਲ. ਨੂੰ ਬਿਜਲੀ ਦੀ ਲੋੜ ਪੂਰੀ ਕਰਨ ਲਈ ਊਰਜਾ ਐਕਸਚੇਂਜਾਂ ਅਤੇ ਖੁੱਲ੍ਹੇ ਬਾਜ਼ਾਰ ਤੋਂ ਮਹਿੰਗੀ ਬਿਜਲੀ ਖਰੀਦਣ 'ਤੇ ਵੱਡੇ ਪੱਧਰ 'ਤੇ ਨਿਰਭਰ ਹੋਣਾ ਪੈਂਦਾ ਹੈ।

ਇੰਜੀਨੀਅਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਜੈ ਪਾਲ ਸਿੰਘ ਅਟਵਾਲ ਨੇ ਪੱਤਰ ਵਿੱਚ ਕਿਹਾ ਕਿ ਅੰਤਰ-ਰਾਜੀ ਬਿਜਲੀ ਬੈਂਕਿੰਗ ਪ੍ਰਬੰਧਾਂ ਦੀ ਵਧਦੀ ਗ਼ੈਰ-ਭਰੋਸੇਯੋਗਤਾ ਕਾਰਨ ਪੰਜਾਬ ਦੀ ਇਹ ਕਮਜ਼ੋਰੀ ਹੋਰ ਵੀ ਵੱਧ ਜਾਂਦੀ ਹੈ।

ਉਨ੍ਹਾਂ ਨੇ ਉਦਾਹਰਨ ਦਿੰਦਿਆਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵਰਗੇ ਪਣ-ਬਿਜਲੀ ਨਾਲ ਭਰਪੂਰ ਸੂਬਿਆਂ ਨੇ ਪੰਜਾਬ ਨਾਲ ਬਿਜਲੀ ਬੈਂਕਿੰਗ ਕਰਨ ਦੀ ਬਜਾਏ ਗਰਮੀ ਦੇ ਪੀਕ ਮਹੀਨਿਆਂ ਦੌਰਾਨ ਖੁੱਲ੍ਹੇ ਬਾਜ਼ਾਰ ਵਿੱਚ ਮਿਲਣ ਵਾਲੀਆਂ ਉੱਚੀਆਂ ਕੀਮਤਾਂ ਦਾ ਲਾਭ ਉਠਾਉਣ ਨੂੰ ਤਰਜੀਹ ਦਿੱਤੀ ਹੈ।

ਇਸ ਕਾਰਨ ਪੰਜਾਬ ਲਈ ਅੰਤਰ-ਰਾਜੀ ਬਿਜਲੀ ਬੈਂਕਿੰਗ 'ਤੇ ਨਿਰਭਰ ਰਹਿਣਾ ਵੀ ਪੂਰੀ ਤਰ੍ਹਾਂ ਭਰੋਸੇਯੋਗ ਵਿਕਲਪ ਨਹੀਂ ਰਿਹਾ।

**ਬਾਜ਼ਾਰ ਤੋਂ ਬਿਜਲੀ ਖਰੀਦਣਾ ਊਰਜਾ ਸੁਰੱਖਿਆ ਦੀ ਗਾਰੰਟੀ ਨਹੀਂ**

ਐਸੋਸੀਏਸ਼ਨ ਨੇ ਸਪੱਸ਼ਟ ਕਿਹਾ ਹੈ ਕਿ ਖੁੱਲ੍ਹੇ ਬਾਜ਼ਾਰ ਤੋਂ ਬਿਜਲੀ ਖਰੀਦਣ ਅਤੇ ਅੰਤਰ-ਰਾਜੀ ਬਿਜਲੀ ਬੈਂਕਿੰਗ 'ਤੇ ਵੱਧ ਨਿਰਭਰਤਾ ਪੰਜਾਬ ਨੂੰ ਸਥਾਈ ਅਤੇ ਗਾਰੰਟੀਸ਼ੁਦਾ ਊਰਜਾ ਸੁਰੱਖਿਆ ਨਹੀਂ ਦੇ ਸਕਦੀ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਨੂੰ ਖ਼ਾਸ ਕਰਕੇ ਗ਼ੈਰ-ਸੂਰਜੀ ਸਮੇਂ ਅਤੇ ਰਾਤ ਦੇ ਪੀਕ ਘੰਟਿਆਂ ਦੌਰਾਨ ਬਿਜਲੀ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਸਥਿਰ ਅਤੇ ਚੌਵੀ ਘੰਟੇ ਉਪਲਬਧ ਰਹਿਣ ਵਾਲੀ ਬੇਸ-ਲੋਡ ਬਿਜਲੀ ਦੀ ਲੋੜ ਹੈ।

ਐਸੋਸੀਏਸ਼ਨ ਨੇ ਜ਼ੋਰ ਦਿੱਤਾ ਹੈ ਕਿ ਜਦੋਂ ਤੱਕ ਪੰਜਾਬ ਆਪਣੀ ਰਾਜ ਖੇਤਰ ਦੀ ਥਰਮਲ ਬਿਜਲੀ ਉਤਪਾਦਨ ਸਮਰੱਥਾ ਨੂੰ ਤੇਜ਼ੀ ਨਾਲ ਨਹੀਂ ਵਧਾਉਂਦਾ, ਤਦ ਤੱਕ ਸੂਬਾ ਹਰ ਗਰਮੀ ਦੇ ਮੌਸਮ ਵਿੱਚ ਬਿਜਲੀ ਦੀ ਘਾਟ ਅਤੇ ਮਹਿੰਗੀ ਬਿਜਲੀ ਖਰੀਦਣ ਦੇ ਚੱਕਰ ਵਿੱਚ ਫਸਿਆ ਰਹੇਗਾ।

ਇੰਜੀਨੀਅਰਾਂ ਨੇ ਕਿਹਾ ਕਿ ਪੰਜਾਬ ਨੂੰ ਆਪਣੀ ਵਧਦੀ ਬਿਜਲੀ ਮੰਗ ਪੂਰੀ ਕਰਨ ਲਈ ਸੂਬੇ ਤੋਂ ਬਾਹਰੋਂ ਖਰੀਦੀ ਜਾਣ ਵਾਲੀ ਬਿਜਲੀ ਅਤੇ ਨਿੱਜੀ ਬਿਜਲੀ ਉਤਪਾਦਨ ਕੰਪਨੀਆਂ 'ਤੇ ਲਗਾਤਾਰ ਵੱਧ ਨਿਰਭਰ ਹੋਣਾ ਪੈ ਰਿਹਾ ਹੈ।

**ਸੂਬੇ ਤੋਂ ਬਾਹਰ ਬਿਜਲੀ ਖਰੀਦਣ ਨਾਲ ਵਧ ਰਿਹਾ ਵਿੱਤੀ ਬੋਝ**

ਪੱਤਰ ਵਿੱਚ ਕਿਹਾ ਗਿਆ ਹੈ ਕਿ ਸੂਬੇ ਤੋਂ ਬਾਹਰੋਂ ਬਿਜਲੀ ਖਰੀਦਣ ਨਾਲ ਨਾ ਸਿਰਫ਼ ਬਿਜਲੀ ਦੀ ਉਪਲਬਧਤਾ ਅਤੇ ਮਾਰਕੀਟ ਕੀਮਤਾਂ ਵਿੱਚ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈਂਦਾ ਹੈ, ਸਗੋਂ ਇਸ ਕਾਰਨ ਪੰਜਾਬ ਵਿੱਚੋਂ ਵੱਡੀ ਮਾਤਰਾ ਵਿੱਚ ਵਿੱਤੀ ਸਰੋਤ ਵੀ ਬਾਹਰ ਜਾਂਦੇ ਹਨ।

ਪੰਜਾਬ ਅਤੇ ਹੋਰ ਸੂਬਿਆਂ ਦੀਆਂ ਨਿੱਜੀ ਬਿਜਲੀ ਉਤਪਾਦਨ ਕੰਪਨੀਆਂ ਨੂੰ ਬਿਜਲੀ ਖਰੀਦਣ ਲਈ ਵੱਡੀਆਂ ਰਕਮਾਂ ਅਦਾ ਕੀਤੀਆਂ ਜਾਂਦੀਆਂ ਹਨ, ਜਿਸ ਕਾਰਨ ਪੰਜਾਬ ਦੇ ਬਿਜਲੀ ਖੇਤਰ 'ਤੇ ਵਿੱਤੀ ਦਬਾਅ ਲਗਾਤਾਰ ਵਧਦਾ ਜਾ ਰਿਹਾ ਹੈ।

ਐਸੋਸੀਏਸ਼ਨ ਨੇ ਕਿਹਾ ਕਿ ਰਾਜ ਤੋਂ ਬਾਹਰੋਂ ਖਰੀਦੀ ਜਾ ਰਹੀ ਬਿਜਲੀ ਦੀ ਮਾਤਰਾ ਅਤੇ ਇਸ ਨਾਲ ਜੁੜੇ ਵਿੱਤੀ ਬੋਝ ਦੀ ਤੁਰੰਤ ਨੀਤੀਗਤ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।

ਇੰਜੀਨੀਅਰਜ਼ ਐਸੋਸੀਏਸ਼ਨ ਅਨੁਸਾਰ ਉਨ੍ਹਾਂ ਨੇ ਵੱਖ-ਵੱਖ ਪੱਤਰਾਂ ਅਤੇ ਸਰਕਾਰੀ ਸੰਚਾਰਾਂ ਰਾਹੀਂ ਇਸ ਮੁੱਦੇ ਨੂੰ ਪਹਿਲਾਂ ਵੀ ਕਈ ਵਾਰ ਉਜਾਗਰ ਕੀਤਾ ਹੈ ਅਤੇ ਪੰਜਾਬ ਦੇ ਰਾਜ ਖੇਤਰ ਵਿੱਚ ਬਿਜਲੀ ਉਤਪਾਦਨ ਸਮਰੱਥਾ ਨੂੰ ਸਮੇਂ ਸਿਰ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

ਹੁਣ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸੂਬੇ ਵਿੱਚ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਨੂੰ ਇੱਕ ਤੁਰੰਤ ਅਤੇ ਗੰਭੀਰ ਰਣਨੀਤਕ ਤਰਜੀਹ ਵਜੋਂ ਲਿਆ ਜਾਵੇ।

ਐਸੋਸੀਏਸ਼ਨ ਨੇ ਇਹ ਵੀ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਪਾਵਰ ਕਾਰਪੋਰੇਸ਼ਨ ਨੂੰ ਤੁਰੰਤ ਆਧਾਰ 'ਤੇ ਨਵੇਂ ਬਿਜਲੀ ਉਤਪਾਦਨ ਪ੍ਰੋਜੈਕਟ ਸ਼ੁਰੂ ਕਰਨ ਲਈ ਲੋੜੀਂਦੇ ਨਿਰਦੇਸ਼ ਜਾਰੀ ਕਰੇ, ਤਾਂ ਜੋ ਭਵਿੱਖ ਵਿੱਚ ਪੰਜਾਬ ਨੂੰ ਬਿਜਲੀ ਦੀ ਘਾਟ, ਮਹਿੰਗੀ ਬਿਜਲੀ ਖਰੀਦ ਅਤੇ ਵਧਦੇ ਵਿੱਤੀ ਬੋਝ ਵਰਗੀਆਂ ਗੰਭੀਰ ਸਮੱਸਿਆਵਾਂ ਤੋਂ ਬਚਾਇਆ ਜਾ ਸਕੇ।

ਇੰਜੀਨੀਅਰਜ਼ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸੂਬੇ ਵਿੱਚ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਲਈ ਹੁਣ ਵੀ ਠੋਸ ਕਦਮ ਨਾ ਚੁੱਕੇ ਗਏ ਤਾਂ ਪੰਜਾਬ ਨੂੰ ਹਰ ਸਾਲ ਗਰਮੀ ਦੇ ਪੀਕ ਸੀਜ਼ਨ ਦੌਰਾਨ ਬਿਜਲੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਇਸ ਦਾ ਸਿੱਧਾ ਅਸਰ ਸੂਬੇ ਦੇ ਉਦਯੋਗ, ਖੇਤੀਬਾੜੀ, ਆਮ ਖਪਤਕਾਰਾਂ ਅਤੇ ਸਮੁੱਚੇ ਆਰਥਿਕ ਵਿਕਾਸ 'ਤੇ ਪੈ ਸਕਦਾ ਹੈ।

# ਪੰਜਾਬ ਸਰਕਾਰ ਦੇ ਵਿਰੋਧ ਦੇ ਬਾਵਜੂਦ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਚੀਫ਼ ਜਸਟਿਸ ਵਜੋਂ ਚੁੱਕੀ ਸਹੁੰ

## ਪੰਜਾਬ ਕੈਬਨਿਟ ਦੀ ਅਪੀਲ ਦਰਕਿਨਾਰ ਕਰਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 37ਵੇਂ ਚੀਫ਼ ਜਸਟਿਸ ਬਣੇ; ਸਹੁੰ ਚੁੱਕ ਸਮਾਗਮ ਤੋਂ ਮੁੱਖ ਮੰਤਰੀ ਭਗਵੰਤ ਮਾਨ ਰਹੇ ਗੈਰਹਾਜ਼ਰ

ਪੰਜਾਬ ਸਰਕਾਰ ਵੱਲੋਂ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦੀ ਨਿਯੁਕਤੀ 'ਤੇ ਇਤਰਾਜ਼ ਜਤਾਉਣ ਅਤੇ ਸਹੁੰ ਚੁੱਕ ਸਮਾਗਮ ਨੂੰ ਰੋਕਣ ਲਈ ਕੇਂਦਰ ਸਰਕਾਰ ਨੂੰ ਅਪੀਲ ਕਰਨ ਦੇ ਬਾਵਜੂਦ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 37ਵੇਂ ਚੀਫ਼ ਜਸਟਿਸ ਵਜੋਂ ਸਹੁੰ ਚੁੱਕ ਲਈ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਲੋਕ ਭਵਨ ਵਿੱਚ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਅਹੁਦੇ ਦੀ ਸਹੁੰ ਚੁਕਾਈ। ਜਸਟਿਸ ਮਿਸ਼ਰਾ ਹੁਣ ਜਸਟਿਸ ਸ਼ੀਲ ਨਾਗੂ ਦੀ ਥਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਕਮਾਨ ਸੰਭਾਲਣਗੇ।

ਇਹ ਸਹੁੰ ਚੁੱਕ ਸਮਾਗਮ ਉਸ ਵੇਲੇ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣ ਗਿਆ ਜਦੋਂ ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਹੀ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦੀ ਨਿਯੁਕਤੀ ਸਬੰਧੀ ਆਪਣਾ ਇਤਰਾਜ਼ ਜ਼ਾਹਰ ਕਰ ਦਿੱਤਾ ਸੀ। ਪੰਜਾਬ ਸਰਕਾਰ ਦਾ ਕਹਿਣਾ ਸੀ ਕਿ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਪੰਜਾਬ ਸਰਕਾਰ ਦੀ ਸਹਿਮਤੀ ਲੈਣ ਨਾਲ ਸਬੰਧਤ ਪ੍ਰਕਿਰਿਆ ਪੂਰੀ ਕਰਨੀ ਚਾਹੀਦੀ ਹੈ।

ਪੰਜਾਬ ਸਰਕਾਰ ਦੇ ਵਿਰੋਧ ਅਤੇ ਅਪੀਲ ਦੇ ਬਾਵਜੂਦ ਸਹੁੰ ਚੁੱਕ ਸਮਾਗਮ ਆਪਣੇ ਨਿਰਧਾਰਤ ਪ੍ਰੋਗਰਾਮ ਅਨੁਸਾਰ ਕਰਵਾਇਆ ਗਿਆ ਅਤੇ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਅਧਿਕਾਰਤ ਤੌਰ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 37ਵੇਂ ਚੀਫ਼ ਜਸਟਿਸ ਵਜੋਂ ਅਹੁਦਾ ਸੰਭਾਲ ਲਿਆ।



ਸਹੁੰ ਚੁੱਕ ਸਮਾਗਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਗੈਰਹਾਜ਼ਰ ਰਹੇ। ਇਸ ਦੇ ਉਲਟ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਸਮਾਗਮ ਵਿੱਚ ਮੌਜੂਦ ਸਨ।

ਪੰਜਾਬ ਸਰਕਾਰ ਵੱਲੋਂ ਇਸ ਨਿਯੁਕਤੀ ਦਾ ਵਿਰੋਧ ਕਰਨ ਦਾ ਮਾਮਲਾ ਪਿਛਲੇ ਦਿਨ ਉਸ ਵੇਲੇ ਹੋਰ ਗੰਭੀਰ ਹੋ ਗਿਆ ਸੀ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਮਰਜੈਂਸੀ ਕੈਬਨਿਟ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਦੌਰਾਨ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦੀ ਨਿਯੁਕਤੀ ਦਾ ਵਿਰੋਧ ਕਰਨ ਵਾਲਾ ਇੱਕ ਮਤਾ ਪਾਸ ਕੀਤਾ ਗਿਆ ਸੀ।

ਪੰਜਾਬ ਕੈਬਨਿਟ ਵੱਲੋਂ ਪਾਸ ਕੀਤੇ ਗਏ ਮਤੇ ਵਿੱਚ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਸੀ ਕਿ ਪੰਜਾਬ ਸਰਕਾਰ ਦੀ ਸਹਿਮਤੀ ਮਿਲਣ ਤੱਕ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਸਹੁੰ ਨਾ ਚੁਕਾਈ ਜਾਵੇ।

ਪੰਜਾਬ ਸਰਕਾਰ ਦੇ ਇਸ ਸਪੱਸ਼ਟ ਵਿਰੋਧ ਦੇ ਬਾਵਜੂਦ ਕੇਂਦਰ ਪੱਧਰ 'ਤੇ ਸਹੁੰ ਚੁੱਕ ਸਮਾਗਮ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ ਅਤੇ ਜਸਟਿਸ ਮਿਸ਼ਰਾ ਨੇ ਅੱਜ ਅਧਿਕਾਰਤ ਤੌਰ 'ਤੇ ਆਪਣਾ ਅਹੁਦਾ ਸੰਭਾਲ ਲਿਆ।

ਇਸ ਪੂਰੇ ਮਾਮਲੇ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਐਮਰਜੈਂਸੀ ਕੈਬਨਿਟ ਮੀਟਿੰਗ ਕਰਕੇ ਨਿਯੁਕਤੀ ਦਾ ਵਿਰੋਧ ਕਰਨਾ ਅਤੇ ਉਸ ਤੋਂ ਤੁਰੰਤ ਬਾਅਦ ਹੀ ਸਹੁੰ ਚੁੱਕ ਸਮਾਗਮ ਹੋ ਜਾਣਾ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦਰਮਿਆਨ ਪੈਦਾ ਹੋਏ ਮਤਭੇਦਾਂ ਨੂੰ ਵੀ ਸਾਹਮਣੇ ਲਿਆਉਂਦਾ ਹੈ।

**ਪੰਜਾਬ ਦੀਆਂ ਸਿਆਸੀ ਹਸਤੀਆਂ ਵਿੱਚੋਂ ਸਿਰਫ਼ ਗਨੀਵ ਕੌਰ ਮਜੀਠੀਆ ਰਹੀ ਹਾਜ਼ਰ**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਵੇਂ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦੇ ਸਹੁੰ ਚੁੱਕ ਸਮਾਗਮ ਵਿੱਚ ਪੰਜਾਬ ਦੀਆਂ ਸਿਆਸੀ ਹਸਤੀਆਂ ਦੀ ਗੈਰਹਾਜ਼ਰੀ ਵੀ ਖ਼ਾਸ ਚਰਚਾ ਦਾ ਵਿਸ਼ਾ ਰਹੀ।

ਜਾਣਕਾਰੀ ਅਨੁਸਾਰ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਹਸਤੀਆਂ ਵਿੱਚੋਂ ਸਿਰਫ਼ ਗਨੀਵ ਕੌਰ ਮਜੀਠੀਆ ਹੀ ਇਸ ਸਮਾਗਮ ਵਿੱਚ ਹਾਜ਼ਰ ਹੋਈ। ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪੰਜਾਬ ਦੀਆਂ ਹੋਰ ਪ੍ਰਮੁੱਖ ਸਿਆਸੀ ਹਸਤੀਆਂ ਨੂੰ ਵੀ ਸਹੁੰ ਚੁੱਕ ਸਮਾਗਮ ਲਈ ਸੱਦਾ ਦਿੱਤਾ ਗਿਆ ਸੀ।

ਇਸ ਦੇ ਬਾਵਜੂਦ ਪੰਜਾਬ ਦੀ ਸੱਤਾਧਾਰੀ ਧਿਰ ਦਾ ਕੋਈ ਵੀ ਸਿਆਸੀ ਨੁਮਾਇੰਦਾ ਸਮਾਗਮ ਵਿੱਚ ਸ਼ਾਮਲ ਨਹੀਂ ਹੋਇਆ। ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰਹਾਜ਼ਰੀ ਨੂੰ ਪੰਜਾਬ ਸਰਕਾਰ ਵੱਲੋਂ ਪਹਿਲਾਂ ਜਤਾਏ ਗਏ ਵਿਰੋਧ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ।

ਹਾਲਾਂਕਿ, ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਪੱਧਰ ਦੇ ਉੱਚ ਅਧਿਕਾਰੀ ਸਮਾਗਮ ਵਿੱਚ ਮੌਜੂਦ ਰਹੇ। ਪੰਜਾਬ ਦੇ ਮੁੱਖ ਸਕੱਤਰ, ਡੀ.ਜੀ.ਪੀ. ਅਤੇ ਐਡਵੋਕੇਟ ਜਨਰਲ ਨੇ ਸਹੁੰ ਚੁੱਕ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

ਦੂਜੇ ਪਾਸੇ ਹਰਿਆਣਾ ਵੱਲੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਦੀ ਮੌਜੂਦਗੀ ਨੇ ਸਮਾਗਮ ਨੂੰ ਇੱਕ ਵੱਖਰਾ ਸਿਆਸੀ ਮਹੱਤਵ ਵੀ ਦਿੱਤਾ।

ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 37ਵੇਂ ਚੀਫ਼ ਜਸਟਿਸ ਵਜੋਂ ਸਹੁੰ ਚੁੱਕਣ ਨਾਲ ਹਾਈ ਕੋਰਟ ਨੂੰ ਨਵਾਂ ਮੁਖੀ ਮਿਲ ਗਿਆ ਹੈ, ਪਰ ਪੰਜਾਬ ਸਰਕਾਰ ਵੱਲੋਂ ਨਿਯੁਕਤੀ 'ਤੇ ਜਤਾਇਆ ਗਿਆ ਇਤਰਾਜ਼ ਅਤੇ ਸਹੁੰ ਚੁੱਕ ਸਮਾਗਮ ਤੋਂ ਸੱਤਾਧਾਰੀ ਧਿਰ ਦੀ ਦੂਰੀ ਆਉਣ ਵਾਲੇ ਦਿਨਾਂ ਵਿੱਚ ਵੀ ਸਿਆਸੀ ਅਤੇ ਕਾਨੂੰਨੀ ਚਰਚਾ ਦਾ ਵਿਸ਼ਾ ਬਣੀ ਰਹਿ ਸਕਦੀ ਹੈ।

ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਰਹੇਗੀ ਕਿ ਪੰਜਾਬ ਸਰਕਾਰ ਆਪਣੇ ਇਤਰਾਜ਼ ਅਤੇ ਕੈਬਨਿਟ ਵੱਲੋਂ ਪਾਸ ਕੀਤੇ ਗਏ ਮਤੇ ਤੋਂ ਬਾਅਦ ਅਗਲਾ ਕੀ ਰੁਖ ਅਪਣਾਉਂਦੀ ਹੈ ਅਤੇ ਇਸ ਮਾਮਲੇ ਨੂੰ ਲੈ ਕੇ ਸੂਬਾ ਸਰਕਾਰ ਵੱਲੋਂ ਕੋਈ ਹੋਰ ਕਦਮ ਚੁੱਕਿਆ ਜਾਂਦਾ ਹੈ ਜਾਂ ਨਹੀਂ।










# 72 ਸਾਲ ਦੀ ਉਮਰ ਵਿੱਚ ਮੋਹਨ ਸਿੰਘ ਚਾਹਲ ਦੀ ਕਮਾਲ ਦੀ ਦੌੜ, 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਜਿੱਤੇ ਦੋ ਤਗ਼ਮੇ

## ਰੂਪਨਗਰ ਦੇ ਨਹਿਰੂ ਸਟੇਡੀਅਮ ਵਿੱਚ 400 ਮੀਟਰ ਦੌੜ 'ਚ ਦੂਜਾ ਸਥਾਨ ਅਤੇ 800 ਮੀਟਰ ਵਿੱਚ ਹਾਸਲ ਕੀਤੀ ਜਿੱਤ

ਉਮਰ ਨੂੰ ਸਿਰਫ਼ ਇੱਕ ਅੰਕ ਸਾਬਤ ਕਰਦਿਆਂ ਰੋਪੜ ਦੇ ਦਸ਼ਮੇਸ਼ ਨਗਰ ਦੇ ਰਹਿਣ ਵਾਲੇ 72 ਸਾਲਾ ਮੋਹਨ ਸਿੰਘ ਚਾਹਲ ਨੇ 'ਖੇਡਾਂ ਵਤਨ ਪੰਜਾਬ ਦੀਆਂ 2026' ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਦੋ ਤਗ਼ਮੇ ਆਪਣੇ ਨਾਮ ਕੀਤੇ ਹਨ। ਰੂਪਨਗਰ ਦੇ ਨਹਿਰੂ ਸਟੇਡੀਅਮ ਵਿੱਚ ਚੱਲ ਰਹੇ ਅਥਲੈਟਿਕਸ ਮੁਕਾਬਲਿਆਂ ਦੌਰਾਨ ਚਾਹਲ ਨੇ 400 ਅਤੇ 800 ਮੀਟਰ ਦੌੜ ਵਿੱਚ ਆਪਣੀ ਤੰਦਰੁਸਤੀ ਅਤੇ ਖੇਡ ਪ੍ਰਤਿਭਾ ਦਾ ਸ਼ਾਨਦਾਰ ਨਮੂਨਾ ਪੇਸ਼ ਕੀਤਾ।

70 ਸਾਲ ਤੋਂ ਵੱਧ ਉਮਰ ਵਰਗ ਦੇ ਮੁਕਾਬਲਿਆਂ ਵਿੱਚ ਮੋਹਨ ਸਿੰਘ ਚਾਹਲ ਨੇ 800 ਮੀਟਰ ਦੌੜ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਇਹ ਦੌੜ ਪੰਜ ਮਿੰਟ ਵਿੱਚ ਪੂਰੀ ਕਰਕੇ ਜਿੱਤ ਦਰਜ ਕੀਤੀ।

ਇਸ ਤੋਂ ਇਲਾਵਾ 400 ਮੀਟਰ ਦੌੜ ਵਿੱਚ ਵੀ ਉਨ੍ਹਾਂ ਨੇ ਕਮਾਲ ਦਾ ਪ੍ਰਦਰਸ਼ਨ ਕੀਤਾ ਅਤੇ 2 ਮਿੰਟ 4 ਸਕਿੰਟ ਵਿੱਚ ਦੌੜ ਪੂਰੀ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ। ਇਸ ਤਰ੍ਹਾਂ 72 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਦੋ ਤਗ਼ਮੇ ਜਿੱਤ ਕੇ ਹੋਰਨਾਂ ਲਈ ਵੀ ਪ੍ਰੇਰਣਾਦਾਇਕ ਮਿਸਾਲ ਕਾਇਮ ਕੀਤੀ ਹੈ।

ਭਾਰਤੀ ਖੁਰਾਕ ਨਿਗਮ ਵਿੱਚ ਅਕਾਊਂਟਸ ਮੈਨੇਜਰ ਵਜੋਂ ਸੇਵਾਵਾਂ ਨਿਭਾ ਚੁੱਕੇ ਮੋਹਨ ਸਿੰਘ ਚਾਹਲ ਸਾਲ 2015 ਵਿੱਚ ਸੇਵਾਮੁਕਤ ਹੋ ਗਏ ਸਨ। ਸੇਵਾਮੁਕਤੀ ਤੋਂ ਬਾਅਦ ਵੀ ਉਨ੍ਹਾਂ ਨੇ ਆਪਣੀ ਸਰੀਰਕ ਸਰਗਰਮੀ ਨੂੰ ਜਾਰੀ ਰੱਖਿਆ ਅਤੇ ਤੰਦਰੁਸਤ ਜੀਵਨ ਸ਼ੈਲੀ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਇਆ।

ਚਾਹਲ ਨੇ ਕਿਹਾ ਕਿ ਰਾਜ ਪੱਧਰੀ ਖੇਡਾਂ ਨੇ



ਸੀਨੀਅਰ ਨਾਗਰਿਕਾਂ ਨੂੰ ਆਪਣੀ ਤੰਦਰੁਸਤੀ ਅਤੇ ਖੇਡ ਹੁਨਰ ਦਿਖਾਉਣ ਲਈ ਇੱਕ ਵਧੀਆ ਮੰਚ ਪ੍ਰਦਾਨ ਕੀਤਾ ਹੈ। ਉਨ੍ਹਾਂ ਨੇ ਵੱਖ-ਵੱਖ ਉਮਰ ਵਰਗਾਂ ਦੇ ਲੋਕਾਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਉਨ੍ਹਾਂ ਦਾ ਕਹਿਣਾ ਹੈ ਕਿ ਉਮਰ ਨੂੰ ਕਦੇ ਵੀ ਆਪਣੀ ਸਿਹਤ ਅਤੇ ਤੰਦਰੁਸਤੀ ਨੂੰ ਨਜ਼ਰਅੰਦਾਜ਼ ਕਰਨ ਦਾ ਬਹਾਨਾ ਨਹੀਂ ਬਣਾਉਣਾ ਚਾਹੀਦਾ। ਉਨ੍ਹਾਂ ਨੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸੈਰ ਅਤੇ ਖੇਡਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ।

ਮੋਹਨ ਸਿੰਘ ਚਾਹਲ ਨੇ ਚੰਗੀ ਸਿਹਤ ਲਈ ਸਹੀ ਖੁਰਾਕ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਫਾਸਟ ਫੂਡ ਦੀ ਬਜਾਏ ਪੌਸ਼ਟਿਕ ਅਤੇ ਘਰ ਵਿੱਚ ਤਿਆਰ ਕੀਤਾ ਭੋਜਨ ਖਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਲੋਕਾਂ ਨੂੰ ਆਪਣੀ ਸਿਹਤ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ। ਨਿਯਮਤ ਸਰੀਰਕ ਗਤੀਵਿਧੀਆਂ ਅਤੇ ਖੇਡਾਂ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ, ਸਗੋਂ ਵਿਅਕਤੀ ਨੂੰ ਊਰਜਾਵਾਨ ਅਤੇ ਸਰਗਰਮ ਵੀ ਬਣਾਈ ਰੱਖਦੀਆਂ ਹਨ।

72 ਸਾਲ ਦੀ ਉਮਰ ਵਿੱਚ ਦੋ ਤਗ਼ਮੇ ਜਿੱਤਣ ਵਾਲੇ ਮੋਹਨ ਸਿੰਘ ਚਾਹਲ ਦਾ ਪ੍ਰਦਰਸ਼ਨ ਇਹ ਸੰਦੇਸ਼ ਦਿੰਦਾ ਹੈ ਕਿ ਜੇਕਰ ਇੱਛਾ ਸ਼ਕਤੀ ਮਜ਼ਬੂਤ ਹੋਵੇ ਅਤੇ ਜੀਵਨ ਵਿੱਚ ਤੰਦਰੁਸਤੀ ਨੂੰ ਤਰਜੀਹ ਦਿੱਤੀ ਜਾਵੇ ਤਾਂ ਉਮਰ ਕਿਸੇ ਵੀ ਉਪਲਬਧੀ ਦੇ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦੀ।

# ਸ਼ੇਰ-ਏ-ਪੰਜਾਬ ਟੀ-20 ਵਿੱਚ ਅੰਮ੍ਰਿਤਸਰ ਸੂਰਮਿਆਂ ਦਾ ਧਮਾਕਾ, ਮੁਹਾਲੀ ਕਿੰਗਜ਼ ਨੂੰ 67 ਦੌੜਾਂ ਨਾਲ ਹਰਾਇਆ

**ਨਮਨ ਧੀਰ ਦੀ 173 ਦੌੜਾਂ ਦੀ ਤੂਫ਼ਾਨੀ ਪਾਰੀ ਨੇ ਮਚਾਈ ਤਬਾਹੀ; ਫਾਜ਼ਿਲਕਾ ਖ਼ਿਲਾਫ਼ ਵੀ ਅੰਮ੍ਰਿਤਸਰ ਨੇ ਦਰਜ ਕੀਤੀ 4 ਵਿਕਟਾਂ ਦੀ ਜਿੱਤ**

ਪੀਸੀਏ ਸਟੇਡੀਅਮ ਵਿੱਚ ਚੱਲ ਰਹੀ ਸ਼ੇਰ-ਏ-ਪੰਜਾਬ ਟੀ-20 ਕ੍ਰਿਕਟ ਲੀਗ ਵਿੱਚ ਅੰਮ੍ਰਿਤਸਰ ਸੂਰਮਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੁਹਾਲੀ ਕਿੰਗਜ਼ ਨੂੰ 67 ਦੌੜਾਂ ਦੇ ਵੱਡੇ ਫ਼ਰਕ ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਅੰਮ੍ਰਿਤਸਰ ਦੀ ਟੀਮ ਨੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਬਣਾਉਣ ਲਈ ਦਾਅਵੇਦਾਰੀ ਹੋਰ ਮਜ਼ਬੂਤ ਕਰ ਲਈ ਹੈ।

**ਨਮਨ ਧੀਰ ਦੀ ਧਮਾਕੇਦਾਰ ਪਾਰੀ**

ਮੁਹਾਲੀ ਕਿੰਗਜ਼ ਖ਼ਿਲਾਫ਼ ਪਹਿਲਾਂ ਬੱਲੇਬਾਜ਼ੀ ਕਰਦਿਆਂ ਅੰਮ੍ਰਿਤਸਰ ਸੂਰਮਿਆਂ ਨੇ ਨਿਰਧਾਰਤ 20 ਓਵਰਾਂ ਵਿੱਚ 7 ਵਿਕਟਾਂ ਗੁਆ ਕੇ 279 ਦੌੜਾਂ ਦਾ ਵਿਸ਼ਾਲ ਸਕੋਰ ਖੜ੍ਹਾ ਕੀਤਾ। ਟੀਮ ਦੇ ਇਸ ਵੱਡੇ ਸਕੋਰ ਦੀ ਸਭ ਤੋਂ ਵੱਡੀ ਵਜ੍ਹਾ ਨਮਨ ਧੀਰ ਦੀ ਧਮਾਕੇਦਾਰ ਬੱਲੇਬਾਜ਼ੀ ਰਹੀ।

ਨਮਨ ਧੀਰ ਨੇ ਸਿਰਫ਼ 64 ਗੇਂਦਾਂ ਦਾ ਸਾਹਮਣਾ ਕਰਦਿਆਂ 16 ਚੌਕਿਆਂ ਅਤੇ 12 ਛੱਕਿਆਂ ਦੀ ਮਦਦ ਨਾਲ 173 ਦੌੜਾਂ ਦੀ ਰਿਕਾਰਡ ਪਾਰੀ ਖੇਡੀ। ਉਨ੍ਹਾਂ ਨੇ ਸ਼ੁਰੂ ਤੋਂ ਹੀ ਮੁਹਾਲੀ ਦੇ ਗੇਂਦਬਾਜ਼ਾਂ 'ਤੇ ਹਮਲਾ ਕਰਦਿਆਂ ਮੈਦਾਨ ਦੇ ਹਰ ਪਾਸੇ ਸ਼ਾਨਦਾਰ ਸ਼ਾਟ ਖੇਡੇ। ਉਨ੍ਹਾਂ ਦੀ ਇਸ ਤੂਫ਼ਾਨੀ ਪਾਰੀ ਨੇ ਅੰਮ੍ਰਿਤਸਰ ਨੂੰ ਵੱਡੇ ਸਕੋਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਨਮਨ ਧੀਰ ਤੋਂ ਇਲਾਵਾ ਜਸ਼ਨਪ੍ਰੀਤ ਨੇ ਵੀ ਤੇਜ਼ ਬੱਲੇਬਾਜ਼ੀ ਕਰਦਿਆਂ 25 ਗੇਂਦਾਂ ਵਿੱਚ 41 ਦੌੜਾਂ ਬਣਾਈਆਂ। ਮੁਹਾਲੀ ਵੱਲੋਂ ਆਯੂਸ਼ ਗੋਇਲ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ 4 ਵਿਕਟਾਂ ਹਾਸਲ ਕੀਤੀਆਂ, ਪਰ ਅੰਮ੍ਰਿਤਸਰ ਦੇ ਬੱਲੇਬਾਜ਼ਾਂ ਵੱਲੋਂ ਬਣਾਇਆ ਗਿਆ ਵੱਡਾ ਸਕੋਰ ਰੋਕਣ ਵਿੱਚ ਟੀਮ ਦੇ ਗੇਂਦਬਾਜ਼ ਕਾਮਯਾਬ ਰਹੇ।

**212 ਦੌੜਾਂ ਤੱਕ ਹੀ ਪਹੁੰਚ ਸਕੀ ਮੁਹਾਲੀ ਦੀ ਟੀਮ**

280 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਮੁਹਾਲੀ ਕਿੰਗਜ਼ ਦੀ ਸ਼ੁਰੂਆਤ ਉਮੀਦ ਮੁਤਾਬਕ ਨਹੀਂ ਰਹੀ। ਜਸਕਰਨਵੀਰ ਨੇ ਟੀਮ ਵੱਲੋਂ



ਜ਼ੋਰਦਾਰ ਸੰਘਰਸ਼ ਕਰਦਿਆਂ 41 ਗੇਂਦਾਂ ਵਿੱਚ 76 ਦੌੜਾਂ ਦੀ ਪਾਰੀ ਖੇਡੀ, ਪਰ ਉਨ੍ਹਾਂ ਨੂੰ ਦੂਜੇ ਸਿਰੇ ਤੋਂ ਲੋੜੀਂਦਾ ਸਾਥ ਨਹੀਂ ਮਿਲ ਸਕਿਆ।

ਮੁਹਾਲੀ ਦੇ ਹੋਰ ਬੱਲੇਬਾਜ਼ ਵੱਡੀ ਪਾਰੀ ਖੇਡਣ ਵਿੱਚ ਨਾਕਾਮ ਰਹੇ। ਨਤੀਜੇ ਵਜੋਂ ਮੁਹਾਲੀ ਕਿੰਗਜ਼ ਦੀ ਟੀਮ ਨਿਰਧਾਰਤ 20 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ 'ਤੇ 212 ਦੌੜਾਂ ਹੀ ਬਣਾ ਸਕੀ। ਇਸ ਤਰ੍ਹਾਂ ਅੰਮ੍ਰਿਤਸਰ ਸੂਰਮਿਆਂ ਨੇ ਇਹ ਮੁਕਾਬਲਾ 67 ਦੌੜਾਂ ਦੇ ਵੱਡੇ ਫ਼ਰਕ ਨਾਲ ਆਪਣੇ ਨਾਮ ਕਰ ਲਿਆ।

**ਫਾਜ਼ਿਲਕਾ ਖ਼ਿਲਾਫ਼ ਵੀ ਅੰਮ੍ਰਿਤਸਰ ਦੀ ਜਿੱਤ**

ਇਸ ਤੋਂ ਪਹਿਲਾਂ ਲੰਘੀ ਰਾਤ ਖੇਡੇ ਗਏ ਇੱਕ ਹੋਰ ਮੁਕਾਬਲੇ ਵਿੱਚ ਵੀ ਅੰਮ੍ਰਿਤਸਰ ਸੂਰਮਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫਾਜ਼ਿਲਕਾ ਫਾਲਕਨਜ਼ ਨੂੰ 4 ਵਿਕਟਾਂ ਨਾਲ ਮਾਤ ਦਿੱਤੀ ਸੀ। ਇਸ ਮੁਕਾਬਲੇ ਵਿੱਚ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਫਾਜ਼ਿਲਕਾ ਫਾਲਕਨਜ਼ ਨੇ ਨਿਰਧਾਰਤ 20 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ 191 ਦੌੜਾਂ ਬਣਾਈਆਂ।

ਫਾਜ਼ਿਲਕਾ ਵੱਲੋਂ ਸ਼ੁਭਮਨ ਗਿੱਲ ਨੇ 35 ਗੇਂਦਾਂ 'ਤੇ 67 ਦੌੜਾਂ ਦੀ ਮਹੱਤਵਪੂਰਨ ਪਾਰੀ ਖੇਡੀ ਅਤੇ ਟੀਮ ਨੂੰ ਮਜ਼ਬੂਤ ਸਕੋਰ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪਾਇਆ।

**ਭਿਸ਼ੇਕ ਸ਼ਰਮਾ ਦੀ ਤੂਫ਼ਾਨੀ ਬੱਲੇਬਾਜ਼ੀ**

192 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਅੰਮ੍ਰਿਤਸਰ ਸੂਰਮਿਆਂ ਦੀ ਟੀਮ ਨੂੰ ਅਭਿਸ਼ੇਕ ਸ਼ਰਮਾ ਨੇ ਤੇਜ਼ ਸ਼ੁਰੂਆਤ ਦਿਵਾਈ। ਉਨ੍ਹਾਂ ਨੇ ਹਮਲਾਵਰ ਅੰਦਾਜ਼ ਵਿੱਚ ਬੱਲੇਬਾਜ਼ੀ ਕਰਦਿਆਂ ਸਿਰਫ਼ 15 ਗੇਂਦਾਂ ਵਿੱਚ 49 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ।

ਅੰਮ੍ਰਿਤਸਰ ਦੇ ਬੱਲੇਬਾਜ਼ਾਂ ਨੇ ਫਾਜ਼ਿਲਕਾ ਵੱਲੋਂ ਦਿੱਤੇ ਗਏ ਟੀਚੇ ਦਾ ਸਫਲ ਪਿੱਛਾ ਕਰਦਿਆਂ 4 ਵਿਕਟਾਂ ਨਾਲ ਜਿੱਤ ਦਰਜ ਕੀਤੀ। ਲਗਾਤਾਰ ਦੋ ਮੁਕਾਬਲਿਆਂ ਵਿੱਚ ਮਿਲੀਆਂ ਇਨ੍ਹਾਂ ਜਿੱਤਾਂ ਨੇ ਅੰਮ੍ਰਿਤਸਰ ਸੂਰਮਿਆਂ ਦੀ ਸੈਮੀਫਾਈਨਲ ਵਿੱਚ ਪਹੁੰਚਣ ਦੀਆਂ ਉਮੀਦਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ।

ਸ਼ੇਰ-ਏ-ਪੰਜਾਬ ਟੀ-20 ਲੀਗ ਵਿੱਚ ਅੰਮ੍ਰਿਤਸਰ ਸੂਰਮਿਆਂ ਦੀ ਬੱਲੇਬਾਜ਼ੀ ਦਾ ਮੌਜੂਦਾ ਪ੍ਰਦਰਸ਼ਨ ਖ਼ਾਸ ਤੌਰ 'ਤੇ ਚਰਚਾ ਵਿੱਚ ਹੈ। ਨਮਨ ਧੀਰ ਦੀ 173 ਦੌੜਾਂ ਦੀ ਪਾਰੀ ਅਤੇ ਇਸ ਤੋਂ ਪਹਿਲਾਂ ਅਭਿਸ਼ੇਕ ਸ਼ਰਮਾ ਦੀ ਤੇਜ਼ ਬੱਲੇਬਾਜ਼ੀ ਨੇ ਟੀਮ ਦੀ ਹਮਲਾਵਰ ਸਮਰੱਥਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਹੁਣ ਅੰਮ੍ਰਿਤਸਰ ਦੀ ਟੀਮ ਦੀ ਨਜ਼ਰ ਸੈਮੀਫਾਈਨਲ ਵਿੱਚ ਜਗ੍ਹਾ ਪੱਕੀ ਕਰਨ ਅਤੇ ਲੀਗ ਵਿੱਚ ਆਪਣੀ ਜਿੱਤ ਦੀ ਲੈਅ ਕਾਇਮ ਰੱਖਣ 'ਤੇ ਹੋਵੇਗੀ।

# ਜੂਨੀਅਰ ਏਸ਼ੀਆ ਕੱਪ ਦੇ ਫਾਈਨਲ 'ਚ ਭਾਰਤ, ਮਲੇਸ਼ੀਆ ਨੂੰ 3-1 ਨਾਲ ਦਿੱਤੀ ਮਾਤ

**ਕਪਤਾਨ ਅਨਮੋਲ ਏਕਾ ਦੇ ਦੋ ਗੋਲ ਅਤੇ ਗੋਲਕੀਪਰ ਵਿਵੇਕ ਲਾਕੜਾ ਦੇ ਸ਼ਾਨਦਾਰ ਬਚਾਅ ਨੇ ਭਾਰਤ ਨੂੰ ਖ਼ਿਤਾਬੀ ਮੁਕਾਬਲੇ ਤੱਕ ਪਹੁੰਚਾਇਆ**



ਭਾਰਤੀ ਜੂਨੀਅਰ ਪੁਰਸ਼ ਹਾਕੀ ਟੀਮ ਨੇ ਸ਼ੁੱਕਰਵਾਰ ਨੂੰ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲੇ ਸੈਮੀਫਾਈਨਲ ਵਿੱਚ ਮਲੇਸ਼ੀਆ ਨੂੰ 3-1 ਨਾਲ ਹਰਾ ਕੇ ਏ.ਐੱਚ.ਐੱਫ. ਜੂਨੀਅਰ ਏਸ਼ੀਆ ਕੱਪ 2026 ਦੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕਰ ਲਈ ਹੈ। ਮੌਜੂਦਾ ਚੈਂਪੀਅਨ ਭਾਰਤ ਹੁਣ ਲਗਾਤਾਰ ਚੌਥੀ ਵਾਰ ਅਤੇ ਕੁੱਲ ਛੇਵੀਂ ਵਾਰ ਖ਼ਿਤਾਬ ਆਪਣੇ ਨਾਮ ਕਰਨ ਤੋਂ ਸਿਰਫ਼ ਇੱਕ ਜਿੱਤ ਦੂਰ ਹੈ।

ਭਾਰਤੀ ਟੀਮ ਦੀ ਜਿੱਤ ਵਿੱਚ ਕਪਤਾਨ ਅਤੇ ਡਰੈਗ-ਫਲਿੱਕਰ ਅਨਮੋਲ ਏਕਾ ਨੇ ਅਹਿਮ ਭੂਮਿਕਾ ਨਿਭਾਈ। ਅਨਮੋਲ ਨੇ ਪੈਨਲਟੀ ਕਾਰਨਰ ਰਾਹੀਂ ਦੋ ਗੋਲ ਕਰਕੇ ਮਲੇਸ਼ੀਆ ਦੀ ਰੱਖਿਆ ਨੂੰ ਲਗਾਤਾਰ ਦਬਾਅ ਵਿੱਚ ਰੱਖਿਆ। ਇਨ੍ਹਾਂ ਦੋ ਗੋਲਾਂ ਦੇ ਨਾਲ ਹੀ ਟੂਰਨਾਮੈਂਟ ਵਿੱਚ ਅਨਮੋਲ ਦੇ ਕੁੱਲ ਗੋਲਾਂ ਦੀ ਗਿਣਤੀ 16 ਹੋ ਗਈ ਹੈ।

ਭਾਰਤ ਵੱਲੋਂ ਸੁਖਵਿੰਦਰ ਨੇ ਵੀ ਇੱਕ ਮਹੱਤਵਪੂਰਨ ਗੋਲ ਕੀਤਾ, ਜਿਸ ਨਾਲ ਟੀਮ ਦੀ ਸਥਿਤੀ ਹੋਰ ਮਜ਼ਬੂਤ ਹੋ ਗਈ। ਦੂਜੇ ਪਾਸੇ ਗੋਲਕੀਪਰ ਵਿਵੇਕ ਲਾਕੜਾ ਨੇ ਵੀ ਆਪਣੀ ਸ਼ਾਨਦਾਰ ਖੇਡ ਨਾਲ ਭਾਰਤ ਦੀ ਜਿੱਤ ਵਿੱਚ ਵੱਡਾ ਯੋਗਦਾਨ ਪਾਇਆ। ਵਿਵੇਕ ਨੂੰ ਮੈਚ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ।

ਵਿਵੇਕ ਨੇ ਮਲੇਸ਼ੀਆ ਦੇ ਕਈ ਹਮਲਿਆਂ ਨੂੰ ਨਾਕਾਮ ਕੀਤਾ ਅਤੇ ਕਈ ਅਹਿਮ ਬਚਾਅ ਕੀਤੇ। ਉਸ ਵੱਲੋਂ ਰੋਕੇ ਗਏ ਇੱਕ ਮਹੱਤਵਪੂਰਨ ਪੈਨਲਟੀ ਸਟ੍ਰੋਕ ਨੇ ਵੀ ਮੈਚ ਦਾ ਰੁਖ ਭਾਰਤ ਦੇ ਹੱਕ ਵਿੱਚ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ।

ਮੈਚ ਦਾ ਪਹਿਲਾ ਕੁਆਰਟਰ ਗੋਲ ਰਹਿਤ ਰਿਹਾ। ਦੋਵਾਂ ਟੀਮਾਂ ਨੇ ਹਮਲਾਵਰ ਖੇਡ ਦਿਖਾਈ ਪਰ ਪਹਿਲੇ 15 ਮਿੰਟਾਂ ਵਿੱਚ ਕੋਈ ਵੀ ਟੀਮ ਗੋਲ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੀ। ਇਸ ਤੋਂ ਬਾਅਦ ਦੂਜੇ ਕੁਆਰਟਰ ਵਿੱਚ ਭਾਰਤ ਨੇ ਆਪਣਾ ਹਮਲਾ ਤੇਜ਼ ਕੀਤਾ ਅਤੇ 16ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਦਾ ਫਾਇਦਾ ਚੁੱਕਦਿਆਂ ਮੈਚ ਦਾ ਪਹਿਲਾ ਗੋਲ ਕਰ ਦਿੱਤਾ।

ਇਸ ਤੋਂ ਬਾਅਦ ਭਾਰਤੀ ਟੀਮ ਨੇ ਮੈਚ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ। ਅਨਮੋਲ ਏਕਾ ਅਤੇ ਸੁਖਵਿੰਦਰ ਦੇ ਗੋਲਾਂ ਨੇ ਭਾਰਤ ਨੂੰ ਮਲੇਸ਼ੀਆ ਖ਼ਿਲਾਫ਼ ਮਜ਼ਬੂਤ ਬੜ੍ਹਤ ਦਿਵਾ ਦਿੱਤੀ। ਮਲੇਸ਼ੀਆ ਨੇ ਵਾਪਸੀ ਦੀ ਕੋਸ਼ਿਸ਼ ਕੀਤੀ ਅਤੇ ਮੈਚ ਦੇ ਆਖ਼ਰੀ ਪਲਾਂ ਵਿੱਚ ਪੈਨਲਟੀ ਕਾਰਨਰ ਰਾਹੀਂ ਆਪਣਾ ਪਹਿਲਾ ਅਤੇ ਇਕਲੌਤਾ ਗੋਲ ਕੀਤਾ।

ਹਾਲਾਂਕਿ, ਉਦੋਂ ਤੱਕ ਭਾਰਤੀ ਟੀਮ ਮੈਚ ਵਿੱਚ ਮਜ਼ਬੂਤ ਸਥਿਤੀ ਬਣਾ ਚੁੱਕੀ ਸੀ ਅਤੇ ਮਲੇਸ਼ੀਆ ਲਈ ਵਾਪਸੀ ਕਰਨਾ ਮੁਸ਼ਕਲ ਹੋ ਗਿਆ। ਭਾਰਤ ਨੇ ਆਖ਼ਰਕਾਰ 3-1 ਦੀ ਜਿੱਤ ਨਾਲ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ।

ਹੁਣ ਫਾਈਨਲ ਵਿੱਚ ਭਾਰਤੀ ਜੂਨੀਅਰ ਟੀਮ ਦਾ ਸਾਹਮਣਾ ਪਾਕਿਸਤਾਨ ਅਤੇ ਦੱਖਣੀ ਕੋਰੀਆ ਵਿਚਕਾਰ ਹੋਣ ਵਾਲੇ ਦੂਜੇ ਸੈਮੀਫਾਈਨਲ ਦੇ ਜੇਤੂ ਨਾਲ ਹੋਵੇਗਾ। ਭਾਰਤੀ ਟੀਮ ਦੀ ਨਜ਼ਰ ਹੁਣ ਆਪਣੇ ਖ਼ਿਤਾਬ ਦਾ ਬਚਾਅ ਕਰਨ ਅਤੇ ਲਗਾਤਾਰ ਚੌਥੀ ਵਾਰ ਜੂਨੀਅਰ ਏਸ਼ੀਆ ਕੱਪ ਜਿੱਤਣ 'ਤੇ ਹੋਵੇਗੀ।

# ਯੂਐੱਸ ਓਪਨ ਵਿੱਚ ਐਲੀਨਾ ਰਿਬਾਕਿਨਾ ਦਾ ਧਮਾਕਾ ਨਾਓਮੀ ਓਸਾਕਾ ਨੂੰ ਹਰਾ ਕੇ ਕੁਆਰਟਰ ਫਾਈਨਲ ਵਿੱਚ ਦਾਖ਼ਲਾ

**ਜ਼ੇਂਗ ਕਿਨਵੇਨ ਨਾਲ ਹੋਵੇਗਾ ਅਗਲਾ ਮੁਕਾਬਲਾ; ਸੈਮੀ ਫਾਈਨਲ ਵਿੱਚ ਪਹੁੰਚਦਿਆਂ ਹੀ ਵਿਸ਼ਵ ਨੰਬਰ ਇੱਕ ਬਣਨ ਦਾ ਮੌਕਾ, ਕੋਕੋ ਗੌਫ ਵੀ ਆਖ਼ਰੀ ਅੱਠ ਵਿੱਚ**



ਐਲੀਨਾ ਰਿਬਾਕਿਨਾ ਨੇ ਯੂਐੱਸ ਓਪਨ ਟੈਨਿਸ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਨਾਓਮੀ ਓਸਾਕਾ ਨੂੰ ਹਰਾ ਕੇ ਕੁਆਰਟਰ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਇਸ ਜਿੱਤ ਨਾਲ ਰਿਬਾਕਿਨਾ ਦੀ ਵਿਸ਼ਵ ਦੀ ਨੰਬਰ ਇੱਕ ਮਹਿਲਾ ਟੈਨਿਸ ਖਿਡਾਰਨ ਬਣਨ ਦੀਆਂ ਸੰਭਾਵਨਾਵਾਂ ਹੋਰ ਮਜ਼ਬੂਤ ਹੋ ਗਈਆਂ ਹਨ। ਹੁਣ ਉਸ ਨੂੰ ਕੁਆਰਟਰ ਫਾਈਨਲ ਵਿੱਚ ਜ਼ੇਂਗ ਕਿਨਵੇਨ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ, ਜੋ ਕਿਸੇ ਵੀ ਸਥਿਤੀ ਵਿੱਚ ਆਸਾਨ ਵਿਰੋਧੀ ਨਹੀਂ ਮੰਨੀ ਜਾਂਦੀ।

ਗਰੈਂਡ ਸਲੈਮ ਖ਼ਿਤਾਬ ਜਿੱਤ ਚੁੱਕੀਆਂ ਦੋ ਖਿਡਾਰਨਾਂ ਵਿਚਾਲੇ ਹੋਏ ਇਸ ਮੁਕਾਬਲੇ ਵਿੱਚ ਰਿਬਾਕਿਨਾ ਨੇ ਸੋਮਵਾਰ ਨੂੰ ਓਸਾਕਾ ਨੂੰ ਸਿੱਧੇ ਸੈੱਟਾਂ ਵਿੱਚ 6-1, 6-4 ਨਾਲ ਹਰਾ ਦਿੱਤਾ। ਦੂਜੇ ਨੰਬਰ ਦੀ ਤਰਜੀਹ ਵਾਲੀ ਰਿਬਾਕਿਨਾ ਦੀ ਨਜ਼ਰ ਹੁਣ ਸੈਮੀ ਫਾਈਨਲ ਵਿੱਚ ਪਹੁੰਚਣ 'ਤੇ ਹੈ। ਜੇਕਰ ਉਹ ਫਲੱਸ਼ਿੰਗ ਮੀਡੋਜ਼ ਵਿੱਚ ਆਖ਼ਰੀ ਚਾਰ ਵਿੱਚ ਜਗ੍ਹਾ ਬਣਾ ਲੈਂਦੀ ਹੈ ਤਾਂ ਮਹਿਲਾ ਟੈਨਿਸ ਦੀ ਵਿਸ਼ਵ ਰੈਂਕਿੰਗ ਵਿੱਚ ਐਰਿਨਾ ਸਬਾਲੈਂਕਾ ਦੀ ਜਗ੍ਹਾ ਲੈ ਕੇ ਨੰਬਰ ਇੱਕ ਸਥਾਨ ਹਾਸਲ ਕਰਨਾ ਉਸ ਲਈ ਤੈਅ ਹੋ ਜਾਵੇਗਾ।

ਜ਼ੇਂਗ ਕਿਨਵੇਨ ਦੀ ਜ਼ਬਰਦਸਤ ਵਾਪਸੀ

ਰਿਬਾਕਿਨਾ ਨੂੰ ਅਗਲੇ ਦੌਰ ਵਿੱਚ ਚੀਨ ਦੀ ਜ਼ੇਂਗ ਕਿਨਵੇਨ ਦੀ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਜ਼ੇਂਗ ਨੇ ਲਗਾਤਾਰ ਦੂਜੇ ਮੈਚ ਵਿੱਚ ਮੁਸ਼ਕਲ ਸਥਿਤੀ ਵਿੱਚ ਫਸਣ ਤੋਂ ਬਾਅਦ ਸ਼ਾਨਦਾਰ ਵਾਪਸੀ ਕਰਦਿਆਂ ਆਪਣੀ ਮਜ਼ਬੂਤ ਮਾਨਸਿਕਤਾ ਦਾ ਪ੍ਰਦਰਸ਼ਨ ਕੀਤਾ।

ਜ਼ੇਂਗ ਇੱਕ ਸਮੇਂ 5-0 ਨਾਲ ਪਿੱਛੇ ਸੀ, ਪਰ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਮੁਕਾਬਲੇ ਦਾ ਰੁਖ਼ ਪੂਰੀ ਤਰ੍ਹਾਂ ਬਦਲ ਦਿੱਤਾ। ਚੀਨ ਦੀ ਇਸ ਖਿਡਾਰਨ ਨੇ 2024 ਦੀਆਂ ਓਲੰਪਿਕ ਖੇਡਾਂ ਵਿੱਚ ਮਹਿਲਾ ਟੈਨਿਸ ਦਾ ਸੋਨ ਤਗ਼ਮਾ ਜਿੱਤਿਆ ਸੀ। ਉਸ ਨੇ ਯੂਐੱਸ ਓਪਨ ਦੇ ਚੌਥੇ ਦੌਰ ਵਿੱਚ ਅੱਠਵਾਂ ਦਰਜਾ ਪ੍ਰਾਪਤ ਇਗਾ ਸਵਿਆਤੇਕ ਨੂੰ 7-5, 6-3 ਨਾਲ ਮਾਤ ਦਿੱਤੀ।

ਇਸ ਜਿੱਤ ਨਾਲ ਜ਼ੇਂਗ ਨੇ ਇੱਕ ਹੋਰ ਵੱਡੀ ਉਪਲਬਧੀ ਆਪਣੇ ਨਾਮ ਕਰ ਲਈ ਹੈ। ਉਹ 2021 ਵਿੱਚ ਐਮਾ ਰਾਡੂਕਾਨੂ ਵੱਲੋਂ ਯੂਐੱਸ ਓਪਨ ਦਾ ਖ਼ਿਤਾਬ ਜਿੱਤਣ ਤੋਂ ਬਾਅਦ ਫਲੱਸ਼ਿੰਗ ਮੀਡੋਜ਼ ਵਿੱਚ ਮਹਿਲਾ ਸਿੰਗਲਜ਼ ਦੇ ਆਖ਼ਰੀ ਅੱਠ ਵਿੱਚ ਪਹੁੰਚਣ ਵਾਲੀ ਪਹਿਲੀ ਕੁਆਲੀਫਾਇਰ ਬਣ ਗਈ ਹੈ।

ਜ਼ੇਂਗ ਦੀ ਖ਼ਾਸੀਅਤ ਇਹ ਹੈ ਕਿ ਉਹ ਮੁਸ਼ਕਲ ਹਾਲਾਤਾਂ ਵਿੱਚ ਵੀ ਆਖ਼ਰੀ ਪਲ ਤੱਕ ਮੁਕਾਬਲਾ ਜਾਰੀ ਰੱਖਦੀ ਹੈ। ਇਸ ਕਾਰਨ ਰਿਬਾਕਿਨਾ ਲਈ ਕੁਆਰਟਰ ਫਾਈਨਲ ਦਾ ਮੁਕਾਬਲਾ ਬਿਲਕੁਲ ਆਸਾਨ ਨਹੀਂ ਹੋਵੇਗਾ। ਰਿਬਾਕਿਨਾ ਲਈ ਜਿੱਥੇ ਇਹ ਮੈਚ ਸੈਮੀ ਫਾਈਨਲ ਅਤੇ ਨੰਬਰ ਇੱਕ ਰੈਂਕਿੰਗ ਵੱਲ ਵਧਣ ਦਾ ਮੌਕਾ ਹੋਵੇਗਾ, ਉੱਥੇ ਜ਼ੇਂਗ ਆਪਣੀ ਜਿੱਤ ਦੀ ਲੈਅ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕਰੇਗੀ।

ਕੋਕੋ ਗੌਫ ਵੀ ਕੁਆਰਟਰ ਫਾਈਨਲ ਵਿੱਚ

ਇਸੇ ਦੌਰਾਨ ਅਮਰੀਕੀ ਟੈਨਿਸ ਸਟਾਰ ਕੋਕੋ ਗੌਫ ਨੇ ਵੀ ਯੂਐੱਸ ਓਪਨ ਦੇ ਕੁਆਰਟਰ ਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਗੌਫ ਨੇ ਆਪਣੀ ਹਮਵਤਨ ਇਵਾ ਜੋਵਿਕ ਨੂੰ ਸਿੱਧੇ ਸੈੱਟਾਂ ਵਿੱਚ 6-1, 6-4 ਨਾਲ ਹਰਾਇਆ।

ਸੋਮਵਾਰ ਨੂੰ ਖੇਡਿਆ ਗਿਆ ਇਹ ਮੁਕਾਬਲਾ 1 ਘੰਟਾ 33 ਮਿੰਟ ਚੱਲਿਆ। ਇਸ ਦੌਰਾਨ ਗੌਫ ਨੇ ਸ਼ੁਰੂ ਤੋਂ ਹੀ ਆਪਣਾ ਦਬਦਬਾ ਕਾਇਮ ਰੱਖਿਆ ਅਤੇ ਜੋਵਿਕ ਨੂੰ ਵਾਪਸੀ ਦਾ ਵੱਡਾ ਮੌਕਾ ਨਹੀਂ ਦਿੱਤਾ।

ਜੋਵਿਕ ਖ਼ਿਲਾਫ਼ ਜਿੱਤ ਨਾਲ ਗੌਫ ਨੇ ਪਹਿਲੀ ਵਾਰ ਯੂਐੱਸ ਓਪਨ ਦੇ ਕੁਆਰਟਰ ਫਾਈਨਲ ਵਿੱਚ ਆਪਣੀ ਜਗ੍ਹਾ ਬਣਾਈ ਹੈ। ਹੁਣ ਉਹ ਆਪਣੇ ਦੂਜੇ ਗਰੈਂਡ ਸਲੈਮ ਖ਼ਿਤਾਬ ਵੱਲ ਇੱਕ ਹੋਰ ਮਜ਼ਬੂਤ ਕਦਮ ਵਧਾ ਚੁੱਕੀ ਹੈ। ਅਮਰੀਕੀ ਧਰਤੀ 'ਤੇ ਘਰੇਲੂ ਦਰਸ਼ਕਾਂ ਦੇ ਸਾਹਮਣੇ ਗੌਫ ਦਾ ਪ੍ਰਦਰਸ਼ਨ ਟੂਰਨਾਮੈਂਟ ਦੇ ਅਗਲੇ ਪੜਾਅ ਵਿੱਚ ਖ਼ਾਸ ਧਿਆਨ ਦਾ ਕੇਂਦਰ ਰਹੇਗਾ।

ਯੂਐੱਸ ਓਪਨ ਦੇ ਮਹਿਲਾ ਸਿੰਗਲਜ਼ ਮੁਕਾਬਲੇ ਹੁਣ ਆਪਣੇ ਫ਼ੈਸਲਾਕੁੰਨ ਪੜਾਅ ਵਿੱਚ ਦਾਖ਼ਲ ਹੋ ਰਹੇ ਹਨ। ਰਿਬਾਕਿਨਾ, ਜ਼ੇਂਗ ਅਤੇ ਗੌਫ ਵਰਗੀਆਂ ਖਿਡਾਰਨਾਂ ਦੀ ਮੌਜੂਦਗੀ ਨੇ ਆਖ਼ਰੀ ਦੌਰਾਂ ਨੂੰ ਹੋਰ ਰੋਮਾਂਚਕ ਬਣਾ ਦਿੱਤਾ ਹੈ ਅਤੇ ਰਿਬਾਕਿਨਾ ਦੀ ਨੰਬਰ ਇੱਕ ਰੈਂਕਿੰਗ ਦੀ ਦੌੜ ਇਸ ਟੂਰਨਾਮੈਂਟ ਦੀਆਂ ਸਭ ਤੋਂ ਵੱਡੀਆਂ ਕਹਾਣੀਆਂ ਵਿੱਚੋਂ ਇੱਕ ਬਣ ਗਈ ਹੈ।

Gary's Holistic Health Restoration Centre
Gurpreet (Gary) S. Mangat
Holistic Nutritionist & Homeopath
M.A. C.N.P., R.O.H.P. (Canada)
Ph: 604-808-8769
Email : garymangat@yahoo.ca
14468 55 Ave Surrey, BC V3X, OH5
www.garymangat.com
Natural Healing methods for :
Obesity, Asthma, Skin Disease, Diabetes
Cardiovascular Disease, Heart Problems
Fatty Liver, Stroke, Gastric Problems,
Depression, Psoriasis, Cancer,
Cholesterol, E.N.T. Diabetes,
Drug addiction and more...
Natural Healing With Homeopathy,
Ayurveda, Naturopathy & Herbal Medicine
HEALTH & LIFE SKILLS COACH
GET YOUR HEALTH ON TRACK
BY APPOINTMENT ONLY



# ਸਿਹਤ-ਸੰਭਾਲ



# ਦੰਦਾਂ ਨੂੰ ਸਿਹਤਮੰਦ ਰੱਖਣਾ ਹੈ ਤਾਂ ਕੀ ਖਾਈਏ ਅਤੇ ਕੀ ਨਾ ਖਾਈਏ, ਕਿਵੇਂ ਦੰਦਾਂ ਨੂੰ ਬਚਾਈਏ

## ਸੋਚੋ ਤੁਹਾਡੇ ਮੂੰਹ ਵਿੱਚ ਇੱਕ ਅਜਿਹੀ ਦੁਨੀਆਂ ਰਹਿੰਦੀ ਹੈ ਜਿਸ ਨੂੰ ਤੁਸੀਂ ਦੇਖ ਵੀ ਨਹੀਂ ਸਕਦੇ

ਇੱਥੇ ਸੈਂਕੜੇ ਤਰ੍ਹਾਂ ਦੇ ਬੈਕਟੀਰੀਆ ਅਤੇ ਦੂਜੇ ਸੂਖ਼ਮ ਜੀਵ ਰਹਿੰਦੇ ਹਨ। ਇਨ੍ਹਾਂ ਵਿੱਚ ਕੁਝ ਦੰਦਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਤਾਂ ਕੁਝ ਉਨ੍ਹਾਂ ਦੀ ਰੱਖਿਆ ਕਰਨ ਵਿੱਚ ਮਦਦ ਕਰਦੇ ਹਨ।

ਅਸੀਂ ਅਕਸਰ ਦੰਦਾਂ ਨੂੰ ਸਿਹਤਮੰਦ ਰੱਖਣ ਲਈ ਬਰੱਸ਼, ਫਲੌਸ ਅਤੇ ਮਾਊਥਵਾਸ਼ ਦੀ ਗੱਲ ਕਰਦੇ ਹਾਂ, ਪਰ ਇੱਕ ਹੋਰ ਚੀਜ਼ ਹੈ ਜੋ ਇਸ ਪੂਰੀ ਦੁਨੀਆਂ 'ਤੇ ਵੱਡਾ ਅਸਰ ਪਾਉਂਦੀ ਹੈ- ਉਹ ਹੈ ਸਾਡਾ ਭੋਜਨ। ਸਭ ਜਾਣਦੇ ਹਨ ਕਿ ਬਹੁਤ ਜ਼ਿਆਦਾ ਮਿੱਠਾ ਖਾਣ ਨਾਲ ਕੈਵਿਟੀ ਹੋ ਸਕਦੀ ਹੈ। ਇਸ ਦਾ ਕਾਰਨ ਹੈ ਕਿ ਚੀਨੀ ਮੂੰਹ ਵਿੱਚ ਮੌਜੂਦ ਨੁਕਸਾਨਦੇਹ ਬੈਕਟੀਰੀਆ ਨੂੰ ਵਧਾਉਣ ਅਤੇ ਐਸਿਡ ਬਣਾਉਣ ਵਿੱਚ ਮਦਦ ਕਰਦੀ ਹੈ।

ਪਰ ਕਹਾਣੀ ਸਿਰਫ਼ ਇਹ ਨਹੀਂ ਹੈ ਕਿ ਸਾਨੂੰ ਕੀ ਨਹੀਂ ਖਾਣਾ ਚਾਹੀਦਾ। ਇਹ ਵੀ ਮਾਇਨੇ ਰੱਖਦਾ ਹੈ ਕਿ ਅਸੀਂ ਕੀ ਖਾਂਦੇ ਹਾਂ।

ਹੈਰਾਨੀ ਦੀ ਗੱਲ ਇਹ ਹੈ ਕਿ ਫਲ, ਚਾਹ, ਚੀਜ਼ ਅਤੇ ਕੁਝ ਫਰਮੈਂਟਿਡ ਭੋਜਨ ਵੀ ਮੂੰਹ ਵਿੱਚ ਰਹਿਣ ਵਾਲੇ ਫਾਇਦੇਮੰਦ ਬੈਕਟੀਰੀਆ ਲਈ ਮਦਦਗਾਰ ਹੋ ਸਕਦੇ ਹਨ।

ਭਾਵ ਮੂੰਹ ਵਿੱਚ ਚੰਗੇ ਅਤੇ ਬੁਰੇ ਬੈਕਟੀਰੀਆ ਵਿਚਕਾਰ ਲਗਾਤਾਰ ਇੱਕ ਤਰ੍ਹਾਂ ਦੀ ਹੋੜ ਚਲਦੀ ਰਹਿੰਦੀ ਹੈ। ਜਦੋਂ ਮੂੰਹ ਦਾ ਸੰਤੁਲਨ ਵਿਗੜਦਾ ਹੈ

ਓਰਲ ਮਾਈਕ੍ਰੋਬਾਇਓਮ ਦਾ ਸੰਤੁਲਨ ਸਿਰਫ਼ ਦੰਦਾਂ ਲਈ ਮਹੱਤਵਪੂਰਨ ਨਹੀਂ ਹੈ।

ਜੇ ਅਸੀਂ ਦੰਦਾਂ ਦੀ ਨਿਯਮਿਤ ਅਤੇ ਚੰਗੀ ਤਰ੍ਹਾਂ ਸਫਾਈ ਨਹੀਂ ਕਰਦੇ ਤਾਂ ਦੰਦਾਂ ਅਤੇ ਮਸੂੜਿਆਂ ਵਿਚਕਾਰ ਛੋਟੀਆਂ-ਛੋਟੀਆਂ ਜੇਬਾਂ ਜਿਹੀਆਂ ਥਾਵਾਂ ਬਣ ਸਕਦੀਆਂ ਹਨ।

ਇਨ੍ਹਾਂ ਵਿੱਚ ਆਕਸੀਜਨ ਘੱਟ ਹੁੰਦੀ ਹੈ ਅਤੇ ਪੋਰਫਾਈਰੋਮੋਨਾਸ ਜਿੰਜੀਵੈਲਿਸ ਜਿਹੇ ਬੈਕਟੀਰੀਆ ਆਸਾਨੀ ਨਾਲ ਵਧ ਸਕਦੇ ਹਨ। ਪੋਰਫਾਈਰੋਮੋਨਾਸ ਜਿੰਜੀਵੈਲਿਸ ਮਸੂੜਿਆਂ ਦੀ ਬਿਮਾਰੀ ਦਾ ਕਾਰਨ ਬਣ ਸਕਦਾ ਹੈ।

ਵਿਗਿਆਨਕਾਂ ਨੇ ਇਸ ਨੂੰ ਦਿਲ ਦੇ ਰੋਗ, ਡਿਪਰੈਸ਼ਨ, ਅਲਜ਼ਾਈਮਰ, ਡਾਇਬਟੀਜ਼, ਇਨਫਲੇਮੇਟਰੀ ਬਾਊਲ ਡਿਸੀਜ਼, ਰੂਮੇਟਾਈਡ ਅਰਥਰਾਈਟਿਸ ਅਤੇ ਸਮੇਂ ਤੋਂ ਪਹਿਲਾਂ ਬੱਚੇ ਦੇ ਜਨਮ ਜਿਹੇ ਸਿਹਤ ਸਬੰਧੀ ਖਤਰਿਆਂ ਨਾਲ ਵੀ ਜੋੜਿਆ ਹੈ।

ਹਾਲ ਹੀ ਦੇ ਸਾਲਾਂ ਵਿੱਚ ਖ਼ਰਾਬ ਓਰਲ ਮਾਈਕ੍ਰੋਬਿਓਮ, ਆਂਦਰਾਂ ਦੇ ਕੈਂਸਰ ਅਤੇ ਪੈਨਕ੍ਰੀਆਜ਼ ਦੇ ਕੈਂਸਰ ਵਿਚਕਾਰ ਸੰਭਾਵਿਤ ਸਬੰਧ 'ਤੇ ਵੀ ਰਿਸਰਚ ਹੋਈ ਹੈ।

ਇੱਕ ਹਾਲੀਆ ਸਟੱਡੀ ਵਿੱਚ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਦੇ ਵਿਗਿਆਨਕਾਂ ਨੇ ਲੋਕਾਂ ਦੀ ਲਾਰ ਵਿੱਚ ਮੌਜੂਦ ਸੂਖ਼ਮ ਜੀਵਾਂ ਦੀ ਜਾਂਚ ਕੀਤੀ ਅਤੇ ਬਾਅਦ ਵਿੱਚ ਉਨ੍ਹਾਂ ਅੰਦਰ ਕੈਂਸਰ ਦੇ ਖਤਰੇ ਨੂੰ ਦੇਖਿਆ।

ਜਿਨ੍ਹਾਂ ਲੋਕਾਂ ਦੇ ਓਰਲ ਮਾਈਕ੍ਰੋਬਿਓਮ ਵਿੱਚ ਦੰਦਾਂ ਦੀ ਸੜਨ ਨਾਲ ਜੁੜੇ ਕੁਝ ਬੈਕਟੀਰੀਆ ਜਾਂ ਕੈਂਡਿਡਾ ਯੀਸਟ ਪਾਏ ਗਏ, ਉਨ੍ਹਾਂ ਵਿੱਚ ਪੈਨਕ੍ਰੀਆਜ਼ ਦੇ ਕੈਂਸਰ ਦਾ ਖਤਰਾ ਜ਼ਿਆਦਾ ਵੇਖਿਆ ਗਿਆ।

ਹਾਲਾਂਕਿ, ਇਸ ਦਾ ਇਹ ਮਤਲਬ ਨਹੀਂ ਹੈ ਕਿ ਇਹ ਸੂਖਮਜੀਵ ਸਿੱਧੇ ਕੈਂਸਰ ਦਾ ਕਾਰਨ ਬਣਦੇ ਹਨ। ਵਿਗਿਆਨਕ ਹਾਲੇ ਇਨ੍ਹਾਂ ਵਿਚਕਾਰ ਸਬੰਧ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ।

ਵਿਗਿਆਨਕ ਇਹ ਵੀ ਮੰਨਦੇ ਹਨ ਕਿ ਮੂੰਹ ਵਿੱਚ ਕਈ ਤਰ੍ਹਾਂ ਦੇ ਸੂਖ਼ਮਜੀਵਾਂ ਦਾ ਹੋਣਾ ਚੰਗਾ ਹੈ। ਭਾਵ ਮਾਈਕ੍ਰੋਬਾਇਓਮ ਵਿੱਚ ਜਿੰਨੀ ਜ਼ਿਆਦਾ ਵਿਭਿੰਨਤਾ ਹੋਵੇਗੀ, ਉਸ ਦਾ ਸੰਤੁਲਨ ਓਨਾ ਜ਼ਿਆਦਾ ਬਿਹਤਰ ਹੋ ਸਕਦਾ ਹੈ।

ਇੱਕ ਸਟੱਡੀ ਵਿੱਚ ਮੂੰਹ ਅੰਦਰ ਸੂਖ਼ਮ ਜੀਵਾਂ ਦੀ ਘੱਟ ਵਿਭਿੰਨਤਾ ਅਤੇ ਡਿਪ੍ਰੈਸ਼ਨ ਵਿਚਕਾਰ ਸਬੰਧ ਪਾਇਆ ਗਿਆ।

ਸਿਰਫ਼ ਬਰੱਸ਼ ਕਰਨਾ ਕਾਫ਼ੀ ਨਹੀਂਇੱਥੇ ਇੱਕ ਅਹਿਮ ਗੱਲ ਹੈ। ਸਿਰਫ਼ ਦੰਦਾਂ ਨੂੰ ਬਰੱਸ਼ ਕਰਨਾ ਹੀ ਓਰਲ ਮਾਈਕ੍ਰੋਬਾਇਓਮ ਨੂੰ ਸਿਹਤਮੰਦ ਰੱਖਣ ਲਈ ਕਾਫ਼ੀ ਨਹੀਂ ਹੈ।

ਕਿਉਂਕਿ ਤੁਸੀਂ ਜੋ ਖਾਂਦੇ ਹੋ, ਉਹੀ ਤੁਹਾਡੇ ਮੂੰਹ ਵਿੱਚ ਰਹਿਣ ਵਾਲੇ ਸੂਖ਼ਮ ਜੀਵ ਵੀ ਖਾਂਦੇ ਹਨ।

ਇਸ ਲਈ ਸਾਡਾ ਖਾਣਾ-ਪੀਣਾ ਇਸ ਗੱਲ 'ਤੇ ਅਸਰ ਪਾ ਸਕਦਾ ਹੈ ਕਿ ਮੂੰਹ ਵਿੱਚ ਕਿਹੜੇ ਬੈਕਟੀਰੀਆ ਵਧਣਗੇ ਅਤੇ ਕਿਹੜੇ ਘੱਟ ਹੋਣਗੇ।

ਸਭ ਤੋਂ ਪਹਿਲਾਂ ਉਨ੍ਹਾਂ ਚੀਜ਼ਾਂ ਨੂੰ ਘੱਟ ਕਰਨਾ ਚਾਹੀਦਾ ਹੈ ਜਿਨ੍ਹਾਂ ਵਿੱਚ ਬਹੁਤ ਜ਼ਿਆਦਾ ਚੀਨੀ ਹੁੰਦੀ ਹੈ। ਕੈਵਿਟੀ ਪੈਦਾ ਕਰਨ ਵਾਲੇ ਬੈਕਟੀਰੀਆ ਚੀਨੀ ਦਾ ਆਸਾਨੀ ਨਾਲ ਇਸਤੇਮਾਲ ਕਰਦੇ ਹਨ।

ਪ੍ਰੋਸੈਸਡ ਕਾਰਬੋਹਾਈਡ੍ਰੇਟ ਵੀ ਘੱਟ ਖਾਣਾ ਬਿਹਤਰ ਹੈ ਕਿਉਂਕਿ ਮੂੰਹ ਵਿੱਚ ਇਹ ਆਸਾਨੀ ਨਾਲ ਟੁੱਟ ਕੇ ਸ਼ੂਗਰ ਵਿੱਚ ਬਦਲ ਸਕਦੇ ਹਨ।

ਇਸ ਵਿੱਚ ਸਫੇਦ ਬਰੈਡ, ਕ੍ਰੈਕਰਜ਼, ਬਿਸਕੁਟ, ਕੇਕ ਅਤੇ ਪ੍ਰੇਟਜ਼ੇਲ ਜਿਹੇ ਸਟਾਰਚ ਵਾਲੇ ਸਨੈਕਸ ਸ਼ਾਮਲ ਹਨ।

ਦੂਜੇ ਪਾਸੇ ਫਾਇਦੇਮੰਦ ਬੈਕਟੀਰੀਆ ਨੂੰ ਵਧਾਵਾ ਦੇਣਾ ਵੀ ਮਦਦਗਾਰ ਹੋ ਸਕਦਾ ਹੈ।

ਇਹ ਬੈਕਟੀਰੀਆ ਨੁਕਸਾਨਦੇਹ ਬੈਕਟੀਰੀਆ ਦੇ ਨਾਲ ਖਾਣੇ ਅਤੇ ਥਾਂ ਲਈ ਮੁਕਾਬਲਾ ਕਰਦੇ ਹਨ।

ਇਸ ਵਿੱਚ ਨੁਕਸਾਨਦੇਹ ਬੈਕਟੀਰੀਆ ਲਈ ਵਧਣਾ ਅਤੇ ਮੂੰਹ ਵਿੱਚ ਆਪਣੀ ਥਾਂ ਬਣਾਉਣਾ ਮੁਸ਼ਕਿਲ ਹੋ ਸਕਦਾ ਹੈ।

ਕੁਝ ਫਾਇਦੇਮੰਦ ਬੈਕਟੀਰੀਆ ਅਜਿਹੇ ਪ੍ਰੋਟੀਨ ਅਤੇ ਦੂਜੇ ਪਦਾਰਥ ਵੀ ਬਣਾਉਂਦੇ ਹਨ ਜੋ ਨੁਕਸਾਨਦੇਹ ਸੂਖਮ ਜੀਵਾਂ 'ਤੇ ਸਿੱਧੇ ਹਮਲਾ ਕਰ ਸਕਦੇ ਹਨ।

ਅਮਰੀਕਾ ਦੀ ਪੈਨਸਿਲਵੇਨੀਆ ਸਟੇਟ ਯੂਨੀਵਰਸਿਟੀ ਦੀ ਐਸੋਸੀਏਟ ਪ੍ਰੋਫੈਸਰ ਲਾਰਾ ਵਾਇਰਿਖ ਓਰਲ ਮਾਈਕ੍ਰੋਬਿਓਮ 'ਤੇ ਰਿਸਰਚ ਕਰਦੀ ਹੈ।

ਉਹ ਦੱਸਦੀ ਹੈ ਕਿ ਸਟ੍ਰੇਪਟੋਕੋਕਸ ਪਰਿਵਾਰ ਦੇ ਕੁਝ ਬੈਕਟੀਰੀਆ ਬਹੁਤ ਘੱਟ ਐਸਿਡ ਬਣਾਉਂਦੇ ਹਨ ਅਤੇ ਜ਼ਿਆਦਾ ਐਸਿਡ ਬਣਾਉਣ ਵਾਲੇ ਦੂਜੇ ਸੂਖਮ ਜੀਵਾਂ 'ਤੇ ਹਮਲਾ ਕਰ ਸਕਦੇ ਹਨ।

ਮਿਸਾਲ ਵਜੋਂ ਐੱਸ. ਸਲਿਵੇਰੀਅਸ ਨਾਮ ਦਾ ਫਾਇਦੇਮੰਦ ਬੈਕਟੀਰੀਆ ਅਜਿਹੇ ਪ੍ਰੋਟੀਨ ਬਣਾਉਂਦਾ ਹੈ ਜੋ ਕਈ ਤਰ੍ਹਾਂ ਦੇ ਨੁਕਸਾਨਦੇਹ ਸੂਖ਼ਮ ਜੀਵਾਂ ਨੂੰ ਖ਼ਤਮ ਕਰ ਸਕਦੇ ਹਨ।

ਇਨ੍ਹਾਂ ਵਿੱਚ ਕੁਝ ਰੋਗ ਪੈਦਾ ਕਰਨ ਵਾਲੇ ਸੂਖ਼ਮ ਜੀਵ ਵੀ ਸ਼ਾਮਲ ਹਨ, ਜੋ ਆਮ ਐਂਟੀ-ਬਾਇਓਟਿਕ ਦਵਾਈਆਂ ਦੇ ਅਸਰ ਤੋਂ ਬਚਣ ਦੀ ਸਮਰੱਥਾ ਰੱਖਦੇ ਹਨ।

## ਹਰੀਆਂ ਸਬਜ਼ੀਆਂ ਕਿਉਂ ਫਾਇਦੇਮੰਦ?

ਜੇ ਤੁਸੀਂ ਆਪਣੇ ਓਰਲ ਮਾਈਕ੍ਰੋਬਿਓਮ ਨੂੰ ਸਿਹਤਮੰਦ ਰੱਖਣਾ ਚਾਹੁੰਦੇ ਹੋ ਤਾਂ ਹਰੀਆਂ ਪੱਤੇਦਾਰ ਸਬਜ਼ੀਆਂ ਜ਼ਿਆਦਾ ਖਾਣਾ ਚੰਗਾ ਕਦਮ ਹੋ ਸਕਦਾ ਹੈ।

ਕੇਲਾ, ਪਾਲਕ, ਚਕੁੰਦਰ ਅਤੇ ਮੂਲੀ ਜਿਹੀਆਂ ਸਬਜ਼ੀਆਂ ਵਿੱਚ ਨਾਈਟ੍ਰੇਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

ਮੂੰਹ ਵਿੱਚ ਮੌਜੂਦ ਨਾਇਸੇਰਿਆ ਜਿਹੇ ਬੈਕਟੀਰੀਆ ਨਾਈਟ੍ਰੇਟ ਦਾ ਇਸਤੇਮਾਲ ਕਰਦੇ ਹਨ ਅਤੇ ਉਸ ਨੂੰ ਨਾਈਟ੍ਰਾਈਟ ਵਿੱਚ ਬਦਲ ਦਿੰਦੇ ਹਨ।

ਇਸ ਤੋਂ ਬਾਅਦ ਆਂਦਰਾਂ ਵਿੱਚ ਮੌਜੂਦ ਬੈਕਟੀਰੀਆ ਇਸ ਨੂੰ ਅੱਗੇ ਅਜਿਹੇ ਪਦਾਰਥਾਂ ਵਿੱਚ ਬਦਲਦੇ ਹਨ, ਜਿਨ੍ਹਾਂ ਨਾਲ ਨਾਇਟ੍ਰਿਕ ਆਕਸਾਈਡ ਬਣ ਸਕਦਾ ਹੈ।

ਨਾਇਟ੍ਰਿਕ ਆਕਸਾਈਡ ਖ਼ੂਨ ਵਾਹਕਾਵਾਂ ਨੂੰ ਫੈਲਾਉਣ ਅਤੇ ਬਲੱਡ ਪ੍ਰੈਸ਼ਰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਸ ਨਾਲ ਦਿਲ ਅਤੇ ਖ਼ੂਨ ਵਾਹਕਾਵਾਂ ਦੀ ਸਿਹਤ ਨੂੰ ਫ਼ਾਇਦਾ ਹੋ ਸਕਦਾ ਹੈ।

ਇੱਕ ਸਟੱਡੀ ਵਿੱਚ ਜ਼ਿਆਦਾ ਉਮਰ ਦੇ ਲੋਕਾਂ ਨੇ ਦੋ ਹਫਤਿਆਂ ਤੱਕ ਦਿਨ ਵਿੱਚ ਦੋ ਵਾਰ ਨਾਈਟ੍ਰੇਟ ਨਾਲ ਭਰਪੂਰ ਚਕੁੰਦਰ ਦਾ ਜੂਸ ਪੀਤਾ। ਇਸ ਦੌਰਾਨ ਉਨ੍ਹਾਂ ਦੇ ਬਲੱਡ ਪ੍ਰੈਸ਼ਰ ਵਿੱਚ ਕਮੀ ਦੇਖੀ ਗਈ।

ਲਸਣ ਵੀ ਦਿਲਚਸਪ ਉਦਾਹਰਨ ਹੈ। ਇਸ ਨੂੰ ਚੱਬਣ ਨਾਲ ਸਾਹਾਂ ਵਿੱਚ ਬਦਬੂ ਆ ਸਕਦੀ ਹੈ, ਪਰ ਇਸ ਵਿੱਚ ਏਲਿਸਿਨ ਨਾਮ ਦਾ ਰਸਾਇਣ ਹੁੰਦਾ ਹੈ ਜੋ ਕੈਵਿਟੀ ਅਤੇ ਮਸੂੜਿਆਂ ਦੀ ਬਿਮਾਰੀ ਨਾਲ ਜੁੜੇ ਕੁਝ ਬੈਕਟੀਰੀਆ 'ਤੇ ਅਸਰ ਪਾ ਸਕਦਾ ਹੈ। ਚਾਹ, ਫਲ ਅਤੇ ਪਾਲੀਫੇਨਾਲ ਪੌਦਿਆਂ ਤੋਂ ਮਿਲਣ ਵਾਲੇ ਖਾਣੇ ਵਿੱਚ ਪਾਲੀਫੇਨਾਲ ਨਾਮ ਦੇ ਕੁਦਰਤੀ ਪਦਾਰਥ ਪਾਏ ਜਾਂਦੇ ਹਨ। ਇਹ ਐਂਟੀਆਕਸੀਡੈਂਟ ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਪੌਦਿਆਂ ਦੇ ਸੈੱਲ ਅਤੇ ਟੀਸ਼ੂਆਂ ਨੂੰ ਨੁਕਸਾਨ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ।

ਪੌਦਿਆਂ ਲਈ ਪਾਲੀਫੇਨਾਲ ਇਸ ਲਈ ਮਹੱਤਵਪੂਰਨ ਹਨ ਕਿਉਂਕਿ ਜਾਨਵਰ ਖਤਰੇ ਦੀ ਸਥਿਤੀ ਵਿੱਚ ਦੂਜੀ ਥਾਂ ਜਾ ਸਕਦੇ ਹਨ ਪਰ ਪੌਦੇ ਅਜਿਹਾ ਨਹੀਂ ਕਰ ਸਕਦੇ।

ਇਸ ਲਈ ਗਰਮੀ, ਠੰਢ ਜਾਂ ਤੇਜ਼ ਧੁੱਪ ਜਿਹੇ ਮੁਸ਼ਕਲ ਹਾਲਾਤ ਤੋਂ ਬਚਣ ਲਈ ਉਹ ਅਜਿਹੇ ਪਦਾਰਥ ਬਣਾਉਂਦੇ ਹਨ।

ਪਰ ਪਾਲੀਫੇਨਾਲ ਇਨਸਾਨਾਂ ਲਈ ਵੀ ਫਾਇਦੇਮੰਦ ਹੋ ਸਕਦੇ ਹਨ।

ਸ਼ਿਕਾਗੋ ਸਥਿਤ ਯੂਨੀਵਰਸਿਟੀ ਆਫ ਇਲਿਨਾਏ ਦੇ ਕਾਲਜ ਆਫ ਡੈਂਟਿਸਟ੍ਰੀ ਦੀ ਪ੍ਰੋਫੈਸਰ ਕ੍ਰਿਸਟੀਨ ਵੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਰਿਸਰਚ ਵਿੱਚ ਪਾਇਆ ਗਿਆ ਕਿ ਚਾਹ ਵਿੱਚ ਮੌਜੂਦ ਪਾਲੀਫੇਨਾਲ ਕੈਵਿਟੀ ਅਤੇ ਮਸੂੜਿਆਂ ਦੀ ਬਿਮਾਰੀ ਨਾਲ ਜੁੜੇ ਕੁਝ ਨੁਕਸਾਨਦੇਹ ਬੈਕਟੀਰੀਆ ਨੂੰ ਦਬਾ ਸਕਦੇ ਹਨ।

ਇਹ ਬੈਕਟੀਰੀਆ ਨੂੰ ਆਪਸ ਵਿੱਚ ਚਿਪਕਣ ਅਤੇ ਦੰਦਾਂ ਦੀ ਸਤ੍ਹਾ 'ਤੇ ਜਮ੍ਹਾ ਹੋਣ ਤੋਂ ਵੀ ਰੋਕ ਸਕਦੇ ਹਨ। ਵੂ ਦੇ ਮੁਤਾਬਕ, ਪਾਲੀਫੇਨਾਲ ਪਲਾਕ ਨੂੰ ਚਿਪਚਿਪਾ ਬਣਾਉਣ ਵਾਲੇ ਇੱਕ ਐਂਜ਼ਾਈਮ ਦੇ ਕੰਮ ਨੂੰ ਰੋਕਦੇ ਹਨ।

ਉਨ੍ਹਾਂ ਦੀ ਇੱਕ ਸਟੱਡੀ ਵਿੱਚ ਚਾਹ ਪੀਣ ਨਾਲ ਸਾਹਾਂ ਦੀ ਬਦਬੂ ਨਾਲ ਜੁੜੇ ਕੁਝ ਬੈਕਟੀਰੀਆ 'ਤੇ ਵੀ ਅਸਰ ਦੇਖਿਆ ਗਿਆ। ਇਹ ਬੈਕਟੀਰੀਆ ਜੀਭ ਦੇ ਪਿਛਲੇ ਹਿੱਸੇ ਵਿੱਚ ਰਹਿੰਦੇ ਹਨ।

ਕਈ ਫਲ, ਖਾਸ ਕਰਕੇ ਗੂੜੇ ਰੰਗ ਵਾਲੀਆਂ ਬੈਰੀਜ਼ ਵੀ ਪਾਲੀਫੇਨਾਲ ਨਾਲ ਭਰਪੂਰ ਹੁੰਦੀਆਂ ਹਨ। ਇਹ ਥੋੜ੍ਹਾ ਹੈਰਾਨ ਕਰਨ ਵਾਲਾ ਲੱਗ ਸਕਦਾ ਹੈ ਕਿਉਂਕਿ ਫਲਾਂ ਵਿੱਚ ਕੁਦਰਤੀ ਖੰਡ ਅਤੇ ਐਸਿਡ ਵੀ ਹੁੰਦਾ ਹੈ।

ਪਰ ਵੂ ਦੀ ਰਿਸਰਚ ਵਿੱਚ ਪਾਇਆ ਗਿਆ ਹੈ ਕਿ ਕ੍ਰੈਨਬੈਰੀ ਜੂਸ ਦੰਦਾਂ 'ਤੇ ਪਲਾਕ ਬਣਨ ਤੋਂ ਰੋਕਣ ਵਿੱਚ ਮਦਦ ਕਰ ਸਕਦਾ ਹੈ, ਕੈਵਿਟੀ ਅਤੇ ਮਸੂੜਿਆਂ ਦੀ ਬਿਮਾਰੀ ਨਾਲ ਜੁੜੇ ਕੁਝ ਬੈਕਟੀਰੀਆ ਦੇ ਵਿਕਾਸ ਨੂੰ ਸੀਮਤ ਕਰ ਸਕਦਾ ਹੈ।

ਸ਼ਹਿਦ ਵਿੱਚ ਵੀ ਪਾਲੀਫੇਨਾਲ ਹੁੰਦੇ ਹਨ। ਕੁਝ ਅਧਿਐਨਾਂ ਵਿੱਚ ਇਸ ਨੂੰ ਪਲਾਕ ਬਣਨ ਤੋਂ ਰੋਕਣ ਅਤੇ ਕੈਵਿਟੀ ਪੈਦਾ ਕਰਨ ਵਾਲੇ ਬੈਕਟੀਰੀਆ ਨਾਲ ਲੜਨ ਵਿੱਚ ਮਦਦਗਾਰ ਪਾਇਆ ਗਿਆ ਹੈ।

ਚੀਜ਼ ਅਤੇ ਫਰਮੈਂਟਿਡ ਫੂਡ ਦਾ ਫ਼ਾਇਦਾ

ਚੀਜ਼ ਵੀ ਮੂੰਹ ਦੇ ਮਾਈਕ੍ਰੋਬਾਇਓਮ ਲਈ ਫਾਇਦੇਮੰਦ ਹੋ ਸਕਦੀ ਹੈ। ਇਟਲੀ ਵਿੱਚ ਕੀਤੇ ਗਏ ਇੱਕ ਛੋਟੇ ਅਧਿਐਨ ਵਿੱਚ ਨੌਂ ਲੋਕਾਂ ਨੂੰ ਲਗਾਤਾਰ ਪੰਜ ਦਿਨਾਂ ਤੱਕ ਰੋਜ਼ ਗ੍ਰਾਨਾ ਪਡਾਨੋ ਚੀਜ਼ ਖਵਾਈ ਗਈ।

ਅਧਿਐਨ ਦੇ ਅੰਤ ਵਿੱਚ ਉਨ੍ਹਾਂ ਦੇ ਮੂੰਹ ਵਿੱਚ ਮੌਜੂਦ ਬੈਕਟੀਰੀਆ ਦੇ ਭਾਈਚਾਰੇ ਵਿੱਚ ਥੋੜ੍ਹਾ ਬਦਲਾਅ ਦੇਖਿਆ ਗਿਆ।

ਚੀਨੀ ਪਸੰਦ ਕਰਨ ਵਾਲੇ ਅਤੇ ਕੈਵਿਟੀ ਨਾਲ ਜੁੜੇ ਐਸ. ਮਿਊਟਨਸ ਦੀ ਮਾਤਰਾ ਘੱਟ ਹੋਈ, ਜਦਕਿ ਸਿਹਤਮੰਦ ਮੂੰਹ ਵਿੱਚ ਜ਼ਿਆਦਾ ਪਾਏ ਜਾਣ ਵਾਲੇ ਐਸ. ਸੇਂਗਿਵਿਨਸ ਦੀ ਮਾਤਰਾ ਵਧੀ।

ਚੀਜ਼ ਇੱਕ ਹੋਰ ਤਰੀਕੇ ਨਾਲ ਮਦਦ ਕਰ ਸਕਦੀ ਹੈ।

ਇਸ ਨੂੰ ਚਬਾਉਣ ਨਾਲ ਮੂੰਹ ਵਿੱਚ ਜ਼ਿਆਦਾ ਲਾਰ ਬਣਦੀ ਹੈ। ਲਾਰ ਦੰਦਾਂ ਅਤੇ ਮੂੰਹ ਤੋਂ ਵਾਧੂ ਖੰਡ ਹਟਾਉਣ ਵਿੱਚ ਮਦਦ ਕਰਦੀ ਹੈ। ਨਾਲ ਹੀ, ਇਹ ਮੂੰਹ ਵਿੱਚ ਬਣਨ ਵਾਲੇ ਐਸਿਡ ਦੇ ਅਸਰ ਨੂੰ ਵੀ ਘੱਟ ਕਰਦੀ ਹੈ।

ਫਰਮੈਂਟਿਡ ਫੂਡ ਵੀ ਮਦਦਗਾਰ ਹੋ ਸਕਦੇ ਹਨ। ਇਨ੍ਹਾਂ ਵਿੱਚ ਅਜਿਹੇ ਲਾਭਦਾਇਕ ਬੈਕਟੀਰੀਆ ਹੁੰਦੇ ਹਨ ਜੋ ਨੁਕਸਾਨਦੇਹ ਬੈਕਟੀਰੀਆ ਨਾਲ ਮੁਕਾਬਲਾ ਕਰਦੇ ਹਨ।

ਮਿਸਾਲ ਵਜੋਂ, ਇੱਕ ਹਾਲੀਆ ਰਿਸਰਚ ਸਮੀਖਿਆ ਵਿੱਚ ਪਾਇਆ ਗਿਆ ਕਿ ਕੇਫਿਰ, ਜੋ ਫਰਮੈਂਟਿਡ ਦੁੱਧ ਤੋਂ ਬਣਿਆ ਪੀਣ ਵਾਲਾ ਪਦਾਰਥ ਹੈ, ਕੁਝ ਨੁਕਸਾਨਦੇਹ ਬੈਕਟੀਰੀਆ ਦੇ ਵਿਕਾਸ ਨੂੰ ਰੋਕ ਸਕਦਾ ਹੈ। ਇਹ ਇਨ੍ਹਾਂ ਬੈਕਟੀਰੀਆ ਨੂੰ ਚਿਪਚਿਪੀ ਪਰਤ ਯਾਨੀ ਬਾਇਓਫਿਲਮ ਬਣਾਉਣ ਤੋਂ ਵੀ ਰੋਕ ਸਕਦਾ ਹੈ। ਬਰੱਸ਼ ਅਤੇ ਫਲੌਸ ਕਰਨਾ ਵੀ ਜ਼ਰੂਰੀ ਹੈ ਖਾਣ ਦੀਆਂ ਆਦਤਾਂ ਕਿੰਨੀਆਂ ਵੀ ਚੰਗੀਆਂ ਹੋਣ, ਬਰੱਸ਼ ਅਤੇ ਫ਼ਲੌਸ ਦੀ ਥਾਂ ਨਹੀਂ ਲੈ ਸਕਦੀਆਂ।

ਫ਼ਲੌਸਿੰਗ ਨੂੰ ਦੰਦਾਂ ਦੀ ਸੜਨ ਨਾਲ ਜੁੜੇ ਐੱਸ. ਮਿਊਟਨਸ ਵਰਗੇ ਬੈਕਟੀਰੀਆ ਦੀ ਘੱਟ ਮਾਤਰਾ ਨਾਲ ਜੋੜਿਆ ਗਿਆ ਹੈ।

ਉੱਥੇ ਹੀ, ਦੰਦਾਂ ਅਤੇ ਜੀਭ ਨੂੰ ਬਰੱਸ਼ ਕਰਨ ਨਾਲ ਦੰਦਾਂ ਅਤੇ ਮਸੂੜਿਆਂ ਦੀ ਬਿਮਾਰੀ ਨਾਲ ਜੁੜੇ ਬੈਕਟੀਰੀਆ ਦੀ ਗਿਣਤੀ ਕਾਫ਼ੀ ਘੱਟ ਹੋ ਸਕਦੀ ਹੈ।

ਮਾਊਥਵਾਸ਼ ਨੂੰ ਲੈ ਕੇ ਵਿਗਿਆਨਕ ਹਾਲੇ ਇਹ ਪੂਰੀ ਤਰ੍ਹਾਂ ਨਹੀਂ ਜਾਣਦੇ ਕਿ ਆਮ ਤੌਰ 'ਤੇ ਮਿਲਣ ਵਾਲੇ ਮਾਊਥਵਾਸ਼ ਲੰਬੇ ਸਮੇਂ ਵਿੱਚ ਓਰਲ ਮਾਈਕ੍ਰੋਬਾਇਓਮ 'ਤੇ ਕੀ ਅਸਰ ਪਾਉਂਦੇ ਹਨ।

ਉਮੀਦ ਹੈ ਕਿ ਭਵਿੱਖ ਵਿੱਚ ਅਜਿਹੇ ਮਾਊਥਵਾਸ਼ ਬਣਾਏ ਜਾ ਸਕਣਗੇ, ਜੋ ਮੂੰਹ ਵਿੱਚ ਮੌਜੂਦ ਸਾਰੇ ਬੈਕਟੀਰੀਆ ਨੂੰ ਘੱਟ ਕਰਨ ਦੀ ਬਜਾਏ ਚੰਗੇ ਅਤੇ ਨੁਕਸਾਨਦੇਹ ਬੈਕਟੀਰੀਆ ਵਿਚਕਾਰ ਸੰਤੁਲਨ ਬਣਾਉਣ ਵਿੱਚ ਮਦਦ ਕਰਨ।

ਦੂਜੇ ਪਾਸੇ, ਕਲੋਰਹੈਕਸਿਡੀਨ ਵਾਲੇ ਕੁਝ ਮਾਊਥਵਾਸ਼ ਮੂੰਹ ਵਿੱਚ ਮੌਜੂਦ ਸੂਖਮਜੀਵਾਂ ਦੇ ਸੰਤੁਲਨ ਨੂੰ ਵਿਗਾੜਨ ਲਈ ਜਾਣੇ ਜਾਂਦੇ ਹਨ।

ਫਿਰ ਵੀ ਮਸੂੜਿਆਂ ਦੀ ਬਿਮਾਰੀ ਅਤੇ ਕੁਝ ਦੂਜੀਆਂ ਓਰਲ ਸਮੱਸਿਆਵਾਂ ਦੇ ਇਲਾਜ ਵਿੱਚ ਇਨ੍ਹਾਂ ਦਾ ਥੋੜ੍ਹੇ ਸਮੇਂ ਲਈ ਇਸਤੇਮਾਲ ਮਦਦਗਾਰ ਹੋ ਸਕਦਾ ਹੈ।

## ਤਾਂ ਆਖ਼ਿਰ ਕੀ ਖਾਈਏ

ਮੂੰਹ ਦੇ ਮਾਈਕ੍ਰੋਬਾਇਓਮ ਨੂੰ ਸਿਹਤਮੰਦ ਰੱਖਣ ਲਈ ਕਿਸੇ ਇੱਕ ਖ਼ਾਸ 'ਸੁਪਰ ਫੂਡ' ਦੀ ਲੋੜ ਨਹੀਂ ਹੈ।

ਸਭ ਤੋਂ ਜ਼ਰੂਰੀ ਹੈ ਕਿ ਸਾਡਾ ਪੂਰਾ ਖਾਣ-ਪੀਣ ਸੰਤੁਲਿਤ ਹੋਵੇ।

ਸਬਜ਼ੀਆਂ, ਖ਼ਾਸ ਕਰਕੇ ਹਰੀਆਂ ਪੱਤੇਦਾਰ ਸਬਜ਼ੀਆਂ ਜ਼ਿਆਦਾ ਖਾਓ। ਸਾਬਤੇ ਫਲ, ਦਾਲਾਂ, ਸਾਬਤੇ ਅਨਾਜ ਅਤੇ ਲੋੜੀਂਦੀ ਮਾਤਰਾ ਵਿੱਚ ਪ੍ਰੋਟੀਨ ਲਓ। ਚੀਜ਼, ਚਾਹ ਅਤੇ ਫਰਮੈਂਟਿਡ ਫੂਡ ਵੀ ਸੰਤੁਲਿਤ ਡਾਈਟ ਦਾ ਹਿੱਸਾ ਹੋ ਸਕਦੇ ਹਨ।

ਦੂਜੇ ਪਾਸੇ, ਮਿੱਠੇ ਪੇਅ ਅਤੇ ਵਾਰ-ਵਾਰ ਖਾਧੀਆਂ ਜਾਣ ਵਾਲੀਆਂ ਚੀਨੀ ਵਾਲੀਆਂ ਚੀਜ਼ਾਂ ਨੂੰ ਘੱਟ ਕਰਨਾ ਬਿਹਤਰ ਹੈ।

ਲਾਰਾ ਵਾਇਰਿਖ ਦੇ ਮੁਤਾਬਕ, ਸਲਾਹ ਭਾਵੇਂ ਸਧਾਰਨ ਲੱਗੇ, ਪਰ ਇਹੀ ਸਭ ਤੋਂ ਜ਼ਰੂਰੀ ਹੈ। ਸੰਤੁਲਿਤ ਖਾਣਾ ਖਾਓ, ਬਹੁਤ ਸਾਰੀਆਂ ਸਬਜ਼ੀਆਂ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਲਓ, ਲੋੜੀਂਦੀ ਮਾਤਰਾ ਵਿੱਚ ਪ੍ਰੋਟੀਨ ਲਓ ਅਤੇ ਚੀਨੀ, ਖ਼ਾਸ ਕਰਕੇ ਮਿੱਠੇ ਪੇਅ, ਦਾ ਸੇਵਨ ਘੱਟ ਕਰੋ।

ਅਤੇ ਬਰੱਸ਼ ਅਤੇ ਫ਼ਲੌਸ ਕਰਨਾ ਨਾ ਭੁੱਲੋ।

ਕਿਉਂਕਿ ਸਾਡੇ ਮੂੰਹ ਵਿੱਚ ਰਹਿਣ ਵਾਲੇ ਇਹ ਛੋਟੇ-ਛੋਟੇ ਜੀਵ ਦਿਖਾਈ ਨਹੀਂ ਦਿੰਦੇ, ਪਰ ਅਸੀਂ ਜੋ ਖਾਂਦੇ ਹਾਂ, ਉਸ ਦਾ ਅਸਰ ਉਨ੍ਹਾਂ 'ਤੇ ਵੀ ਪੈਂਦਾ ਹੈ।

ਤਾਂ ਅਗਲੀ ਵਾਰ ਜਦੋਂ ਤੁਹਾਡੀ ਪਲੇਟ ਵਿੱਚ ਹਰੀਆਂ ਸਬਜ਼ੀਆਂ ਨਾਲ ਭਰਿਆ ਸਲਾਦ ਹੋਵੇ, ਨਾਲ ਥੋੜ੍ਹਾ ਚੀਜ਼ ਅਤੇ ਇੱਕ ਕੱਪ ਗਰਮ ਚਾਹ ਹੋਵੇ, ਤਾਂ ਯਾਦ ਰੱਖੋ।

ਇਹ ਖਾਣਾ ਸਿਰਫ਼ ਤੁਹਾਡੇ ਸਰੀਰ ਲਈ ਨਹੀਂ ਹੈ। ਤੁਹਾਡੇ ਮੂੰਹ ਵਿੱਚ ਰਹਿਣ ਵਾਲੇ ਚੰਗੇ ਬੈਕਟੀਰੀਆ ਵੀ ਇਸ ਨਾਲ ਖੁਸ਼ ਹੋ ਸਕਦੇ ਹਨ।

# ਦੁਨੀਆਂ ਭਰ ਵਿੱਚ ਵਧੇਗਾ ਅਤਿਅੰਤ ਮੌਸਮ ਦਾ ਖ਼ਤਰਾ ਸੰਯੁਕਤ ਰਾਸ਼ਟਰ ਨੇ ਸੋਕੇ ਅਤੇ ਹੜ੍ਹਾਂ ਲਈ ਕੀਤਾ ਚੌਕਸ

**ਐਲ ਨੀਨੋ ਦੇ ਵਧਦੇ ਪ੍ਰਭਾਵਾਂ ਕਾਰਨ ਕਈ ਦੇਸ਼ਾਂ ਵਿੱਚ ਸੋਕੇ, ਜੰਗਲਾਂ ਦੀਆਂ ਅੱਗਾਂ, ਭਾਰੀ ਮੀਂਹ ਅਤੇ ਹੜ੍ਹਾਂ ਦਾ ਖ਼ਤਰਾ; ਸੰਯੁਕਤ ਰਾਸ਼ਟਰ ਮੁਖੀ ਨੇ ਕਿਹਾ—ਦੁਨੀਆਂ ਅਣਜਾਣੇ ਅਤੇ ਖ਼ਤਰਨਾਕ ਮੌਸਮੀ ਦੌਰ ਵਿੱਚ ਦਾਖਲ ਹੋ ਚੁੱਕੀ ਹੈ**



ਦੁਨੀਆਂ ਭਰ ਵਿੱਚ ਮੌਸਮ ਦੇ ਤੇਜ਼ੀ ਨਾਲ ਬਦਲ ਰਹੇ ਮਿਜ਼ਾਜ ਦਰਮਿਆਨ ਸੰਯੁਕਤ ਰਾਸ਼ਟਰ ਨੇ ਐਲ ਨੀਨੋ ਦੇ ਪ੍ਰਭਾਵਾਂ ਨੂੰ ਲੈ ਕੇ ਗੰਭੀਰ ਚੇਤਾਵਨੀ ਜਾਰੀ ਕੀਤੀ ਹੈ। ਸੰਯੁਕਤ ਰਾਸ਼ਟਰ ਦੇ ਮੁਖੀ ਐਂਟੋਨੀਓ ਗੁਟੇਰੇਸ ਨੇ ਕਿਹਾ ਹੈ ਕਿ ਧਰਤੀ ਅਤਿਅੰਤ ਮੌਸਮ ਦੇ ਇੱਕ ਖ਼ਤਰਨਾਕ ਦੌਰ ਵਿੱਚ ਦਾਖਲ ਹੋ ਰਹੀ ਹੈ ਅਤੇ ਐਲ ਨੀਨੋ ਦੇ ਪ੍ਰਭਾਵ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪੱਸ਼ਟ ਤੌਰ 'ਤੇ ਮਹਿਸੂਸ ਕੀਤੇ ਜਾਣ ਲੱਗੇ ਹਨ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ, ਐਲ ਨੀਨੋ ਦਾ ਇਹ ਦੌਰ ਬੇਹੱਦ ਸ਼ਕਤੀਸ਼ਾਲੀ ਸਾਬਤ ਹੋ ਸਕਦਾ ਹੈ। ਮੌਸਮ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਦੇ ਪ੍ਰਭਾਵ ਵਿਸ਼ਵ ਪੱਧਰ 'ਤੇ ਲੰਬੇ ਸਮੇਂ ਤੱਕ ਮਹਿਸੂਸ ਕੀਤੇ ਜਾ ਸਕਦੇ ਹਨ ਅਤੇ ਮੌਸਮ ਦੇ ਮਿਜ਼ਾਜ ਵਿੱਚ ਵੱਡੀਆਂ ਤਬਦੀਲੀਆਂ ਆ ਸਕਦੀਆਂ ਹਨ।

ਐਲ ਨੀਨੋ ਇੱਕ ਕੁਦਰਤੀ ਮੌਸਮੀ ਵਰਤਾਰਾ ਹੈ ਜੋ ਮੁੱਖ ਤੌਰ 'ਤੇ ਪ੍ਰਸ਼ਾਂਤ ਮਹਾਂਸਾਗਰ ਵਿੱਚ ਸਮੁੰਦਰੀ ਪਾਣੀ ਦੇ ਤਾਪਮਾਨ ਅਤੇ ਹਵਾਵਾਂ ਦੇ ਪੈਟਰਨ ਵਿੱਚ ਤਬਦੀਲੀ ਨਾਲ ਜੁੜਿਆ ਹੁੰਦਾ ਹੈ। ਜਦੋਂ ਪ੍ਰਸ਼ਾਂਤ ਮਹਾਂਸਾਗਰ ਦੇ ਕੇਂਦਰੀ ਅਤੇ ਪੂਰਬੀ ਖੇਤਰਾਂ ਦਾ ਪਾਣੀ ਆਮ ਨਾਲੋਂ ਵੱਧ ਗਰਮ ਹੋ ਜਾਂਦਾ ਹੈ ਤਾਂ ਇਸ ਦਾ ਅਸਰ ਦੁਨੀਆਂ ਭਰ ਦੇ ਮੌਸਮੀ ਪੈਟਰਨਾਂ 'ਤੇ ਪੈਂਦਾ ਹੈ।

ਇਸ ਕਾਰਨ ਕੁਝ ਖੇਤਰਾਂ ਵਿੱਚ ਮੀਂਹ ਬਹੁਤ ਘੱਟ ਹੋ ਸਕਦਾ ਹੈ ਅਤੇ ਗੰਭੀਰ ਸੋਕਾ ਪੈ ਸਕਦਾ ਹੈ, ਜਦੋਂ ਕਿ ਹੋਰ ਇਲਾਕਿਆਂ ਵਿੱਚ ਭਾਰੀ ਮੀਂਹ, ਤੂਫ਼ਾਨ ਅਤੇ ਹੜ੍ਹਾਂ ਦਾ ਖ਼ਤਰਾ ਵਧ ਜਾਂਦਾ ਹੈ।

ਐਂਟੋਨੀਓ ਗੁਟੇਰੇਸ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਐਲ ਨੀਨੋ ਬਹੁਤ ਵੱਡਾ ਰੂਪ ਧਾਰਨ ਕਰ ਰਿਹਾ ਹੈ ਅਤੇ ਵਿਗਿਆਨ ਇਸ ਗੱਲ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਛੱਡਦਾ ਕਿ ਧਰਤੀ ਇੱਕ ਅਜਿਹੇ ਮੌਸਮੀ ਦੌਰ ਵਿੱਚੋਂ ਲੰਘ ਰਹੀ ਹੈ, ਜਿਸ ਦੇ ਪ੍ਰਭਾਵ ਬਹੁਤ ਗੰਭੀਰ ਹੋ ਸਕਦੇ ਹਨ।

ਉਨ੍ਹਾਂ ਕਿਹਾ ਕਿ ਸਮੁੰਦਰੀ ਪਾਣੀ ਲਗਾਤਾਰ ਗਰਮ ਹੋ ਰਿਹਾ ਹੈ ਅਤੇ ਇਹ ਸਥਿਤੀ ਪਹਿਲਾਂ ਹੀ ਮਨੁੱਖੀ ਗਤੀਵਿਧੀਆਂ ਕਾਰਨ ਵਧ ਰਹੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਹੋਰ ਗੰਭੀਰ ਬਣਾ ਸਕਦੀ ਹੈ।

## ਤਾਪਮਾਨ ਵਿੱਚ ਹੋਰ ਵਾਧੇ ਦਾ ਖ਼ਤਰਾ

ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਐਲ ਨੀਨੋ ਕੁਝ ਖੇਤਰਾਂ ਵਿੱਚ ਤਾਪਮਾਨ ਨੂੰ ਹੋਰ ਵਧਾ ਸਕਦਾ ਹੈ। ਦੁਨੀਆਂ ਪਹਿਲਾਂ ਹੀ ਜਲਵਾਯੂ ਪਰਿਵਰਤਨ ਕਾਰਨ ਵਧਦੀ ਗਰਮੀ ਦਾ ਸਾਹਮਣਾ ਕਰ ਰਹੀ ਹੈ ਅਤੇ ਐਲ ਨੀਨੋ ਇਸ ਸਥਿਤੀ ਵਿੱਚ ਇੱਕ ਹੋਰ ਵੱਡਾ ਕਾਰਕ ਬਣ ਸਕਦਾ ਹੈ।

ਕੇਂਦਰੀ ਅਤੇ ਪੂਰਬੀ ਟ੍ਰੋਪੀਕਲ ਪ੍ਰਸ਼ਾਂਤ ਮਹਾਂਸਾਗਰ ਵਿੱਚ ਸਮੁੰਦਰੀ ਸਤ੍ਹਾ ਦਾ ਤਾਪਮਾਨ ਹਾਲੀਆ ਮਹੀਨਿਆਂ ਦੌਰਾਨ ਤੇਜ਼ੀ ਨਾਲ ਵਧਿਆ ਹੈ। ਮੌਸਮ ਮਾਹਿਰਾਂ ਅਨੁਸਾਰ ਇਹ ਇੱਕ ਮਜ਼ਬੂਤ ਹੁੰਦੇ ਐਲ ਨੀਨੋ ਦਾ ਸਪੱਸ਼ਟ ਸੰਕੇਤ ਹੈ।

ਪ੍ਰਸ਼ਾਂਤ ਮਹਾਂਸਾਗਰ ਦੇ ਮੁੱਖ ਨਿਗਰਾਨੀ ਖੇਤਰ ਵਿੱਚ ਸਮੁੰਦਰੀ ਸਤ੍ਹਾ ਦਾ ਤਾਪਮਾਨ ਕਈ ਹਫ਼ਤਿਆਂ ਤੱਕ ਔਸਤ ਨਾਲੋਂ ਦੋ ਡਿਗਰੀ ਸੈਲਸੀਅਸ ਤੋਂ ਵੀ ਵੱਧ ਦਰਜ ਕੀਤਾ ਗਿਆ। ਇਸ ਕਾਰਨ ਇਸ ਨੂੰ ਬਹੁਤ ਸ਼ਕਤੀਸ਼ਾਲੀ ਐਲ ਨੀਨੋ ਮੰਨਿਆ ਜਾਣ ਲੱਗਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਮੁੰਦਰੀ ਸਤ੍ਹਾ ਦਾ ਤਾਪਮਾਨ ਔਸਤ ਨਾਲੋਂ ਹੋਰ ਵੀ ਵੱਧ ਸਕਦਾ ਹੈ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਇਹ ਪਿਛਲੇ ਕਈ ਦਹਾਕਿਆਂ ਦੇ ਸਭ ਤੋਂ ਸ਼ਕਤੀਸ਼ਾਲੀ ਐਲ ਨੀਨੋ ਘਟਨਾਕ੍ਰਮਾਂ ਵਿੱਚੋਂ ਇੱਕ ਹੋ ਸਕਦਾ ਹੈ।

ਪ੍ਰਸ਼ਾਂਤ ਮਹਾਂਸਾਗਰ ਦੀ ਸਤ੍ਹਾ ਹੇਠਾਂ ਪਾਣੀ ਦਾ ਤਾਪਮਾਨ ਵੀ ਆਮ ਨਾਲੋਂ ਕਾਫ਼ੀ ਵੱਧ ਦਰਜ ਕੀਤਾ ਗਿਆ ਹੈ। ਇਹ ਸਥਿਤੀ ਸਮੁੰਦਰ ਵਿੱਚ ਇਕੱਠੀ ਹੋ ਰਹੀ ਵੱਡੀ ਮਾਤਰਾ ਵਿੱਚ ਗਰਮੀ ਵੱਲ ਇਸ਼ਾਰਾ ਕਰਦੀ ਹੈ।

## ਹਿੰਦ ਮਹਾਂਸਾਗਰ ਅਤੇ ਅਟਲਾਂਟਿਕ ਵਿੱਚ ਵੀ ਵਧ ਰਹੀ ਚਿੰਤਾ

ਮਾਹਿਰਾਂ ਅਨੁਸਾਰ ਦੁਨੀਆਂ ਦੇ ਹੋਰ ਸਮੁੰਦਰੀ ਖੇਤਰਾਂ ਵਿੱਚ ਵੀ ਔਸਤ ਨਾਲੋਂ ਵੱਧ ਤਾਪਮਾਨ ਦੇਖਣ ਨੂੰ ਮਿਲ ਸਕਦੇ ਹਨ। ਇਨ੍ਹਾਂ ਵਿੱਚ ਹਿੰਦ ਮਹਾਂਸਾਗਰ, ਟ੍ਰੋਪੀਕਲ ਅਟਲਾਂਟਿਕ ਅਤੇ ਆਸਟ੍ਰੇਲੀਆ ਦੇ ਤੱਟੀ ਇਲਾਕਿਆਂ ਦੇ ਕੁਝ ਹਿੱਸੇ ਸ਼ਾਮਲ ਹਨ।

ਸਮੁੰਦਰੀ ਤਾਪਮਾਨ ਵਿੱਚ ਵਾਧਾ ਸਮੁੰਦਰੀ ਜੀਵਨ ਲਈ ਵੱਡਾ ਖ਼ਤਰਾ ਬਣ ਸਕਦਾ ਹੈ। ਖ਼ਾਸ ਕਰਕੇ ਆਸਟ੍ਰੇਲੀਆ ਲਈ ਇਹ ਸਥਿਤੀ ਚਿੰਤਾਜਨਕ ਹੈ ਕਿਉਂਕਿ ਉੱਥੋਂ ਦੇ ਸਮੁੰਦਰੀ ਖੇਤਰ ਪਹਿਲਾਂ ਹੀ ਸਮੁੰਦਰੀ ਗਰਮੀ ਦੀਆਂ ਲਹਿਰਾਂ ਨਾਲ ਪ੍ਰਭਾਵਿਤ ਹੋ ਰਹੇ ਹਨ।

ਪਿਛਲੇ ਸਾਲਾਂ ਵਿੱਚ ਵਧਦੀ ਸਮੁੰਦਰੀ ਗਰਮੀ ਕਾਰਨ ਕੋਰਲ ਬਲੀਚਿੰਗ ਅਤੇ ਕਾਈ ਦੇ ਵੱਡੇ ਪੱਧਰ 'ਤੇ ਫੈਲਾਅ ਵਰਗੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ। ਇਸ ਨਾਲ ਸਮੁੰਦਰੀ ਵਾਤਾਵਰਨ ਅਤੇ ਜੀਵ-ਜੰਤੂਆਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਆਸਟ੍ਰੇਲੀਆ ਦੀ ਵਿਗਿਆਨ ਏਜੰਸੀ ਦੇ ਇੱਕ ਮੁੱਖ ਖੋਜਕਰਤਾ ਨੇ ਕਿਹਾ ਕਿ ਐਲ ਨੀਨੋ ਇੱਕ ਕੁਦਰਤੀ ਵਰਤਾਰਾ ਹੈ, ਪਰ ਇਸ ਨਾਲ ਆਉਣ ਵਾਲੀ ਅਸਧਾਰਨ ਗਰਮੀ ਕਈ ਵੱਡੀਆਂ ਕੁਦਰਤੀ ਆਫ਼ਤਾਂ ਦਾ ਕਾਰਨ ਬਣ ਸਕਦੀ ਹੈ।

## ਸਮੁੰਦਰੀ ਗਰਮੀ ਦੀਆਂ ਲਹਿਰਾਂ ਨਾਲ ਜੀਵ-ਜੰਤੂਆਂ ਨੂੰ ਖ਼ਤਰਾ

ਪਿਛਲੇ ਸਮੇਂ ਦੌਰਾਨ ਜਦੋਂ ਦੱਖਣੀ ਆਸਟ੍ਰੇਲੀਆ ਅਤੇ ਤਸਮਾਨੀਆ ਦੇ ਸਮੁੰਦਰੀ ਖੇਤਰਾਂ ਵਿੱਚ ਗਰਮੀ ਦੀਆਂ ਲਹਿਰਾਂ ਆਈਆਂ ਸਨ ਤਾਂ ਇਸ ਦੇ ਬਹੁਤ ਗੰਭੀਰ ਨਤੀਜੇ ਸਾਹਮਣੇ ਆਏ ਸਨ।

ਕਈ ਥਾਵਾਂ 'ਤੇ ਪੈਂਗੁਇਨਾਂ ਦੇ ਭੁੱਖ ਨਾਲ ਮਰਨ, ਵੱਡੀ ਗਿਣਤੀ ਵਿੱਚ ਮੱਛੀਆਂ ਦੀ ਮੌਤ, ਕਾਈ ਦੇ ਤੇਜ਼ੀ ਨਾਲ ਫੈਲਾਅ ਅਤੇ ਜੈਲੀਫਿਸ਼ ਦੀ ਵਧਦੀ ਗਿਣਤੀ ਵਰਗੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਸਨ।

ਆਸਟ੍ਰੇਲੀਆ ਨੇ ਹੁਣ ਸਮੁੰਦਰੀ ਸੰਕਟਾਂ ਨਾਲ ਨਜਿੱਠਣ ਲਈ ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਮੱਛੀ ਪਾਲਣ ਉਦਯੋਗ ਨੂੰ ਸੰਭਾਵਿਤ ਨੁਕਸਾਨ ਤੋਂ ਬਚਾਉਣ, ਵਿੱਤੀ ਸਹਾਇਤਾ ਦੀ ਯੋਜਨਾ ਬਣਾਉਣ ਅਤੇ ਖ਼ਤਰੇ ਵਿੱਚ ਪਈਆਂ ਪ੍ਰਜਾਤੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਸਮਾਂ ਮਿਲ ਸਕਦਾ ਹੈ।

ਕੋਰਲ ਰੀਫ ਦੀ ਨਿਗਰਾਨੀ ਵੀ ਵਧਾਈ ਜਾ ਰਹੀ ਹੈ ਤਾਂ ਜੋ ਸਮੁੰਦਰੀ ਤਾਪਮਾਨ ਵਿੱਚ ਹੋ ਰਹੀਆਂ ਤਬਦੀਲੀਆਂ ਦੇ ਪ੍ਰਭਾਵਾਂ ਨੂੰ ਸਮੇਂ ਸਿਰ ਪਛਾਣਿਆ ਜਾ ਸਕੇ।

## ਘੱਟ ਮੀਂਹ ਨਾਲ ਵਧੇਗਾ ਸੋਕੇ ਅਤੇ ਜੰਗਲਾਂ ਦੀਆਂ ਅੱਗਾਂ ਦਾ ਖ਼ਤਰਾ

ਐਲ ਨੀਨੋ ਦਾ ਸਭ ਤੋਂ ਵੱਡਾ ਪ੍ਰਭਾਵ ਮੀਂਹ ਦੇ ਪੈਟਰਨ ਵਿੱਚ ਤਬਦੀਲੀ ਦੇ ਰੂਪ ਵਿੱਚ ਸਾਹਮਣੇ ਆ ਸਕਦਾ ਹੈ। ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ ਕਈ ਖੇਤਰਾਂ ਵਿੱਚ ਆਮ ਨਾਲੋਂ ਘੱਟ ਮੀਂਹ ਪੈ ਸਕਦਾ ਹੈ।

ਦੱਖਣੀ-ਪੂਰਬੀ ਏਸ਼ੀਆ, ਮੱਧ ਅਮਰੀਕਾ ਅਤੇ ਦੱਖਣੀ ਅਮਰੀਕਾ ਦੇ ਉੱਤਰੀ ਹਿੱਸਿਆਂ ਵਿੱਚ ਖ਼ੁਸ਼ਕ ਹਾਲਾਤ ਵਧਣ ਦੀ ਸੰਭਾਵਨਾ ਜਤਾਈ ਗਈ ਹੈ।

ਮੀਂਹ ਦੀ ਘਾਟ ਕਾਰਨ ਇਨ੍ਹਾਂ ਖੇਤਰਾਂ ਵਿੱਚ ਗੰਭੀਰ ਸੋਕਾ ਪੈ ਸਕਦਾ ਹੈ ਅਤੇ ਜੰਗਲਾਂ ਦੀਆਂ ਅੱਗਾਂ ਦਾ ਖ਼ਤਰਾ ਵੀ ਵਧ ਸਕਦਾ ਹੈ।

ਇੰਡੋਨੇਸ਼ੀਆ ਵਰਗੇ ਦੇਸ਼ਾਂ ਵਿੱਚ ਲੰਬੇ ਸਮੇਂ ਤੱਕ ਚੱਲਣ ਵਾਲੇ ਖੁਸ਼ਕ ਮੌਸਮ ਨੇ ਚਿੰਤਾਵਾਂ ਵਧਾ ਦਿੱਤੀਆਂ ਹਨ। ਕਈ ਇਲਾਕਿਆਂ ਵਿੱਚ ਜੰਗਲਾਂ ਅਤੇ ਜ਼ਮੀਨਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।

ਧੂੰਏਂ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ, ਅੱਖਾਂ ਵਿੱਚ ਜਲਨ ਅਤੇ ਹਵਾ ਦੀ ਗੁਣਵੱਤਾ ਖ਼ਰਾਬ ਹੋਣ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਧਿਕਾਰੀਆਂ ਵੱਲੋਂ ਅੱਗ 'ਤੇ ਕਾਬੂ ਪਾਉਣ ਲਈ ਵੱਖ-ਵੱਖ ਕਦਮ ਚੁੱਕੇ ਜਾ ਰਹੇ ਹਨ ਅਤੇ ਕੁਝ ਖੇਤਰਾਂ ਵਿੱਚ ਮੌਸਮੀ ਤਕਨੀਕਾਂ ਦੀ ਮਦਦ ਨਾਲ ਮੀਂਹ ਪਵਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ।

## ਪਨਾਮਾ ਕੈਨਾਲ ਅਤੇ ਵਿਸ਼ਵ ਵਪਾਰ 'ਤੇ ਵੀ ਅਸਰ

ਐਲ ਨੀਨੋ ਕਾਰਨ ਪੈਦਾ ਹੋਣ ਵਾਲੇ ਸੋਕੇ ਦਾ ਪ੍ਰਭਾਵ ਵਿਸ਼ਵ ਵਪਾਰ 'ਤੇ ਵੀ ਪੈ ਸਕਦਾ ਹੈ।

ਪਨਾਮਾ ਕੈਨਾਲ ਵਿੱਚ ਪਾਣੀ ਦਾ ਪੱਧਰ ਘਟਣ ਕਾਰਨ ਉੱਥੋਂ ਲੰਘਣ ਵਾਲੇ ਜਹਾਜ਼ਾਂ ਦੀ ਗਿਣਤੀ ਵਿੱਚ ਕਟੌਤੀ ਕਰਨੀ ਪਈ ਹੈ। ਇਹ ਜਲ ਮਾਰਗ ਵਿਸ਼ਵ ਵਪਾਰ ਲਈ ਬੇਹੱਦ ਮਹੱਤਵਪੂਰਨ ਹੈ ਅਤੇ ਹਰ ਸਾਲ ਹਜ਼ਾਰਾਂ ਜਹਾਜ਼ ਇਸ ਦੀ ਵਰਤੋਂ ਕਰਦੇ ਹਨ।

ਪਾਣੀ ਦੀ ਕਮੀ ਕਾਰਨ ਜਹਾਜ਼ਾਂ ਦੀ ਆਵਾਜਾਈ 'ਤੇ ਪਾਬੰਦੀਆਂ ਲੱਗਣ ਨਾਲ ਅੰਤਰਰਾਸ਼ਟਰੀ ਸਪਲਾਈ ਲੜੀ ਅਤੇ ਵਪਾਰਕ ਗਤੀਵਿਧੀਆਂ ਪ੍ਰਭਾਵਿਤ ਹੋ ਸਕਦੀਆਂ ਹਨ।

## ਕੁਝ ਖੇਤਰਾਂ ਵਿੱਚ ਭਾਰੀ ਮੀਂਹ ਅਤੇ ਹੜ੍ਹਾਂ ਦਾ ਖ਼ਤਰਾ

ਜਿੱਥੇ ਕੁਝ ਦੇਸ਼ਾਂ ਵਿੱਚ ਸੋਕੇ ਦਾ ਖ਼ਤਰਾ ਵਧ ਰਿਹਾ ਹੈ, ਉੱਥੇ ਦੁਨੀਆਂ ਦੇ ਕਈ ਹੋਰ ਹਿੱਸਿਆਂ ਵਿੱਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਜਤਾਈ ਗਈ ਹੈ।

ਪੂਰਬੀ ਅਫ਼ਰੀਕਾ ਦੇ ਕੁਝ ਹਿੱਸਿਆਂ, ਦੱਖਣੀ ਬ੍ਰਾਜ਼ੀਲ ਅਤੇ ਦੱਖਣੀ ਅਮਰੀਕਾ ਦੇ ਕਈ ਖੇਤਰਾਂ ਵਿੱਚ ਜ਼ਿਆਦਾ ਨਮੀ ਵਾਲਾ ਮੌਸਮ ਰਹਿਣ ਦੀ ਉਮੀਦ ਹੈ।

ਇਸ ਕਾਰਨ ਭਾਰੀ ਮੀਂਹ, ਹੜ੍ਹ, ਜ਼ਮੀਨ ਖਿਸਕਣ ਅਤੇ ਹੋਰ ਕੁਦਰਤੀ ਆਫ਼ਤਾਂ ਦਾ ਖ਼ਤਰਾ ਵਧ ਸਕਦਾ ਹੈ।

ਚੀਨ ਸਮੇਤ ਏਸ਼ੀਆ ਦੇ ਕਈ ਦੇਸ਼ ਪਹਿਲਾਂ ਹੀ ਤੇਜ਼ ਤੂਫ਼ਾਨਾਂ ਅਤੇ ਭਾਰੀ ਮੀਂਹ ਨਾਲ ਪੈਦਾ ਹੋਈਆਂ ਸਥਿਤੀਆਂ ਦਾ ਸਾਹਮਣਾ ਕਰ ਚੁੱਕੇ ਹਨ। ਕਈ ਇਲਾਕਿਆਂ ਵਿੱਚ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ।

## ਸੰਯੁਕਤ ਰਾਸ਼ਟਰ ਵੱਲੋਂ ਵੱਡੀ ਤਿਆਰੀ

ਸੰਯੁਕਤ ਰਾਸ਼ਟਰ ਦੀ ਏਜੰਸੀ ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਕਿਹਾ ਹੈ ਕਿ ਐਲ ਨੀਨੋ ਨਾਲ ਜੁੜੀਆਂ ਸੰਭਾਵਿਤ ਮੌਸਮੀ ਘਟਨਾਵਾਂ ਦੀ ਜਾਣਕਾਰੀ ਵੱਧ ਤੋਂ ਵੱਧ ਲੋਕਾਂ ਅਤੇ ਭਾਈਚਾਰਿਆਂ ਤੱਕ ਪਹੁੰਚਾਉਣ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।

ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਸੰਭਾਵਿਤ ਹੜ੍ਹਾਂ, ਤੂਫ਼ਾਨਾਂ, ਸੋਕੇ ਅਤੇ ਹੋਰ ਆਫ਼ਤਾਂ ਬਾਰੇ ਪਹਿਲਾਂ ਹੀ ਸੂਚਿਤ ਕੀਤਾ ਜਾ ਸਕੇ।

ਕਈ ਥਾਵਾਂ 'ਤੇ ਡਾਕਟਰੀ ਅਤੇ ਐਮਰਜੈਂਸੀ ਸਹਾਇਤਾ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੱਡੀ ਕੁਦਰਤੀ ਆਫ਼ਤ ਦੀ ਸਥਿਤੀ ਵਿੱਚ ਜਾਨੀ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਦੇ ਮੁਖੀ ਸੇਲੇਸਟੇ ਸਾਉਲੋ ਨੇ ਕਿਹਾ ਕਿ ਐਲ ਨੀਨੋ ਦੁਨੀਆਂ ਭਰ ਦੇ ਭਾਈਚਾਰਿਆਂ ਅਤੇ ਅਰਥਚਾਰਿਆਂ ਲਈ ਇੱਕ ਵੱਡਾ ਝਟਕਾ ਸਾਬਤ ਹੋ ਸਕਦਾ ਹੈ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਦੁਨੀਆਂ ਪਹਿਲਾਂ ਹੀ ਸੋਕੇ ਅਤੇ ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਵਿਘਨ ਅਤੇ ਤਬਾਹੀ ਦੇਖ ਰਹੀ ਹੈ ਅਤੇ ਜਿਵੇਂ-ਜਿਵੇਂ ਐਲ ਨੀਨੋ ਦਾ ਪ੍ਰਭਾਵ ਵਧੇਗਾ, ਇਨ੍ਹਾਂ ਘਟਨਾਵਾਂ ਦੀ ਗੰਭੀਰਤਾ ਵੀ ਵਧ ਸਕਦੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਐਲ ਨੀਨੋ ਇੱਕ ਕੁਦਰਤੀ ਵਰਤਾਰਾ ਜ਼ਰੂਰ ਹੈ, ਪਰ ਜਦੋਂ ਇਹ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਹੇ ਜਲਵਾਯੂ ਪਰਿਵਰਤਨ ਅਤੇ ਲਗਾਤਾਰ ਵਧ ਰਹੇ ਵਿਸ਼ਵ ਤਾਪਮਾਨ ਨਾਲ ਮਿਲਦਾ ਹੈ ਤਾਂ ਇਸ ਦੇ ਪ੍ਰਭਾਵ ਹੋਰ ਵੀ ਖ਼ਤਰਨਾਕ ਬਣ ਸਕਦੇ ਹਨ।

ਦੁਨੀਆਂ ਲਈ ਸਭ ਤੋਂ ਵੱਡੀ ਚੁਣੌਤੀ ਹੁਣ ਇਹ ਹੈ ਕਿ ਆਉਣ ਵਾਲੇ ਸਮੇਂ ਵਿੱਚ ਸੰਭਾਵਿਤ ਸੋਕੇ, ਹੜ੍ਹਾਂ, ਜੰਗਲਾਂ ਦੀਆਂ ਅੱਗਾਂ, ਸਮੁੰਦਰੀ ਗਰਮੀ ਦੀਆਂ ਲਹਿਰਾਂ ਅਤੇ ਤੂਫ਼ਾਨਾਂ ਨਾਲ ਨਜਿੱਠਣ ਲਈ ਸਰਕਾਰਾਂ ਅਤੇ ਭਾਈਚਾਰੇ ਸਮੇਂ ਸਿਰ ਤਿਆਰੀ ਕਰਨ।

# ਸਭਿਆਚਾਰ

## ਕੁਦਰਤ

–ਗੁਰਮੀਤ ਸਿੰਘ ਰਾਮਪੁਰੀ



ਪੌਣ ਪਾਣੀ ਗੰਧਲਾ ਕੀਤਾ
ਫਿਜ਼ਾ ਕਰੀ ਤੂੰ ਫੀਤਾ ਫੀਤਾ
ਆਫ਼ਤਾਂ ਬਣ ਅੱਗੇ ਆ ਰਹੇ
ਤੇਰੇ ਕੀਤੇ ਪੁੱਠੇ ਕਾਜ
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...

ਸਵਰਗ ਜਿਹਾ ਸੰਸਾਰ ਸੀ
ਤੂੰ ਬਣਾਇਆ ਨਰਕ
ਸੁਆਰਥਾਂ ਦੀ ਪੂਰਤੀ ਵਿੱਚ
ਕੀਤਾ ਬੇੜਾ ਗਰਕ
ਤਾਲੋਂ ਬੇਤਾਲੇ ਹੋ ਗਏ
ਜ਼ਿੰਦਗੀ ਦੇ ਕੁੱਲ ਸਾਜ਼
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...

ਦਿਲ ਵਿੱਚਰੱਖੋਂ ਈਰਖਾ
ਛੱਡ ਨਿਮਰਤਾ ਪ੍ਰੀਤ
ਤੇਰੀ ਝੋਲੀ ਖਾਲੀ ਕਰ ਗਈ
ਤੇਰੀ ਮਾੜੀ ਨੀਤ
ਹੁਣ ਤੇਰੇ ਉੱਤੇ ਰਿਹਾ ਨਾ
ਕੁਦਰਤ ਨੂੰ ਭੋਰਾ ਨਾਜ਼
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...

ਕਾਹਦੀ ਤੈਨੂੰ ਤ੍ਰਿਸ਼ਨਾ
ਕਾਹਦੀ ਤੈਨੂੰ ਹੋੜ
ਤੇਰੀ ਉਹ ਗੱਲ ਬੰਦਿਆ
ਅੱਗਾ ਦੌੜ ਪਿੱਛਾ ਚੌੜ
ਤੇਰੇ ਸਿਰ ਸੋਂਹਦਾ ਨਾ
ਇਨਸਾਨਾਂ ਵਾਲਾ ਤਾਜ
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...

ਹੱਥੀਂ ਬੂਟੇ ਲਾ ਲਾ ਛੱਡੇਂ
ਮੁੜ ਕੇ ਪਾਣੀ ਨਾ ਪਾਵੇਂ
ਜ਼ਹਿਰਾਂ ਆਪ ਫੈਲਾਵੇਂ
ਸ਼ੁੱਧ ਹਵਾ ਦਾ ਹੋਕਾ ਲਾਵੇਂ
ਅੰਦਰੋਂ ਹੋਰ ਬਾਹਰੋਂ ਹੋਰ
ਕੀ ਕੀ ਖੋਲ੍ਹਾਂ ਪਾਜ
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...

ਅਜੇ ਕੁਝ ਨਾ ਵਿਗੜਿਆ
ਬੰਦਿਆ ਡੁੱਲ੍ਹੇ ਬੇਰਾਂ ਦਾ
ਨਹੀਂ ਨਤੀਜਾ ਘਾਤਕ ਹੋਊ
ਕਰੀਆਂ ਦੇਰਾਂ ਦਾ
ਆਉ ਮੀਤ ਜਾਣ ਲਈਏ
ਤੰਦਰੁਸਤੀ ਦਾ ਰਾਜ਼
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...

## ਪੰਜਾਬ

–ਗੁਰਮੀਤ ਸਿੰਘ ਰਾਮਪੁਰੀ

ਪੱਤੀ ਪੱਤੀ ਹੋ ਕੇ ਬਿੱਖਰਿਆ
ਫੁੱਲ ਗੁਲਾਬ ਨੂੰ ਜੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ
ਟੁੱਟੇ ਪੰਜਾਬ ਨੂੰ ਜੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...

ਸੰਨ ਸੰਤਾਲੀ ਵੰਡ ਵੇਲੇ
ਕਿੰਨੇ ਸੰਤਾਪ ਹੰਢਾਏ ਨੇ
ਆਪਣਿਆਂ ਵੀ ਇਸ ਦੀ
ਪਿੱਠ ਉੱਤੇ ਛੁਰੇ ਚਲਾਏ ਨੇ
ਸਾਂਝਾਂ ਦਾ ਹੋਕਾ ਦਿੰਦੀ ਸੀ
ਓਸ ਰਬਾਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...

ਇੱਕੋ ਪੰਗਤ ਸਭ ਬੰਦੇ
ਛਕਦੇ ਤੇ ਛਕਾਉਂਦੇ ਸੀ
ਕੰਡਾ ਵੱਜਦਿਆਂ ਵੀ ਆ ਕੇ
ਦੁੱਖ ਦਰਦ ਵੰਡਾਉਂਦੇ ਸੀ
ਸ਼ਹੀਦਾਂ ਨੇ ਜੋ ਸਿਰਜੇ ਸੀ
ਹਰ ਖ਼ੁਆਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...

ਚਾਤਰ ਲੋਕ ਲੜਾ ਸਾਡੇ
ਵਿੱਚ ਫੁੱਟ ਪੁਆਉਂਦੇ ਨੇ
ਭੋਲੇ ਭਾਲੇ ਲੋਕਾਂ ਦੇ ਹੱਥ
ਹਥਿਆਰ ਫੜਾਉਂਦੇ ਨੇ
ਲੋਕਾਂ ਦਾ ਬਣ ਵਿੱਸਰੇ
ਓਸ ਨਵਾਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...

ਬਚਪਨ ਦੀ ਮੁਹੱਬਤ
ਨਫ਼ਰਤ ਨੇ ਲਤਾੜੀ ਜੋ
ਇੱਕੋ ਥਾਲੀ ਰਲ ਖਾਂਦੇ ਸੀ
ਮੁੜ ਮਿਲ ਨਾ ਸਕੇ ਆੜੀ ਜੋ
'ਮੀਤ' ਜੰਗ ਦੀ ਭੇਟ ਚੜ੍ਹੇ
ਆਫ਼ਤਾਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ
ਟੁੱਟੇ ਪੰਜਾਬ ਨੂੰ ਜੋੜ ਦਿਉ...।

## ਜ਼ਿੰਦਗੀ ਦੇ ਗੂੜ੍ਹੇ ਰੰਗਾਂ ਦੀ ਸਿਰਜਕ ਔਰਤ

–ਗੁਰਬਿੰਦਰ ਸਿੰਘ



ਧਰਤੀ ਉੱਤੇ ਜੀਵਨ ਕਦੇ ਵੀ ਏਨਾ ਖੁਸ਼ਗਵਾਰ, ਆਨੰਦ-ਭਰਪੂਰ ਤੇ ਜਿਊਣਯੋਗ ਨਾ ਹੁੰਦਾ, ਜੇ ਔਰਤ ਇਸ ਦਾ ਹਿੱਸਾ ਨਾ ਹੁੰਦੀ। ਜਿਵੇਂ ਰੁੱਖਾਂ, ਬੂਟਿਆਂ ਤੇ ਹਰਿਆਵਲ ਤੋਂ ਸੱਖਣੀ ਧਰਤੀ ਬੇਜਾਨ ਤੇ ਵਿਰਾਨ ਦਿਖਾਈ ਦਿੰਦੀ ਹੈ ਤੇ ਕਿਸੇ ਦੇ ਵੀ ਮਨ ਨੂੰ ਨਹੀਂ ਭਾਉਂਦੀ, ਇੰਜ ਹੀ ਔਰਤ ਇਸ ਧਰਤੀ ਦਾ ਸ਼ਿੰਗਾਰ ਹੈ ਤੇ ਇਸ ਦੀ ਹੋਂਦ ਸਦਕਾ ਹੀ ਮਨੁੱਖੀ ਜੀਵਨ ਭਰਪੂਰ ਹੁਲਾਸ, ਅਹਿਸਾਸਾਂ, ਵਲਵਲਿਆਂ, ਉਮੰਗਾਂ, ਨਵੀਆਂ ਉਮੀਦਾਂ ਦੇ ਰਾਹ ਤੁਰਦਾ ਹਰ ਦਿਨ ਨਵੇਂ ਦਿਸਹੱਦਿਆਂ ਨੂੰ ਛੂਹ ਰਿਹਾ ਹੈ। ਇਸ ਗੱਲਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਔਰਤ ਤੇ ਮਰਦ ਮਨੁੱਖੀ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ ਤੇ ਇਨ੍ਹਾਂ ਵਿੱਚ ਸੰਤੁਲਨ ਬਣਾ ਕੇ ਰੱਖਣ ਨਾਲ ਹੀ ਜੀਵਨ-ਰੂਪੀ ਗੱਡੀ ਸਹਿਜ ਤੇ ਨਿਰਵਿਘਨ ਚੱਲਦੀ ਰੱਖੀ ਜਾ ਸਕਦੀ ਹੈ। ਇਹ ਮਾਣ ਔਰਤ ਨੂੰ ਹੀ ਜਾਂਦਾ ਹੈ ਕਿ ਉਹ ਮਨੁੱਖੀ ਜੀਵਨ ਦੀ ਧਰੋਹਰ ਹੈ। ਕੇਵਲ ਜਣਨੀ ਦੇ ਰੂਪਵਿੱਚ ਨਹੀਂ, ਜ਼ਿੰਦਗੀ ਦੇ ਹਰ ਕਦਮ 'ਤੇ ਔਰਤ ਦੀ ਹੋਂਦ ਤੋਂ ਬਿਨਾਂ ਜੀਵਨ ਦਾ ਕਿਆਸ ਕਰਨਾ ਔਖਾ ਜਾਪਦਾ ਹੈ।

ਮਕਾਨ ਕਿੰਨਾ ਵੀ ਵੱਡਾ, ਮਹਿੰਗਾ ਤੇ ਮਹਿਲਨੁਮਾ ਕਿਉਂ ਨਾ ਹੋਵੇ, ਘਰ ਉਹ ਔਰਤ ਦੀ ਛੋਹ ਨਾਲ ਹੀ ਬਣਦਾ ਹੈ। ਧਰਤੀ ਉੱਤੇ ਔਰਤ ਬਿਨਾਂ ਜੀਵਨ ਦਾ ਕਿਆਸ ਨਹੀਂ ਕੀਤਾ ਜਾ ਸਕਦਾ। ਇਸੇ ਲਈ ਔਰਤ ਨੂੰ ਜ਼ਿੰਦਗੀ ਦੀ ਸਿਰਜਣਹਾਰ ਕਹਿਣਾ ਬਹੁਤ ਅਰਥਪੂਰਨ ਹੈ। ਕੁਦਰਤ ਨੇ ਔਰਤ ਨੂੰ ਏਨੀ ਸ਼ਕਤੀ, ਸਹਿਣਸ਼ੀਲਤਾ, ਸੁਹਜ ਤੇ ਸਿਦਕ ਦੀ ਦਾਤ ਬਖ਼ਸ਼ੀ ਹੋਈ ਹੈ ਕਿ ਉਹ ਆਪਣੇ ਘਰ-ਪਰਿਵਾਰ ਵਿੱਚਵਿਚਰਦੀ ਮੋਹਰੀ ਹੋ ਕੇ ਆਪਣੀ ਭੂਮਿਕਾ ਨਿਭਾਉਂਦੀ ਹੈ, ਜ਼ਿੰਦਗੀ ਵਿੱਚ ਖੁਸ਼ੀਆਂ ਦੇ ਅਨੇਕਾਂ ਰੰਗ ਭਰਦੀ ਹੈ। ਕੁਦਰਤ ਨੇ ਔਰਤ ਨੂੰ ਸੁਹਜ ਤੇ ਸੁਚੱਜਤਾ ਦੀ ਦਾਤ ਬਖ਼ਸ਼ੀ ਹੋਈ ਹੈ। ਉਸ ਦੇ ਹੱਥ ਲੱਗਦਿਆਂ ਹੀ ਸਾਦ-ਮੁਰਾਦੇ ਘਰ ਦੀ ਹਰ ਚੀਜ਼ ਬੋਲਣ ਲੱਗਦੀ ਹੈ। ਪੁਰਾਣੇ ਸਮਿਆਂ ਵਿੱਚ ਕੱਚੇ ਘਰਾਂ ਨੂੰ ਸੁਆਣੀਆਂ ਆਪਣੀ ਸੂਝ-ਸਿਆਣਪ ਨਾਲ ਏਦਾਂ ਲਿੰਬ-ਪੋਚ ਕੇ ਸ਼ਿੰਗਾਰ ਦਿੰਦੀਆਂ ਸਨ ਕਿ ਘਰਾਂ ਵਿੱਚੋਂ ਸੁਹੱਪਣ ਝਲਕਦਾ ਸੀ। ਘਰ ਦੀ ਕੱਚੀ ਸਬਾਤ ਤੇ ਚੌਂਕੇ-ਚੁੱਲ੍ਹੇ ਨੂੰ ਰੋਜ਼ ਪੋਚਾ ਮਾਰ ਕੇ ਸੁੱਚਾ ਕਰਨ ਉਪਰੰਤ ਰੋਟੀ-ਪਾਣੀ ਕੀਤਾ ਜਾਂਦਾ ਸੀ। ਘਰਾਂ ਵਿੱਚ ਲਵੇਰੀਆਂ ਦੀ ਸਾਂਭ-ਸੰਭਾਲ, ਗੋਹਾ-ਕੂੜਾ ਸਾਂਭਣਾ, ਸਵੇਰੇ ਤੜਕੇ ਝਾੜੂ ਮਾਰ ਕੇ ਸਾਫ਼-ਸਫ਼ਾਈ ਕਰਨੀ ਤੇ ਹੋਰ ਅਨੇਕਾਂ ਕੰਮਾਂ ਵਿੱਚ ਘਰਾਂ ਦੀਆਂ ਸੁਆਣੀਆਂ ਦੀ ਭੂਮਿਕਾ ਵਧੇਰੇ ਸੀ/ਹੈ। ਕੱਚੇ ਘਰਾਂ ਨੂੰ ਵੀ ਸੁਆਣੀਆਂ ਲਿਸ਼ਕਾ ਦਿੰਦੀਆਂ ਸਨ।

ਸਮਾਂ ਬਹੁਤ ਬਦਲ ਗਿਆ ਹੈ, ਪਰ ਘਰ-ਪਰਿਵਾਰ ਦੀ ਸਿਰਜਣਾ ਦਾ ਬਹੁਤਾ ਦਾਰੋ-ਮਦਾਰ ਔਰਤਾਂ ਦੇ ਮੋਢਿਆਂ 'ਤੇ ਹੀ ਹੈ ਤੇ ਸ਼ਾਇਦ ਹਮੇਸ਼ਾਂ ਰਹੇਗਾ। ਆਪਣੀ ਕੁੱਖ ਵਿੱਚ ਪਲਦੇ ਬੱਚੇ ਨੂੰ ਆਪਣੇ ਖ਼ੂਨ ਨਾਲ ਪਾਲਦੀ, ਘਰ ਦੇ ਅਨੇਕਾਂ ਕੰਮਾਕਾਰਾਂ ਵਿੱਚ ਰੁੱਝੀ, ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਕਸ਼ਟਾਂ ਵਿੱਚੋਂ ਗੁਜ਼ਰਦੀ ਔਰਤ ਆਪਣੇ ਮਾਂ ਹੋਣ ਦੇ ਗੌਰਵ ਵਿੱਚਬੱਚੇ ਦੀ ਖਾਤਰ ਅੰਤਾਂ ਦੀਆਂ ਦਰਦਮਈ ਜੰਮਣ-ਪੀੜਾਂ ਵੀ ਸਹਿ ਲੈਂਦੀ ਹੈ। ਜਨਮ ਉਪਰੰਤ ਆਪਣੇ ਬੱਚੇ ਨੂੰ ਛਾਤੀ ਨਾਲ ਲਾ ਕੇ ਜਿਸ ਅਸੀਮ ਪ੍ਰਸੰਨਤਾ ਦਾ ਅਹਿਸਾਸ ਮਾਂ ਨੂੰ ਹੁੰਦਾ ਹੈ, ਕੁਝ ਪਲਾਂ ਲਈ ਉਹ ਮਾਂ ਨੂੰ ਜੰਮਣ-ਪੀੜਾਂ ਦੇ ਸਾਰੇ ਕਸ਼ਟ ਭੁਲਾ ਦਿੰਦਾ ਹੈ। ਬੱਚੇ ਦੇ ਪਾਲਣ-ਪੋਸ਼ਣ ਵਿੱਚ ਭਾਵੇਂ ਪਰਿਵਾਰ ਦੇ ਹੋਰ ਜੀਆਂ ਦਾ ਵੀ ਸਹਿਯੋਗ ਹੁੰਦਾ ਹੈ, ਪਰ ਜਿਹੜੀਆਂ ਦੁਸ਼ਵਾਰੀਆਂ ਮਾਂ ਝੱਲਦੀ ਹੈ, ਉਹਦਾ ਕਰਜ਼ ਕੋਈ ਉਤਾਰ ਨਹੀਂ ਸਕਦਾ। ਹਰ ਮਾਂ ਆਪਣਾ ਸੁੱਖ-ਆਰਾਮ, ਸਰੀਰਕ ਕਸ਼ਟ ਭੁੱਲ ਕੇ ਆਪਣੀ ਜ਼ਿੰਦਗੀ ਬੱਚੇ ਨੂੰ ਅਰਪਿਤ ਕਰ ਦਿੰਦੀ ਹੈ। ਉਹਦੇ ਉੱਠਣ, ਬੈਠਣ, ਜਾਗਣ-ਸੌਣ, ਖਾਣ-ਪੀਣ, ਕੰਮ-ਕਾਰ ਸਮੇਂ ਉਹਦੀ ਸੁਰਤੀ ਆਪਣੇ ਬੱਚੇ ਵਿੱਚਲੱਗੀ ਹੁੰਦੀ ਹੈ। ਆਪਣੇ ਘਰ-ਪਰਿਵਾਰ ਤੇ ਬੱਚਿਆਂ ਲਈ ਜਿਹੜਾ ਤਿਆਗ ਤੇ ਕੁਰਬਾਨੀ ਔਰਤ ਕਰਦੀ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਸਭ ਕੁਝ ਕਰਦਿਆਂ ਵੀ ਮਾਂ ਕਦੇ ਜਤਾਉਂਦੀ ਨਹੀਂ ਕਿ ਮੈਂ ਇਹ ਕੁਝ ਕੀਤਾ। ਜੇ ਪਰਿਵਾਰ ਦਾ ਸਹਿਯੋਗ ਮਿਲਦਾ ਰਹੇ, ਘਰ ਵਿੱਚ ਸੁੱਖ-ਸ਼ਾਂਤੀ, ਆਪਸੀ ਪਿਆਰ, ਇਤਫਾਕ, ਖੁਸ਼ੀਆਂ ਤੇ ਅਪਣੱਤ ਦਾ ਮਾਹੌਲ ਬਣਿਆ ਰਹੇ ਤਾਂ ਕਿਸੇ ਔਰਤ ਲਈ ਵੀ ਇਸ ਤੋਂ ਵੱਡੀ ਕੋਈ ਖੁਸ਼ੀ ਨਹੀਂ ਹੁੰਦੀ। ਸਾਰਾ ਦਿਨ ਕੰਮਾਂਕਾਰਾਂ ਵਿੱਚਥੱਕੀ-ਟੁੱਟੀ ਸੁਆਣੀ ਨੂੰ ਜੇ ਕੋਈ ਪਿਆਰ ਨਾਲ ਇਹੀ ਕਹਿ ਦੇਵੇ ਕਿ ਤੂੰ ਬਹੁਤ ਕੰਮ ਕੀਤਾ ਅੱਜ, ਆਰਾਮ ਕਰ ਲੈ ਤਾਂ ਉਸ ਦੀ ਸਾਰੀ ਥਕਾਵਟ ਲੱਥ ਜਾਂਦੀ ਹੈ।

ਔਰਤ ਕਿਸੇ ਰਿਸ਼ਤੇ ਵਿੱਚ ਹੋਵੇ, ਉਹਦੇ ਅੰਦਰ ਇੱਕ ਮਮਤਾਮਈ ਦਿਲ ਹੁੰਦਾ ਹੈ, ਜਿਸ ਨਾਲ ਉਹ ਸਾਰਿਆਂ ਨੂੰ ਮੋਹ ਲੈਂਦੀ ਹੈ। ਮਾਂ, ਭੈਣ, ਧੀ, ਪਤਨੀ ਜਾਂ ਕਿਸੇ ਵੀ ਹੋਰ ਰਿਸ਼ਤੇ ਵਿੱਚ ਔਰਤ ਘਰਾਂ ਦੀ ਸਿਰਜਣਾ ਕਰਦੀ ਹੈ। ਹਰ ਧੀ ਵਿਆਹ ਹੋਣ ਤੱਕ ਆਪਣੇ ਪੇਕਿਆਂ ਦੇ ਘਰ ਸੰਵਾਰਦੀ ਤੇ ਸਜਾਉਂਦੀ ਰਹਿੰਦੀ ਹੈ। ਇੱਕ ਦਿਨ ਅਜਿਹਾ ਆ ਜਾਂਦਾ ਹੈ ਕਿ ਮਾਪੇ ਸਮਾਜਿਕ ਰੀਤਾਂ ਦੇ ਬੱਝੇ ਸ਼ਗਨਾਂ ਨਾਲ ਧੀ ਨੂੰ ਕਿਸੇ ਹੋਰ ਘਰ-ਪਰਿਵਾਰ ਦੀ ਸਿਰਜਣਾ ਲਈ ਅੱਗੇ ਤੋਰ ਦਿੰਦੇ ਹਨ। ਸਮਾਜ ਅਕਸਰ ਇਹ ਆਸ ਕਰਦਾ ਹੈ ਕਿ ਨਵੇਂ ਘਰ-ਪਰਿਵਾਰ ਵਿੱਚ ਜਾ ਕੇ ਮੁਟਿਆਰ, ਉੱਥੋਂ ਦੇ ਤੌਰ-ਤਰੀਕੇ ਸਿੱਖ ਕੇ ਆਪਣੇ ਆਪ ਨੂੰ ਉਸ ਪਰਿਵਾਰ ਦੇ ਜੀਆਂ ਸੰਗ ਵਿਚਰਨ ਲਈ ਢਾਲ ਲਏ। ਹੋਣਾ ਚਾਹੀਦਾ ਹੈ ਕਿ ਜਿਸ ਘਰ ਉਹ ਵਿਆਹੀ ਗਈ ਹੈ, ਉਸ ਦੇ ਜੀਅ ਉਸ ਨਾਲ ਪਿਆਰ, ਦੁਲਾਰ, ਸਨੇਹ ਸਤਿਕਾਰ ਤੇ ਹਲੀਮੀ ਦਾ ਇਸ ਕਦਰ ਪ੍ਰਗਟਾਵਾ ਕਰਨ ਕਿ ਨਵੀਂ ਵਿਆਹੀ ਮੁਟਿਆਰ ਨੂੰ ਪੇਕੇ ਘਰ ਦੇ ਜੀਆਂ ਦੀ ਯਾਦ ਨਾ ਸਤਾਵੇ ਤੇ ਉਹ ਛੇਤੀ ਛੇਤੀ ਸਹੁਰੇ ਘਰ ਵਿੱਚ ਰਚਮਿਚ ਜਾਵੇ। ਜਿਨ੍ਹਾਂ ਘਰਾਂ ਵਿੱਚ ਘਰ ਦੀ ਸੁਆਣੀ ਨਾਲ ਪਿਆਰ ਤੇ ਸਤਿਕਾਰ ਨਾਲ ਪੇਸ਼ ਆਇਆ ਜਾਂਦਾ ਹੈ ਤੇ ਦੁੱਖ-ਸੁੱਖ ਸਮੇਂ ਉਸ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ, ਉੱਥੇ ਔਰਤਾਂ ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲਦੀਆਂ ਸਾਰਾ ਦਿਨ ਕੰਮ ਵਿੱਚ ਰੁੱਝੀਆਂ, ਦੁਸ਼ਵਾਰੀਆਂ ਝੱਲਦੀਆਂ, ਘਰਾਂ ਦੀ ਸਿਰਜਣਾ ਵਿੱਚ ਅੱਕਦੀਆਂ ਥੱਕਦੀਆਂ ਨਹੀਂ।

ਜਿੰਨੀ ਸੂਝ, ਸਲੀਕੇ, ਮਿਹਨਤ ਤੇ ਸਿਰੜ ਨਾਲ ਔਰਤ ਆਪਣੇ ਪਰਿਵਾਰ ਨੂੰ ਪਾਲਦੀ ਸੰਭਾਲਦੀ ਅਤੇ ਉਸ ਦੀ ਸਿਰਜਣਾ ਵਿੱਚ ਸੇਵਾ ਭਾਵਨਾ ਨਾਲ ਜੁਟੀ ਰਹਿੰਦੀ ਹੈ, ਉਹ ਸ਼ਾਇਦ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਸਵੇਰੇ ਸਭ ਤੋਂ ਪਹਿਲਾਂ ਜਾਗਣਾ ਤੇ ਰਾਤ ਨੂੰ ਸਭ ਤੋਂ ਬਾਅਦ ਵਿੱਚ ਸੌਣਾ ਤੇ ਘਰ ਦੇ ਜੀਆਂ ਦੀ ਹਰ ਲੋੜ ਪੂਰੀ ਕਰਦਿਆਂ ਕਦੇ ਮੱਥੇ ਵੱਟ ਨਾ ਪਾਉਣਾ ਘਰ ਦੀ ਸੁਆਣੀ ਦੀ ਆਪਾਵਾਰੂ ਭਾਵਨਾ ਦਾ ਪ੍ਰਤੀਕ ਹੈ। ਅਕਸਰ ਇਹ ਦੇਖਿਆ ਗਿਆ ਹੈ ਕਿ ਔਰਤਾਂ ਦੇ ਘਰ ਦੇ ਕੰਮਾਂ ਨੂੰ ਕੰਮ ਨਹੀਂ ਸਮਝਿਆ ਜਾਂਦਾ। ਘਰ ਦੀਆਂ ਔਰਤਾਂ ਸਵੇਰੇ ਮੂੰਹ ਹਨੇਰੇ ਤੋਂ ਰਾਤ ਪੈਣ ਤੱਕ ਕੰਮਾਂ ਵਿੱਚ ਜੁਟੀਆਂ ਰਹਿੰਦੀਆਂ ਹਨ। ਬਦਲਦੇ ਸਮਿਆਂ ਨਾਲ ਤਾਂ ਔਰਤਾਂ ਦੂਹਰੀ ਭੂਮਿਕਾ ਨਿਭਾਅ ਰਹੀਆਂ ਹਨ। ਕੰਮਕਾਜੀ ਔਰਤਾਂ ਆਪਣੀ ਡਿਊਟੀ ਵੀ ਕਰਦੀਆਂ ਹਨ ਤੇ ਘਰ-ਪਰਿਵਾਰ ਸੰਭਾਲਣ ਦੀ ਜ਼ਿੰਮੇਵਾਰੀ ਵੀ ਨਿਭਾਉਂਦੀਆਂ ਹਨ।

ਅੱਜ ਔਰਤਾਂ ਉੱਚ-ਵਿਦਿਆ ਪ੍ਰਾਪਤ ਕਰਕੇ ਆਪਣੀ ਸੂਝ ਅਤੇ ਲਿਆਕਤ ਨਾਲ ਵੱਡੇ ਵੱਡੇ ਅਹੁਦਿਆਂ ਦਾ ਮਾਣ ਵਧਾ ਰਹੀਆਂ ਹਨ। ਅਜੋਕੀ ਔਰਤ ਨੇ ਦਰਸਾ ਦਿੱਤਾ ਹੈ ਕਿ ਕੇਵਲ ਘਰ-ਪਰਿਵਾਰ ਨੂੰ ਸੰਭਾਲਣ ਤੱਕ ਉਹ ਸੀਮਤ ਨਹੀਂ ਹੈ, ਜੇ ਮੌਕੇ ਮਿਲਣ ਤਾਂ ਜ਼ਿੰਦਗੀ ਦੇ ਹਰ ਖੇਤਰ ਵਿੱਚ ਉੱਚੀਆਂ ਉਡਾਰੀਆਂ ਭਰ ਸਕਦੀ ਹੈ। ਬਹੁਤ ਦੁਖਦਾਈ ਸਥਿਤੀ ਹੈ ਕਿ ਅੱਜ ਵੀ ਸਮਾਜ ਵਿੱਚ ਔਰਤ ਵਿਰੋਧੀ ਮਾਨਸਿਕਤਾ ਭਾਰੂ ਹੈ। ਜ਼ਿੰਦਗੀ ਦੀ ਸਿਰਜਣਹਾਰੀ ਨੂੰ ਜੀਵਨ ਵਿੱਚਵਿਚਰਦੇ ਹੋਏਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਔਰਤਾਂ/ਕੁੜੀਆਂ ਆਪਣੇ ਘਰ, ਸਕੂਲ, ਕਾਲਜ, ਦਫ਼ਤਰ, ਅਦਾਰੇ, ਬੱਸ, ਰੇਲ, ਸੜਕ, ਬਾਜ਼ਾਰ ਜਾਂ ਕਿਤੇ ਸੁਰੱਖਿਅਤ ਨਹੀਂ ਤਾਂ ਅਸੀਂ ਕਿਸਗੱਲ ਦਾ ਮਾਣ ਕਰਦੇ ਹਾਂ। ਛੇੜਛਾੜ ਤੇ ਬਲਾਤਕਾਰ ਦੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਅਜੋਕੇ ਸਮਾਜ ਦੇ ਮੱਥੇ 'ਤੇ ਕਲੰਕ ਹੈ। ਇਸ ਮਾਨਸਿਕਤਾ ਵਾਲੇ ਲੋਕ ਕੋਈ ਅਸਮਾਨੋਂ ਨਹੀਂ ਉਤਰਦੇ, ਸਾਡੇ ਆਲੇ-ਦੁਆਲੇ ਹੀ ਵੱਸਦੇ ਹਨ। ਕੇਵਲ ਕਾਨੂੰਨ ਹੀ ਨਹੀਂ ਸਮਾਜ ਵੀ ਆਪਣੀ ਜ਼ਿੰਮੇਵਾਰੀ ਸਮਝੇ। ਜੇ ਸਮਾਜ ਅਜਿਹੇ ਬਿਮਾਰ ਮਾਨਸਿਕਤਾ ਵਾਲੇ ਲੋਕਾਂ ਵਿਰੁੱਧ ਆਵਾਜ਼ ਬੁਲੰਦ ਕਰੇ ਤਾਂ ਅਸੀਂ ਮਾਵਾਂ, ਭੈਣਾਂ, ਧੀਆਂ ਨੂੰ ਸੁਰੱਖਿਅਤ ਮਾਹੌਲ ਦੇ ਸਕਦੇ ਹਾਂ। ਜਿੱਥੇ ਔਰਤਾਂ ਖੁਸ਼ ਹੋਣ ਤੇ ਆਦਰ ਸਨਮਾਨ ਨਾਲ ਨਿਵਾਜੀਆਂ ਜਾਣ, ਉਸ ਘਰ ਦੇ ਵਿਹੜੇ ਵਿੱਚ ਖੁਸ਼ੀਆਂ, ਪਿਆਰ, ਮਿਲਵਰਤਨ ਤੇ ਸਾਂਝਾਂ ਦੇ ਗੁਲਾਬਾਂ ਦੀ ਮਹਿਕ ਪੱਸਰੀ ਰਹਿੰਦੀ ਹੈ।

ਕੇਵਲ ਘਰ ਨਹੀਂ, ਸਗੋਂ ਜ਼ਿੰਦਗੀ ਦੇ ਹਰ ਕੋਨੇ ਵਿੱਚੋਂ ਔਰਤ ਦੇ ਸੁਹਜ, ਸਲੀਕੇ ਦੀ ਝਲਕ ਦੇਖੀ ਜਾ ਸਕਦੀ ਹੈ। ਔਰਤਾਂ ਦੀ ਅਣਹੋਂਦ ਨਾਲ ਘਰ ਦੇ ਜੀਅ ਹੀ ਨਹੀਂ, ਸਾਰਾ ਘਰ ਉਦਾਸ ਅਤੇ ਵਿਰਾਨ ਜਾਪਣ ਲੱਗਦਾ ਹੈ। ਜਦੋਂ ਘਰ ਦੇ ਵਿਹੜੇ ਵਿੱਚ ਔਰਤ ਦੇ ਪੈਰਾਂ ਦੀ ਥਾਪ ਪੈਂਦੀ ਹੈ ਤਾਂ ਸੁੰਨੇ ਤੇ ਉਦਾਸ ਘਰ ਵੀ ਚਹਿਕ ਉੱਠਦੇ ਹਨ। ਸਿਰਜਣਹਾਰੀ ਦੇ ਹੱਥਾਂ ਦਾ ਕਮਾਲ ਹੀ ਹੈ ਕਿ ਉਸ ਦੀ ਛੋਹ ਨਾਲ ਘਰ ਦੀ ਹਰ ਨੁੱਕਰ ਤੇ ਹਰ ਚੀਜ਼ ਖੇੜੇ ਨਾਲ ਮਹਿਕ ਪੈਂਦੀ ਹੈ। ਸਵਰਗ ਕਿਸੇ ਨੇ ਦੇਖਿਆ ਨਹੀਂ, ਸਗੋਂ ਕਿਆਸ ਅਰਾਈਆਂ ਹੀ ਹਨ ਕਿ ਉਹ ਬਹੁਤ ਸੁੰਦਰ ਹੋਵੇਗਾ, ਪਰ ਔਰਤ ਘਰ ਨੂੰ ਆਪਣੇ ਸੁਹਜ ਕਾਰਜਾਂ ਨਾਲ ਸਵਰਗ ਬਣਾਉਣ ਦੀ ਸਮਰੱਥਾ ਰੱਖਦੀ ਹੈ। ਜ਼ਿੰਦਗੀ ਰੂਪੀ ਫੁੱਲਵਾੜੀ ਵਿੱਚ ਰਿਸ਼ਤਿਆਂ ਦੇ ਅਨੇਕਾਂ ਰੰਗ-ਬਿਰੰਗੇ ਫੁੱਲ ਔਰਤ ਦੀ ਹੋਂਦ ਨਾਲ ਹੀ ਜੁੜੇ ਹੋਏ ਹਨ।

## 'ਲਾਈ ਬੇਕਦਰਾਂ ਨਾਲ ਯਾਰੀ' ਦਾ ਗੀਤਕਾਰ

–ਅਸ਼ੋਕ ਬਾਂਸਲ ਮਾਨਸਾ





ਸੁਰਿੰਦਰ ਕੌਰ ਦੀ ਗਾਈ ਜਿਸ ਗ਼ਜ਼ਲ ਨੂੰ ਮੈਂ ਬਹੁਤ ਦੇਰ ਗੀਤ ਹੀ ਸਮਝਦਾ ਸੀ, ਉਸ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਸੀ:

ਓਹ ਬੜਾ ਬੇਲਿਹਾਜ਼ ਕੀ ਕਰੀਏ
ਬੇਵਫ਼ਾ ਦਾ ਇਲਾਜ ਕੀ ਕਰੀਏ

ਇਸ ਗਜ਼ਲ ਵਿੱਚ ਸ਼ਾਇਰ ਦਾ ਨਾਮ ਨਹੀਂ ਸੀ। ਮੈਨੂੰ ਬਾਅਦ ਵਿੱਚ ਪੜਚੋਲ ਕਰਨ ਉੱਤੇ ਪਤਾ ਲੱਗਿਆ ਕਿ ਇਹ 'ਚਾਨਣ ਗੋਬਿੰਦਪੁਰੀ' ਦੀ ਲਿਖਤ ਹੈ। ਦਾਗ ਦੇਹਲਵੀ ਉਰਦੂ ਦੇ ਪ੍ਰਸਿੱਧ ਕਵੀ ਸਨ। ਅੱਗੋਂ ਦਾਗ ਦੇਹਲਵੀ ਦੇ ਸ਼ਾਗਿਰਦ ਪੰਡਿਤ ਲੱਭੂ ਰਾਮ ਉਰਫ਼ ਜੋਸ਼ ਮਲਸਿਆਨੀ ਸਨ, ਜੋ ਜਲੰਧਰ ਨੇੜੇ 'ਮਲਸੀਆਂ' ਕਸਬੇ ਦੇ ਵਸਨੀਕ ਸਨ। ਚਾਨਣ ਰਾਮ ਕਲੇਰ ਉਰਫ਼ ਚਾਨਣ ਗੋਬਿੰਦਪੁਰੀ ਜੋਸ਼ ਮਲਸਿਆਨੀ ਦੇ ਸ਼ਾਗਿਰਦ ਸਨ। ਡਾ. ਐੱਮਏ ਮੁਸ਼ਤਾਕ ਸਾਹਿਬ ਨੂੰ ਵੀ ਚਾਨਣ ਰਾਮ ਆਪਣਾ ਉਸਤਾਦ ਮੰਨਦੇ ਸਨ।

ਚਾਨਣ ਦਾ ਜਨਮ 5 ਫਰਵਰੀ 1924 ਨੂੰ ਜਲੰਧਰ ਜ਼ਿਲੇਵਿੱਚ ਬੰਗੇ ਲਾਗੇ ਪਿੰਡ ਗੋਬਿੰਦਪੁਰ ਵਿੱਚ ਹੋਇਆ। ਉਸ ਨੇ ਬੀਡੀ ਹਾਈ ਸਕੂਲ ਬੰਗਾ ਤੋਂ ਮੈਟ੍ਰਿਕ ਤੱਕ ਪੜ੍ਹਾਈ ਕੀਤੀ। ਘਰ ਦੀ ਆਰਥਿਕ ਤੰਗੀ ਕਰਕੇ ਉਹ ਇਸ ਤੋਂ ਅੱਗੇ ਨਾ ਪੜ੍ਹ ਸਕਿਆ, ਪਰ ਕੇਂਦਰ ਸਰਕਾਰ ਵਿੱਚ ਯੂ ਪੀਐੱਸਸੀ ਰਾਹੀਂ ਨੌਕਰੀ ਪ੍ਰਾਪਤ ਕਰ ਲਈ।

ਚਾਨਣ ਉਨ੍ਹਾਂ ਮੁੱਢਲੇ ਸ਼ਾਇਰਾਂ ਵਿੱਚੋਂ ਸੀ, ਜਿਨ੍ਹਾਂ ਦਾ ਬਤੌਰ ਗੀਤਕਾਰ 1950 ਵਿੱਚ ਰੇਡੀਓ ਨਾਲ ਇਕਰਾਰਨਾਮਾ ਹੋਇਆ। ਓਦੋਂ ਅੰਮ੍ਰਿਤਾ ਪ੍ਰੀਤਮ ਰੇਡੀਓ ਉੱਤੇ ਸ਼ਾਮੀਂ 15 ਮਿੰਟ ਅਨਾਊਂਸਰ ਦਾ ਕੰਮ ਕਰਦੇ ਸਨ। ਚਾਨਣ ਗੋਬਿੰਦਪੁਰੀ ਦੇ ਗੀਤਾਂ ਨਾਲ ਪੰਜਾਬੀ ਗੀਤਕਾਰੀ ਦਾ ਨਵਾਂ ਦੌਰ ਸ਼ੁਰੂ ਹੋਇਆ। 1949 ਵਿੱਚ ਐੱਚਐੱਮ ਵੀ ਕੰਪਨੀ ਵਿੱਚ 'ਚਾਨਣ' ਦਾ ਲਿਖਿਆ ਗੀਤ, ਜਿਸ ਨੂੰ ਪ੍ਰਕਾਸ਼ ਕੌਰ ਅਤੇ ਤ੍ਰਿਲੋਕ ਕਪੂਰ ਨੇ ਗਾਇਆ ਸੀ, ਨੂੰ ਰਿਕਾਰਡਿੰਗ ਸੈਸ਼ਨ ਦਾ ਸਰਬੋਤਮ ਗੀਤ ਕਰਾਰ ਦਿੱਤਾ ਗਿਆ ਸੀ। ਗੀਤ ਦੇ ਬੋਲ ਸਨ:

ਆ ਹੁਸਨ ਜਵਾਨੀ ਮੱਤੀਏ ਬਾਂਕੀਏ ਗੋਰੀਏ
ਤੇਰਾ ਡੁੱਲ੍ਹ ਡੁੱਲ੍ਹ ਪੈਂਦਾ ਰਸ, ਗੰਨੇ ਦੀਏ ਪੋਰੀਏ

ਚਾਨਣ ਗੋਬਿੰਦਪੁਰੀ ਨੂੰ ਪੰਜਾਬੀ ਦੇ ਮੁੱਢਲੇ ਗੀਤਕਾਰਾਂ ਵਿੱਚੋਂ ਗਿਣਿਆ ਜਾ ਸਕਦਾ ਹੈ। ਉਸ ਦੇ ਲਿਖੇ ਅਨੇਕਾਂ ਹੀ ਗੀਤ ਆਕਾਸ਼ਬਾਣੀ ਉੱਤੇ ਵੀ ਰਿਕਾਰਡ ਹੋਏ ਅਤੇ ਐੱਚਐੱਮਵੀ ਕੰਪਨੀ ਦੇ ਤਵਿਆਂ ਵਿੱਚ ਵੀ ਆਪਣੇ ਸਮੇਂ ਦੇ ਪ੍ਰਸਿੱਧ ਗਾਇੱਕਾਂ ਨੇ ਗਾਏ। ਜਿਵੇਂ:

* ਬਾਗਾਂ ਵਿੱਚ ਪਿਆ ਚੰਨਾਂ ਅੰਬੀਆਂ ਨੂੰ ਬੂਰ ਵੇ
ਰੁੱਤ ਹੈ ਸੁਹਾਣੀ ਸਾਨੂੰ ਮਿਲਣਾ ਜ਼ਰੂਰ ਵੇ (ਸੁਰਿੰਦਰ ਕੌਰ)
* ਪ੍ਰਦੇਸੀ ਸੱਜਣਾ ਠਹਿਰ ਜ਼ਰਾ
ਸਾਡਾ ਦਿਲ ਤੜਪਾ ਕੇ ਨਾ ਜਾਵੀਂ
ਤੈਨੂੰ ਵੇਖ ਨਾ ਲੱਥਿਆ ਚਾਅ ਸਾਡਾ
ਸਾਡੀ ਆਸ ਨੂੰ ਢਾਹ ਕੇ ਨਾ ਜਾਵੀਂ (ਆਸਾ ਸਿੰਘ ਮਸਤਾਨਾ)
* ਗੋਰੀ-ਗੋਰੀ ਵੀਣੀ ਵਿੱਚ ਸੂਹੀਆ ਵੰਗਾਂ
ਢੋਲ ਪ੍ਰਦੇਸੀਆ ਮੈਂ ਸੁੱਖ ਤੇਰੀ ਮੰਗਾਂ (ਊਸ਼ਾ ਸੇਠ)
* ਸਾਨੂੰ ਐਨੀ ਗੱਲ ਦੱਸ ਜਾ ਮਜ਼ਾਜੀ ਢੋਲਣਾ
ਵੇ ਤੂੰ ਸਾਡੇ ਨਾਲ ਬੋਲਣਾ
ਕਿ ਨਹੀਂ ਬੋਲਣਾ (ਨੀਲਮ ਸਾਹਨੀ)

ਆਸਾ ਸਿੰਘ ਮਸਤਾਨਾ ਦੀ ਆਵਾਜ਼ ਵਿੱਚ ਰਿਕਾਰਡ ਹੋਈ ਗੋਬਿੰਦਪੁਰੀ ਦੀ ਗ਼ਜ਼ਲ ਦਾ ਰਿਕਾਰਡ ਹਰ ਪੰਜਾਬੀ ਦੇ ਘਰ ਦੀ ਸ਼ੋਭਾ ਬਣਿਆ, ਜਿਸ ਦੇ ਬੋਲ ਸਨ:

ਜੇ ਜਵਾਨੀ ਦਾ ਮਜ਼ਾ ਜਾਂਦਾ ਰਿਹਾ
ਜ਼ਿੰਦਗਾਨੀ ਦਾ ਮਜ਼ਾ ਜਾਂਦਾ ਰਿਹਾ
ਛਾਪ ਤੂੰ ਦਿੱਤੀ ਉਹ ਵੀ ਨਿਕਲੀ ਗ਼ੈਰ ਦੀ
ਹਾਏ! ਨਿਸ਼ਾਨੀ ਦਾ ਮਜ਼ਾ ਜਾਂਦਾ ਰਿਹਾ

ਇਹ ਗੱਲ ਬਹੁਤ ਘੱਟ ਲੋਕ ਜਾਣਦੇ ਹਨ ਕਿ 26 ਨਵੰਬਰ 1964 ਨੂੰ ਪਾਕਿਸਤਾਨੀ ਟੈਲੀਵਿਜ਼ਨ ਦੇ ਉਦਘਾਟਨੀ ਸਮਾਰੋਹ ਉੱਤੇ ਪਾਕਿਸਤਾਨ ਦੇ ਪ੍ਰਸਿੱਧ ਗਾਇਕ ਤੁਫ਼ੈਲ ਨਿਆਜ਼ੀ ਨੇ 'ਗੋਬਿੰਦਪੁਰੀ' ਦਾ ਗੀਤ ਗਾਇਆ, ਜਿਸ ਦੇ ਬੋਲ ਸਨ:

ਲਾਈ ਬੇਕਦਰਾਂ ਨਾਲ ਯਾਰੀ
ਕਿ ਟੁੱਟਗੀ ਤੜੱਕ ਕਰਕੇ

ਫਿਰ ਇਸ ਗੀਤ ਨੇ ਚਾਰੇ ਪਾਸੇ ਬੱਲੇ-ਬੱਲੇ ਕਰਵਾ ਦਿੱਤੀ। ਉਸ ਤੋਂ ਬਾਅਦ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਹਰ ਇੱਕ ਕਲਾਕਾਰ ਨੇ ਇਸ ਗੀਤ ਨੂੰ ਗਾ ਕੇ ਵਾਹ ਵਾਹ ਖੱਟੀ। ਇਸ ਗੀਤ ਦੀ ਮੂਲ ਲਿਖਤ ਚਾਨਣ ਗੋਬਿੰਦਪੁਰੀ ਦੀ ਪੁਸਤਕ 'ਮਿੱਠੀਆਂ ਪੀੜਾਂ' ਵਿੱਚ ਦਰਜ ਹੈ। ਇਹ ਪੁਸਤਕ 1958 ਵਿੱਚ ਸ਼ਾਹਮੁਖੀ ਜ਼ੁਬਾਨ ਵਿੱਚ ਛਪੀ ਸੀ:

ਲਾਈ ਬੇਕਦਰਾਂ ਨਾਲ ਯਾਰੀ
ਕਿ ਟੁੱਟਗੀ ਤੜੱਕ ਕਰਕੇ
ਬਚਪਨ ਗਿਆ ਜਵਾਨੀ ਆਈ
ਖਿੜ ਗਈਆਂ ਗੁਲਜ਼ਾਰਾਂ
ਕਲੀਆਂ ਸੂਹੇ ਰੰਗ ਵਟਾਏ,
ਟਹਿਕੀਆਂ ਅਜਬ ਬਹਾਰਾਂ
ਜ਼ੁਲਫ਼ਾਂ ਸ਼ਾਮ ਘਟਾ ਚੜ੍ਹ ਆਈਆਂ,
ਅੱਖੀਆਂ ਤੇਜ਼ ਕਟਾਰਾਂ
ਜਿੱਧਰ ਜਾਵਣ ਕਤਲ ਕਰਾਵਣ,
ਹੁਸਨ ਦੀਆਂ ਸਰਕਾਰਾਂ
ਪੀਂਘ ਮਾਹੀ ਦੀ ਝੂਟਣ ਆਈਆਂ,
ਮਸਤ ਅੱਲੜ੍ਹ ਮੁਟਿਆਰਾਂ
ਵਾਰੋ ਵਾਰੀ ਪੀਂਘ ਝੁਟਾਵਨ,
ਨਖ਼ਰੇ ਕਰਨ ਹਜ਼ਾਰਾਂ
ਜਦੋਂ ਆਈ ਤੱਤੜੀ ਦੀ ਵਾਰੀ,
ਕਿ ਟੁੱਟਗੀ ਤੜੱਕ ਕਰਕੇ
ਜਿਸ ਦਮ ਸਈਓ ਮਸਤ ਜਵਾਨੀ
ਹੋਸ਼ੱਚ ਆਵਣ ਲੱਗੀ
ਅੱਗ ਪਰਾਈ ਅੰਦਰ ਆਪਣਾ,
ਆਪਾ ਤਾਵਣ ਲੱਗੀ
ਦਿਲ ਮੇਰੇ ਦੀ ਧੜਕਣ ਵੀ ਫਿਰ
ਰੰਗ ਵਟਾਵਣ ਲੱਗੀ
ਜਾਗੇ ਭਾਗ ਮਾਹੀ ਘਰ ਆਇਆ,
ਸ਼ਗਨ ਮਨਾਵਣ ਲੱਗੀ
ਭਰ ਕੇ ਪੈੱਗ ਦਿੱਤਾ ਦਿਲਬਰ ਨੇ,
ਖੁਸ਼ੀ ਮਨਾਵਣ ਲੱਗੀ
ਮਸਤੀ ਦੇ ਵਿੱਚ ਪ੍ਰੇਮ ਪਿਆਲੀ,
ਮੂੰਹ ਨੂੰ ਲਾਵਣ ਲੱਗੀ
ਬੁੱਲ੍ਹਾਂ ਨਾਲ ਲਾਈ ਜਾਂ ਇੱਕ ਵਾਰੀ,
ਕਿ ਟੁੱਟਗੀ ਤੜੱਕ ਕਰਕੇ
ਗੁਜ਼ਰੀ ਰਾਤ ਜੁਦਾਈਆਂ ਵਾਲੀ,
ਵਕਤ ਫ਼ਜਰ ਦਾ ਹੋਇਆ
ਅਚਨਚੇਤ ਜਾ ਮਾਹੀਆ ਸਾਡੇ,
ਵਿਹੜੇ ਆਣ ਖਲੋਇਆ
ਚੜ੍ਹਿਆ ਚੰਨ ਖੁਸ਼ੀ ਦਾ ਮੈਨੂੰ,
ਤੇਲ ਮੁੱਖਾਂ ਵਿੱਚ ਚੋਇਆ
ਉਸ ਦਿਨ ਮੇਰਾ ਨਸੀਬਾ ਮੈਥੋਂ,
ਲੱਖ ਲੱਖ ਸਦਕੇ ਹੋਇਆ
ਚੁਣ ਚੁਣ ਫੁੱਲ ਉਮੀਦਾਂ ਦੇ ਮੈਂ,
ਸੋਹਣਾ ਹਾਰ ਪਰੋਇਆ
'ਚਾਨਣ' ਚੁੱਕ ਕੇ ਹਾਰ ਜਦੋਂ ਮੈਂ,
ਨਾਲ ਗਲੇ ਦੇ ਛੋਹਿਆ
ਭੈੜੀ ਨਿਕਲੀ ਡੋਰ ਨਕਾਰੀ,
ਕਿ ਟੁੱਟਗੀ ਤੜੱਕ ਕਰਕੇ

'ਢਾਕੇ' ਦੀ ਜਨਮੀ ਅਤੇ ਪਾਕਿਸਤਾਨ ਰੇਡੀਓ ਅਤੇ ਟੈਲੀਵਿਜ਼ਨ ਦੀ ਬਹੁਤ ਮਕਬੂਲ ਗਾਇਕਾ ਟੀਨਾ ਸਾਨੀ ਦੀ ਆਵਾਜ਼ ਵਿੱਚਇੱਕ ਗੀਤ ਨੇ ਪੂਰੇ ਪਾਕਿਸਤਾਨ ਵਿੱਚ ਤਰਥੱਲੀ ਪਾਈ ਸੀ, ਜਿਸ ਦੇ ਬੋਲ ਹਨ:


ਦਿਲ ਦੀਆਂ ਗੱਲਾਂ
ਦਿਲਾਂ ਵਿੱਚ ਰਹਿ ਗਈਆਂ ਵੇ
ਨਾ ਤੂੰ ਸੁਣੀਆਂ, ਨਾ ਦੱਸੀਆਂ
ਅੱਖਾਂ ਛੱਮ ਛੱਮ ਵੱਸੀਆਂ

ਐੱਚਐੱਮਵੀ ਕੰਪਨੀ ਪਾਕਿਸਤਾਨ ਨੇ ਇਸ ਦਾ ਰਿਕਾਰਡ ਵੀ ਬਣਾਇਆ ਸੀ, ਜਿਸ ਉੱਤੇ ਚਾਨਣ ਗੋਬਿੰਦਪੁਰੀ ਦਾ ਨਾਮ ਦਰਜ ਹੈ, ਪਰ ਯੂ-ਟਿਊਬ ਉੱਤੇ ਗੀਤਕਾਰ ਦਾ ਨਾਮ ਮਨਫ਼ੀ ਹੈ। ਇਸ ਗੀਤ ਨਾਲ ਲਹਿੰਦੇ ਪੰਜਾਬ ਵਿੱਚ ਨਵੀਂ ਕਲਾਕਾਰਾ ਟੀਨਾ ਸਾਨੀ ਨੇ ਬੁਲੰਦੀਆਂ ਦੀਆਂ ਸਿਖ਼ਰਾਂ ਨੂੰ ਛੋਹਿਆ। ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਦੀ ਵਜ਼ਾਰਤ ਵੇਲੇ ਪੰਜਾਬ ਸਰਕਾਰ ਨੇ ਗੋਬਿੰਦਪੁਰੀ ਨੂੰ ਆਨਰੇਰੀ ਡਿਗਰੀ ਦਿੱਤੀ। ਤਤਕਾਲੀ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਵੀ ਗੋਬਿੰਦਪੁਰੀ ਦੀ ਕਲਮ ਦੇ ਮੁਰੀਦ ਸਨ। ਚਾਨਣ ਨੇ ਕਾਫ਼ੀ ਪੁਸਤਕਾਂ ਵੀ ਸਾਹਿਤ ਦੀ ਝੋਲੀ ਪਾਈਆਂ, ਜਿਨ੍ਹਾਂ ਵਿੱਚ ਪੰਜਾਬੀ ਗ਼ਜ਼ਲ, ਗ਼ਜ਼ਲ ਏਕ ਅਧਿਐਨ (ਹਿੰਦੀ), ਗ਼ਜ਼ਲ ਤੇ ਅਰੂਜ਼, ਸਾਡਾ ਲੋਕ ਵਿਰਸਾ, ਪੰਜਾਬੀ ਲੋਕ ਕਾਵਿ ਦੇ ਮੀਲ ਪੱਥਰ, ਗ਼ਜ਼ਲ ਦੀਪ, ਗੁਲਜ਼ਾਰ ਚਾਨਣ, ਗ਼ਜ਼ਲ ਦੀ ਮਹਿਕ ਅਤੇ ਮਿੱਠੀਆਂ ਪੀੜਾਂ ਸ਼ਾਮਲ ਹਨ। 'ਮਿੱਠੀਆਂ ਪੀੜਾਂ' ਗੀਤ ਸੰਗ੍ਰਹਿ ਵਿੱਚੋਂ ਬਹੁਤੇ ਗੀਤ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਅਤੇ ਆਪਣੇ ਸਮੇਂ ਦੇ ਪ੍ਰਸਿੱਧ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ। ਚਾਨਣ ਦੀ ਸਭ ਤੋਂ ਅਖੀਰਲੀ ਰਿਕਾਰਡਿੰਗ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਹੋਈ, ਜਿਸ ਦੇ ਬੋਲ ਸਨ :

ਜੋ ਤੇਰੇ ਗ਼ਮ ਨੂੰ ਵੀ ਹੱਸ ਕੇ ਸਹਾਰ ਲੈਂਦੇ ਨੇ
ਉਹ ਬਦਨਸੀਬ ਮੁਕੱਦਰ ਸਵਾਰ ਲੈਂਦੇ ਨੇ
ਦਿਲਾ ਭੋਲਿਆ ਤੂੰ ਸੱਜਣ ਤੇ ਡੁੱਲ੍ਹ ਜਾਵੀਂ ਨਾ
ਇਹ ਤੀਰ ਮਾਰ ਕੇ ਮੁੜ ਕੇ ਨਾ ਸਾਰ ਲੈਂਦੇ ਨੇ
ਗ਼ਮਾਂ ਦੇ ਮਾਰੇ ਵੀ ਹੰਝੂਆਂ ਦੇ ਬਾਲ ਕੇ ਦੀਵੇ
ਉਦਾਸ 'ਨੇਰ੍ਹੀਆਂ ਰਾਤਾਂ ਸਵਾਰ ਲੈਂਦੇ ਨੇ
ਜੁਦਾਈ ਪਲ ਦੀ ਵੀ ਉਮਰਾਂ ਦੇ ਵਾਂਗ ਲੱਗਦੀ
ਬਿਮਾਰ ਇਸ਼ਕ ਦੇ ਹੱਸ ਕੇ ਸਹਾਰ ਲੈਂਦੇ ਨੇ (ਸੁਰਿੰਦਰ ਕੌਰ)

ਪੰਜਾਬ ਦਾ ਇਹ ਪੁੱਤਰ 29 ਜਨਵਰੀ 2006 ਨੂੰ ਜ਼ਿੰਦਗੀ ਦੀਆਂ ਬਿਆਸੀ ਬਸੰਤਾਂ ਦੇਖ ਕੇ ਸਾਥੋਂ ਜੁਦਾ ਹੋ ਗਿਆ, ਪਰ ਜਦੋਂ ਪੰਜਾਬੀ ਸਾਹਿਤ ਵਿੱਚ ਪੰਜਾਬੀ ਗ਼ਜ਼ਲ ਦੀ ਗੱਲ ਤੁਰੇਗੀ ਤਾਂ 'ਚਾਨਣ ਗੋਬਿੰਦਪੁਰੀ' ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL
PATIO COVERS
RAILING & GATES
INSTALLATION, REPAIR & CLEANING
SERVING ALL LOWER
MAINLAND / ISLAND
SPECIALIST IN:
ALUMINUM PANELS AND
CLEAR GLASS OR LIGHT TINTED GLASS
WE INSTALLED PATIO COVERS AND
RAILING, GATES IN REASONABLE PRICE
QUALITY WORKMANSHIP,
BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com



# ਦੁਨੀਆਦਾਰੀ



# ਬ੍ਰਿਕਸ ਸੰਮੇਲਨ ਤੋਂ ਪਹਿਲਾਂ ਮੋਦੀ-ਪੂਤਿਨ ਦੀ ਅਹਿਮ ਮੁਲਾਕਾਤ, 2030 ਤੱਕ 100 ਅਰਬ ਡਾਲਰ ਦੇ ਵਪਾਰਕ ਟੀਚੇ 'ਤੇ ਚਰਚਾ

## ਭਾਰਤ-ਰੂਸ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ; ਸ਼ਨਿੱਚਰਵਾਰ ਨੂੰ ਸ਼ੀ ਜਿਨਪਿੰਗ ਨਾਲ ਮੁਲਾਕਾਤ ਰਹੇਗੀ ਖਿੱਚ ਦਾ ਕੇਂਦਰ

**ਨਵੀਂ ਦਿੱਲੀ** – ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ ਅੱਜ ਨਵੀਂ ਦਿੱਲੀ ਵਿੱਚ ਉੱਚ ਪੱਧਰੀ ਦੁਵੱਲੀ ਗੱਲਬਾਤ ਹੋਈ। ਭਾਰਤ ਮੰਡਪਮ ਵਿਖੇ ਹੋਈ ਇਸ ਅਹਿਮ ਬੈਠਕ ਦੌਰਾਨ ਸਾਲ 2030 ਤੱਕ 100 ਅਰਬ ਡਾਲਰ ਦੇ ਦੁਵੱਲੇ ਵਪਾਰਕ ਟੀਚੇ ਨੂੰ ਹਾਸਲ ਕਰਨ ਸਮੇਤ ਕਈ ਮਹੱਤਵਪੂਰਨ ਆਰਥਿਕ, ਉਦਯੋਗਿਕ ਅਤੇ ਰਣਨੀਤਕ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਇਹ ਮੁਲਾਕਾਤ 18ਵੇਂ ਬ੍ਰਿਕਸ ਸੰਮੇਲਨ ਤੋਂ ਠੀਕ ਇੱਕ ਦਿਨ ਪਹਿਲਾਂ ਹੋਈ ਹੈ। ਦੋਵਾਂ ਆਗੂਆਂ ਵਿਚਕਾਰ ਉਦਯੋਗਿਕ ਸਹਿਯੋਗ ਨੂੰ ਹੋਰ ਵਧਾਉਣ, ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਸਿਵਲ ਪ੍ਰਮਾਣੂ ਭਾਈਵਾਲੀ ਵਰਗੇ ਅਹਿਮ ਵਿਸ਼ਿਆਂ 'ਤੇ ਚਰਚਾ ਕੀਤੀ ਗਈ।

ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਰੂਸ-ਯੂਕਰੇਨ ਯੁੱਧ ਜਾਰੀ ਹੈ ਅਤੇ ਰੂਸ ਨਾਲ ਸਬੰਧਾਂ ਨੂੰ ਲੈ ਕੇ ਪੱਛਮੀ ਦੇਸ਼ਾਂ ਦਾ ਦਬਾਅ ਵੀ ਵਧ ਰਿਹਾ ਹੈ। ਇਸ ਦੇ ਬਾਵਜੂਦ ਭਾਰਤ ਮਾਸਕੋ ਨਾਲ ਆਪਣੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਰਣਨੀਤਕ ਸਾਂਝੇਦਾਰੀ ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ।

ਇਸ ਮੌਕੇ ਭਾਰਤੀ ਸੱਭਿਆਚਾਰਕ ਅਤੇ ਸਾਹਿਤਕ ਵਿਰਸੇ ਦੀ ਝਲਕ ਵੀ ਵੇਖਣ ਨੂੰ ਮਿਲੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਮਹਾਨ ਤਾਮਿਲ ਕਵੀ ਅਤੇ ਦਾਰਸ਼ਨਿਕ ਤਿਰੂਵੱਲੁਵਰ ਦੀ ਪ੍ਰਸਿੱਧ ਰਚਨਾ 'ਤਿਰੂਕੁਰਲ' ਦਾ ਰੂਸੀ ਭਾਸ਼ਾ ਵਿੱਚ ਅਨੁਵਾਦ ਤੋਹਫ਼ੇ ਵਜੋਂ ਭੇਟ ਕੀਤਾ।

1,330 ਦੋਹਿਆਂ ਵਿੱਚ ਰਚੀ ਗਈ 'ਤਿਰੂੱਕੁਰਲ'



ਨੈਤਿਕਤਾ, ਜੀਵਨ ਮੁੱਲਾਂ ਅਤੇ ਮਨੁੱਖੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਣ ਵਾਲੀ ਪ੍ਰਸਿੱਧ ਰਚਨਾ ਹੈ। ਇਸ ਤੋਹਫ਼ੇ ਨੂੰ ਭਾਰਤ ਅਤੇ ਰੂਸ ਵਿਚਕਾਰ ਸੱਭਿਆਚਾਰਕ ਸਾਂਝ ਨੂੰ ਦਰਸਾਉਣ ਵਾਲੇ ਇੱਕ ਵਿਸ਼ੇਸ਼ ਕਦਮ ਵਜੋਂ ਵੀ ਦੇਖਿਆ ਜਾ ਰਿਹਾ ਹੈ।

ਇਸ ਦੌਰਾਨ ਭਾਰਤ ਮੰਡਪਮ ਵਿਖੇ ਸ਼ਨਿੱਚਰਵਾਰ ਨੂੰ ਹੋਣ ਵਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮੁਲਾਕਾਤ 'ਤੇ ਵੀ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਸਾਲ 2020 ਦੀਆਂ ਸਰਹੱਦੀ ਘਟਨਾਵਾਂ ਤੋਂ ਬਾਅਦ ਸ਼ੀ ਜਿਨਪਿੰਗ ਦੀ ਇਹ ਪਹਿਲੀ ਭਾਰਤ ਫੇਰੀ ਦੱਸੀ ਜਾ ਰਹੀ ਹੈ ਅਤੇ ਇਸ ਨੂੰ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਘਟਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ।

ਬ੍ਰਿਕਸ ਸੰਮੇਲਨ ਵਿੱਚ 11 ਮੈਂਬਰ ਦੇਸ਼ਾਂ ਦੇ ਆਗੂ ਸ਼ਾਮਲ ਹੋਣਗੇ। ਇਨ੍ਹਾਂ ਵਿੱਚ ਬ੍ਰਾਜ਼ੀਲ, ਚੀਨ, ਮਿਸਰ, ਇਥੋਪੀਆ, ਇਰਾਨ, ਰੂਸ, ਸਾਊਦੀ ਅਰਬ, ਦੱਖਣੀ ਅਫ਼ਰੀਕਾ, ਸੰਯੁਕਤ ਅਰਬ ਅਮੀਰਾਤ, ਇੰਡੋਨੇਸ਼ੀਆ ਅਤੇ ਭਾਰਤ ਸ਼ਾਮਲ ਹਨ।

ਭਾਰਤ ਨੇ ਬ੍ਰਿਕਸ ਨੂੰ ਕਿਸੇ ਪੱਛਮੀ ਵਿਰੋਧੀ ਗਠਜੋੜ ਦੀ ਬਜਾਏ 'ਗਲੋਬਲ ਸਾਊਥ' ਦੀ ਇੱਕ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਆਵਾਜ਼ ਵਜੋਂ ਪੇਸ਼ ਕੀਤਾ ਹੈ। ਸੰਮੇਲਨ ਦੌਰਾਨ ਵਿਕਾਸਸ਼ੀਲ ਦੇਸ਼ਾਂ ਦੇ ਹਿੱਤਾਂ, ਆਰਥਿਕ ਸਹਿਯੋਗ ਅਤੇ ਵਿਸ਼ਵ ਪੱਧਰੀ ਚੁਣੌਤੀਆਂ 'ਤੇ ਵੀ ਚਰਚਾ ਹੋਣ ਦੀ ਉਮੀਦ ਹੈ।

ਤਿੰਨ ਦਿਨਾਂ ਤੱਕ ਚੱਲਣ ਵਾਲੇ ਇਸ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਈ ਵਿਸ਼ਵ ਆਗੂਆਂ ਨਾਲ ਦੁਵੱਲੀਆਂ ਮੀਟਿੰਗਾਂ ਵੀ ਕਰਨਗੇ। ਸ਼ਨਿੱਚਰਵਾਰ ਨੂੰ ਉਨ੍ਹਾਂ ਦੀ ਇਥੋਪੀਆ ਦੇ ਪ੍ਰਧਾਨ ਮੰਤਰੀ ਅਬੀ ਅਹਿਮਦ ਅਲੀ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ, ਅਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਸ਼ੇਖ ਖਾਲਿਦ ਅਤੇ ਵੀਅਤਨਾਮ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦਾ ਪ੍ਰੋਗਰਾਮ ਹੈ।

ਇਸੇ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਵੀ ਇਰਾਨ ਦੇ ਰਾਸ਼ਟਰਪਤੀ ਨਾਲ ਵੱਖਰੀ ਦੁਵੱਲੀ ਮੁਲਾਕਾਤ ਕੀਤੇ ਜਾਣ ਦੀ ਜਾਣਕਾਰੀ ਹੈ।

ਐਤਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਕਜ਼ਾਕਿਸਤਾਨ, ਫਿਲੀਪੀਨਜ਼, ਮਿਸਰ ਅਤੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀਆਂ ਨਾਲ ਮੁਲਾਕਾਤ ਕਰਨਗੇ। ਇਸ ਤੋਂ ਇਲਾਵਾ ਬੁਰੂੰਡੀ, ਨਾਈਜੀਰੀਆ ਅਤੇ ਯੂਗਾਂਡਾ ਦੇ ਉੱਚ ਆਗੂਆਂ ਨਾਲ ਵੀ ਦੁਵੱਲੀ ਗੱਲਬਾਤ ਕੀਤੀ ਜਾਵੇਗੀ।

ਵਿਸ਼ਵ ਆਗੂਆਂ ਨਾਲ ਹੋਣ ਵਾਲੀਆਂ ਇਹ ਲਗਾਤਾਰ ਮੀਟਿੰਗਾਂ ਭਾਰਤ ਦੀਆਂ ਆਰਥਿਕ, ਰਣਨੀਤਕ ਅਤੇ ਕੂਟਨੀਤਕ ਤਰਜੀਹਾਂ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਬ੍ਰਿਕਸ ਸੰਮੇਲਨ ਦੌਰਾਨ ਭਾਰਤ ਵੱਲੋਂ ਵਿਸ਼ਵ ਪੱਧਰ 'ਤੇ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਉਠਾਉਣ ਦੀ ਵੀ ਉਮੀਦ ਕੀਤੀ ਜਾ ਰਹੀ ਹੈ।

# US-Canada ਵਪਾਰ ਜੰਗ—ਡੇਅਰੀ, ਸ਼ਰਾਬ ਤੇ ਮੋਟਰਸਾਈਕਲਾਂ 'ਤੇ ਰੋਕ!



**ਵਾਸ਼ਿੰਗਟਨ** – ਅਮਰੀਕਾ ਨੇ ਕੈਨੇਡਾ ਤੋਂ ਆਉਣ ਵਾਲੇ ਡੇਅਰੀ ਉਤਪਾਦਾਂ, ਸ਼ਰਾਬ ਅਤੇ ਮੋਟਰਸਾਈਕਲਾਂ 'ਤੇ ਪਾਬੰਦੀ ਲਾ ਦਿੱਤੀ ਹੈ। ਦੋਵੇਂ ਮੁਲਕਾਂ ਵਿਚਾਲੇ ਵਪਾਰਕ ਜੰਗ ਵਧਣ ਮਗਰੋਂ ਵ੍ਹਾਈਟ ਹਾਊਸ ਨੇ ਵਸਤਾਂ 'ਤੇ ਪਾਬੰਦੀ ਲਾਉਣ ਦਾ ਐਲਾਨ ਕੀਤਾ। ਇਹ ਪਾਬੰਦੀ ਤਿੰਨ ਹਫ਼ਤਿਆਂ 'ਚ ਲਾਗੂ ਹੋਵੇਗੀ। ਕੈਨੇਡਾ ਵੱਲੋਂ ਅਮਰੀਕੀ ਵਸਤਾਂ 'ਤੇ 20 ਅਰਬ ਡਾਲਰ ਦੇ ਜਵਾਬੀ ਟੈਰਿਫ ਲਾਏ ਜਾਣ ਮਗਰੋਂ ਵਾਸ਼ਿੰਗਟਨ ਨੇ ਕਾਰਵਾਈ ਕੀਤੀ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਨੂੰ ਕੈਨੇਡੀਅਨ ਉਤਪਾਦਾਂ ਨੂੰ ਵੱਡੇ, ਲੰਮੇ ਸਮੇਂ ਦੇ ਅਮਰੀਕੀ ਸਰਕਾਰੀ ਠੇਕਿਆਂ ਤੋਂ ਬਾਹਰ ਰੱਖਣ ਦੀ ਕਾਰਵਾਈ ਕੀਤੀ ਕਿਉਂਕਿ ਕੈਨੇਡਾ ਦੇ ਜਵਾਬੀ ਟੈਰਿਫ ਲਾਗੂ ਹੋ ਗਏ ਸਨ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕਾ 'ਤੇ ਮੁਲਕ ਦੀ ਨਿਰਭਰਤਾ ਘਟਾਉਣ ਦਾ ਅਹਿਦ ਲਿਆ ਹੈ। ਟਰੰਪ ਨੇ ਅਮਰੀਕੀ ਜਨਰਲ ਸਰਵਿਸਿਜ਼ ਐਡਮਿਨਿਸਟ੍ਰੇਸ਼ਨ ਨੂੰ ਹੁਕਮ ਦਿੱਤੇ ਕਿ ਉਹ ਕੈਨੇਡੀਅਨ ਉਤਪਾਦਾਂ ਨੂੰ ਉਦੋਂ ਤੱਕ ਇਨ੍ਹਾਂ ਠੇਕਿਆਂ ਲਈ ਅਯੋਗ ਐਲਾਨੇ ਜਦੋਂ ਤੱਕ ਕੈਨੇਡਾ ਅਮਰੀਕੀ ਉਤਪਾਦਾਂ ਲਈ ਪੂਰੀ ਅਤੇ ਨਿਰਪੱਖ ਆਪਸੀ ਸਾਂਝ ਦੀ ਇਜਾਜ਼ਤ ਨਹੀਂ ਦਿੰਦਾ।

ਇਸ ਤੋਂ ਪਹਿਲਾਂ ਕਾਰਨੀ ਨੇ ਕਿਹਾ ਕਿ ਕੈਨੇਡਾ ਦੀ ਰਣਨੀਤੀ ਵਧੇਰੇ ਆਤਮ-ਨਿਰਭਰ ਬਣਨ ਬਾਰੇ ਹੈ। ਉਨ੍ਹਾਂ ਕਿਹਾ, ''ਇਹ ਇਸ ਗੱਲ ਨੂੰ ਯਕੀਨੀ ਬਣਾਉਣ ਬਾਰੇ ਹੈ ਕਿ ਕੋਈ ਵੀ ਮੁਲਕ ਕਿਸੇ ਨੂੰ ਬੰਧਕ ਬਣਾ ਕੇ ਨਾ ਰੱਖ ਸਕੇ ਅਤੇ ਅਸੀਂ ਉਸੇ ਤਰ੍ਹਾਂ ਰਹਿ ਸਕੀਏ ਜਿਵੇਂ ਅਸੀਂ ਰਹਿਣਾ ਚਾਹੁੰਦੇ ਹਾਂ।'' ਕੈਨੇਡਾ ਵੱਲੋਂ ਯੂਰੋਪੀਅਨ ਯੂਨੀਅਨ ਨਾਲ ਮੇਲ-ਜੋਲ ਵਧਾਇਆ ਜਾ ਰਿਹਾ ਹੈ ਤਾਂ ਕਿ ਉਸ ਨਾਲ ਕੋਈ ਵਪਾਰ ਸਮਝੌਤਾ ਕੀਤਾ ਜਾ ਸਕੇ। ਇੱਕ ਅਧਿਕਾਰੀ ਨੇ ਕਿਹਾ ਕਿ ਕੈਨੇਡਾ ਪਹਿਲਾਂ ਹੀ ਸੂਬਿਆਂ, ਖੇਤਰਾਂ ਅਤੇ ਮਜ਼ਦੂਰ ਗਰੁੱਪਾਂ ਨਾਲ ਸਲਾਹ-ਮਸ਼ਵਰਾ ਕਰ ਰਿਹਾ ਹੈ ਤਾਂ ਕਿ ਯੂਰੋਪੀਅਨ ਯੂਨੀਅਨ ਨਾਲ ਗੂੜ੍ਹੇ ਰਿਸ਼ਤੇ ਕਾਇਮ ਕਰਨ ਦੇ ਰਾਹ ਲੱਭੇ ਜਾ ਸਕਣ। ਉਂਜ ਕਾਰਨੀ ਅਗਲੇ ਹਫ਼ਤੇ ਫਰਾਂਸ ਦੇ ਦੌਰੇ 'ਤੇ ਜਾਣਗੇ ਜਿੱਥੇ ਉਹ ਯੂਰੋਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੋਨ ਡੇਰ ਲੇਅਨ ਵੱਲੋਂ 16 ਸਤੰਬਰ ਨੂੰ ਦਿੱਤੇ ਜਾਣ ਵਾਲੇ ਭਾਸ਼ਣ 'ਚ ਸ਼ਾਮਲ ਹੋਣਗੇ ਅਤੇ ਅਗਲੇ ਦਿਨ ਉਹ ਯੂਰੋਪੀਅਨ ਸੰਸਦ ਨੂੰ ਸੰਬੋਧਨ ਕਰਨਗੇ। ਅਮਰੀਕਾ ਅਤੇ ਕੈਨੇਡਾ ਦੇ ਵਪਾਰਕ ਮਤਭੇਦਾਂ ਕਾਰਨ ਦੁਨੀਆ ਦੇ ਸਭ ਤੋਂ ਨਜ਼ਦੀਕੀ ਮੁਲਕਾਂ 'ਚ ਤਰੇੜ ਪੈ ਗਈ ਹੈ। ਦੋਵੇਂ ਮੁਲਕਾਂ ਦੇ ਅਰਥਚਾਰੇ ਇੱਕ-ਦੂਜੇ ਨਾਲ ਬਹੁਤ ਜ਼ਿਆਦਾ ਜੁੜੇ ਹੋਏ ਹਨ।

# ਟੈਰਿਫ਼ ਟਕਰਾਅ—ਕੈਨੇਡਾ 'ਚ ਮਹਿੰਗਾਈ ਦੀ ਚੋਟ

## ਅਮਰੀਕੀ ਵਸਤਾਂ 'ਤੇ 50 ਫ਼ੀਸਦੀ ਤੱਕ ਜਵਾਬੀ ਡਿਊਟੀ; ਖਾਣ-ਪੀਣ, ਘਰੇਲੂ ਸਾਮਾਨ ਅਤੇ ਉਦਯੋਗਿਕ ਲਾਗਤਾਂ ਵਧਣ ਦਾ ਖ਼ਦਸ਼ਾ



ਅਮਰੀਕਾ ਵੱਲੋਂ ਕੈਨੇਡੀਅਨ ਵਸਤਾਂ 'ਤੇ ਟੈਰਿਫ਼ ਲਾਏ ਜਾਣ ਦੇ ਜਵਾਬ ਵਿੱਚ ਕੈਨੇਡਾ ਨੇ ਵੀ ਅਮਰੀਕੀ ਵਸਤਾਂ 'ਤੇ ਜਵਾਬੀ ਟੈਰਿਫ਼ ਲਾਗੂ ਕਰ ਦਿੱਤੇ ਹਨ। ਹਾਲਾਂਕਿ ਇਸ ਵਪਾਰਕ ਟਕਰਾਅ ਦਾ ਨਿਸ਼ਾਨਾ ਅਮਰੀਕੀ ਕਾਰੋਬਾਰ ਹਨ, ਪਰ ਇਸ ਦੀ ਕੀਮਤ ਆਖ਼ਰਕਾਰ ਕੈਨੇਡੀਅਨ ਖਪਤਕਾਰਾਂ ਨੂੰ ਵੀ ਚੁਕਾਉਣੀ ਪੈ ਸਕਦੀ ਹੈ। ਨਵੇਂ ਟੈਰਿਫ਼ਾਂ ਦੇ ਘੇਰੇ ਵਿੱਚ ਕਰੀਬ 28 ਅਰਬ ਡਾਲਰ ਦੀਆਂ ਅਮਰੀਕੀ ਵਸਤਾਂ ਆਈਆਂ ਹਨ ਅਤੇ ਕਈ ਉਤਪਾਦਾਂ 'ਤੇ ਡਿਊਟੀ 50 ਫ਼ੀਸਦੀ ਤੱਕ ਹੈ।

ਅਰਥਸ਼ਾਸਤਰੀਆਂ ਮੁਤਾਬਕ ਦਰਾਮਦ ਮਹਿੰਗੀ ਹੋਣ ਨਾਲ ਕਾਰੋਬਾਰਾਂ ਦੀਆਂ ਲਾਗਤਾਂ ਵਧਣਗੀਆਂ। ਕੰਪਨੀਆਂ ਇਹ ਵਾਧੂ ਖ਼ਰਚ ਕੀਮਤਾਂ ਵਧਾ ਕੇ ਖਪਤਕਾਰਾਂ 'ਤੇ ਪਾ ਸਕਦੀਆਂ ਹਨ। ਟੋਰਾਂਟੋ ਯੂਨੀਵਰਸਿਟੀ ਦੇ ਅਰਥਸ਼ਾਸਤਰ ਦੇ ਪ੍ਰੋਫੈਸਰ ਜੋਸਫ ਸਟੇਨਬਰਗ ਦਾ ਕਹਿਣਾ ਹੈ ਕਿ ਵਧਦੀਆਂ ਕਾਰੋਬਾਰੀ ਲਾਗਤਾਂ ਦਾ ਅਸਰ ਆਖ਼ਰਕਾਰ ਕੈਨੇਡਾ ਵਿੱਚ ਬਣਨ ਵਾਲੀਆਂ ਵਸਤਾਂ ਦੀਆਂ ਕੀਮਤਾਂ 'ਤੇ ਵੀ ਪੈ ਸਕਦਾ ਹੈ।

ਸਭ ਤੋਂ ਪਹਿਲਾਂ ਅਸਰ ਖਾਣ-ਪੀਣ ਦੀਆਂ ਵਸਤਾਂ 'ਤੇ ਪੈਣ ਦੀ ਸੰਭਾਵਨਾ ਹੈ। ਡੇਅਰੀ ਉਤਪਾਦਾਂ ਅਤੇ ਖੇਤੀਬਾੜੀ ਨਾਲ ਸਬੰਧਿਤ ਕੁਝ ਵਸਤਾਂ ਪਹਿਲਾਂ ਹੀ ਦੋਵਾਂ ਦੇਸ਼ਾਂ ਦੀਆਂ ਟੈਰਿਫ਼ ਸੂਚੀਆਂ ਵਿੱਚ ਸ਼ਾਮਲ ਹਨ। ਵਪਾਰ ਮਾਹਿਰ ਜੌਨ ਬੋਸਕਾਰੀਓਲ ਮੁਤਾਬਕ ਖਾਣ-ਪੀਣ ਦੀਆਂ ਵਸਤਾਂ ਤਿਆਰ ਕਰਨ ਲਈ ਵਰਤੀ ਜਾਣ ਵਾਲੀ ਸਮੱਗਰੀ ਮਹਿੰਗੀ ਹੋਣ ਨਾਲ ਇਸ ਖੇਤਰ ਵਿੱਚ ਕੀਮਤਾਂ ਵਧਣ ਦਾ ਦਬਾਅ ਹੋਰ ਵਧ ਸਕਦਾ ਹੈ।

ਇਸ ਤੋਂ ਇਲਾਵਾ ਅਮਰੀਕੀ ਸਮੁੰਦਰੀ ਖ਼ੁਰਾਕ, ਲੱਕੜ ਦਾ ਫਰਨੀਚਰ, ਸੁੰਦਰਤਾ ਉਤਪਾਦ, ਪਰਫਿਊਮ, ਸਨਸਕਰੀਨ, ਕੱਪੜੇ ਅਤੇ ਟੈਕਸਟਾਈਲ ਵੀ ਜਵਾਬੀ ਟੈਰਿਫ਼ਾਂ ਦੀ ਲਪੇਟ ਵਿੱਚ ਹਨ। ਘਰੇਲੂ ਉਪਕਰਨਾਂ ਦੀਆਂ ਕੀਮਤਾਂ ਵੀ ਅਗਲੇ ਦੌਰ ਵਿੱਚ ਵਧਣ ਦਾ ਖ਼ਦਸ਼ਾ ਹੈ।

ਪਰ ਟੈਰਿਫ਼ਾਂ ਦਾ ਸਭ ਤੋਂ ਡੂੰਘਾ ਅਸਰ ਉਨ੍ਹਾਂ ਵਸਤਾਂ ਰਾਹੀਂ ਪੈ ਸਕਦਾ ਹੈ ਜੋ ਆਮ ਖਪਤਕਾਰ ਸਿੱਧੇ ਤੌਰ 'ਤੇ ਨਹੀਂ ਖ਼ਰੀਦਦਾ। ਮਸ਼ੀਨਰੀ, ਫੋਰਕਲਿਫ਼ਟ, ਕਰੇਨ, ਰੇਲਵੇ ਦੇ ਪੁਰਜ਼ੇ, ਪੰਪ, ਕੰਪ੍ਰੈਸਰ ਅਤੇ ਹੋਰ ਉਦਯੋਗਿਕ ਸਾਮਾਨ 'ਤੇ ਲੱਗਣ ਵਾਲੀ ਡਿਊਟੀ ਕੈਨੇਡੀਅਨ ਨਿਰਮਾਣ ਅਤੇ ਖੇਤੀਬਾੜੀ ਕਾਰੋਬਾਰਾਂ ਦੀਆਂ ਲਾਗਤਾਂ ਵਧਾ ਸਕਦੀ ਹੈ। ਸਟੀਲ, ਐਲੂਮੀਨੀਅਮ ਅਤੇ ਤਾਂਬੇ ਦੇ ਕਈ ਉਤਪਾਦਾਂ 'ਤੇ ਜਵਾਬੀ ਟੈਰਿਫ਼ 50 ਫ਼ੀਸਦੀ ਤੱਕ ਪਹੁੰਚ ਗਿਆ ਹੈ। ਇਸ ਸਥਿਤੀ ਨਾਲ 'ਕੈਨੇਡੀਅਨ ਖ਼ਰੀਦੋ' ਮੁਹਿੰਮ ਲਈ ਵੀ ਨਵੀਂ ਚੁਣੌਤੀ ਖੜ੍ਹੀ ਹੋ ਸਕਦੀ ਹੈ। ਜੇ ਦੇਸ਼ ਅੰਦਰ ਬਣੀਆਂ ਵਸਤਾਂ ਦੀ ਉਤਪਾਦਨ ਲਾਗਤ ਵਧਦੀ ਹੈ ਤਾਂ ਉਨ੍ਹਾਂ ਦੀਆਂ ਕੀਮਤਾਂ ਵੀ ਵਧਣਗੀਆਂ। ਅਜਿਹੇ ਹਾਲਾਤ ਵਿੱਚ ਖਪਤਕਾਰਾਂ ਲਈ ਦੇਸੀ ਉਤਪਾਦ ਖ਼ਰੀਦਣਾ ਵੀ ਮਹਿੰਗਾ ਪੈ ਸਕਦਾ ਹੈ। ਫਿਰ ਵੀ ਕੈਨੇਡੀਅਨ ਸਰਕਾਰ ਦੀ ਮੌਜੂਦਾ ਵਪਾਰਕ ਰਣਨੀਤੀ ਨੂੰ ਲੋਕਾਂ ਦਾ ਕਾਫ਼ੀ ਸਮਰਥਨ ਮਿਲ ਰਿਹਾ ਹੈ। ਐਂਗਸ ਰੀਡ ਇੰਸਟੀਚਿਊਟ ਦੇ ਇੱਕ ਸਰਵੇਖਣ ਮੁਤਾਬਕ 60 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਘਰੇਲੂ ਖ਼ਰਚਿਆਂ ਵਿੱਚ 10 ਤੋਂ 20 ਫ਼ੀਸਦੀ ਵਾਧਾ ਸਹਿਣ ਦੇ ਬਾਵਜੂਦ ਸਰਕਾਰ ਦੀ ਮੌਜੂਦਾ ਰਣਨੀਤੀ ਦਾ ਸਮਰਥਨ ਕਰਨ ਲਈ ਤਿਆਰ ਹਨ।

ਹਾਲਾਂਕਿ ਵਪਾਰ ਜੰਗ ਜਿੰਨੀ ਲੰਮੀ ਚੱਲੇਗੀ, ਇਸ ਦੀ ਆਰਥਿਕ ਕੀਮਤ ਵੀ ਓਨੀ ਹੀ ਵਧਣ ਦੀ ਸੰਭਾਵਨਾ ਹੈ। ਮਾਹਿਰਾਂ ਮੁਤਾਬਕ ਦੋਵਾਂ ਦੇਸ਼ਾਂ ਦੇ ਖਪਤਕਾਰਾਂ, ਉਤਪਾਦਕਾਂ ਅਤੇ ਕਾਰੋਬਾਰਾਂ ਦੇ ਹਿਤ ਵਿੱਚ ਇਹੀ ਹੈ ਕਿ ਟੈਰਿਫ਼ਾਂ ਦੀ ਲੜੀ ਨੂੰ ਲੰਮਾ ਖਿੱਚਣ ਦੀ ਬਜਾਏ ਗੱਲਬਾਤ ਦੀ ਮੇਜ਼ 'ਤੇ ਵਾਪਸ ਆ ਕੇ ਕੋਈ ਵਪਾਰਕ ਸਮਝੌਤਾ ਕੀਤਾ ਜਾਵੇ।

# ਮੱਧਕਾਲੀ ਸਰਵੇਖਣ: ਭਾਰਤੀ-ਅਮਰੀਕੀ ਵੋਟਰ ਡੈਮੋਕ੍ਰੈਟਿਕ ਪੱਖ 'ਚ!



ਅਮਰੀਕਾ 'ਚ ਹੋਣ ਵਾਲੀਆਂ ਮੱਧਕਾਲੀ ਚੋਣਾਂ ਬਾਰੇ ਕੌਮੀ ਸਰਵੇਖਣ 'ਚ ਦਾਅਵਾ ਕੀਤਾ ਗਿਆ ਹੈ ਕਿ ਸਿਆਸੀ ਪੱਧਰ 'ਤੇ ਸਰਗਰਮ ਨਾ ਹੋਣ ਦੇ ਬਾਵਜੂਦ ਭਾਰਤੀ-ਅਮਰੀਕੀ ਵੋਟਰ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰਾਂ ਵੱਲ ਜ਼ਿਆਦਾ ਝੁਕਾਅ ਰੱਖ ਰਹੇ ਹਨ। ਏਸ਼ੀਅਨ ਐਂਡ ਪੈਸਿਫਿਕ ਆਈਲੈਂਡਰ ਅਮਰੀਕਨ ਵੋਟ ਵੱਲੋਂ ਕਰਵਾਏ ਸਰਵੇਖਣ ਅਨੁਸਾਰ 3 ਨਵੰਬਰ ਨੂੰ ਹੋਣ ਵਾਲੀਆਂ ਇਨ੍ਹਾਂ ਚੋਣਾਂ 'ਚ ਏਸ਼ੀਅਨ ਅਮਰੀਕਨ ਅਤੇ ਪੈਸਿਫਿਕ ਆਈਲੈਂਡਰ ਭਾਈਚਾਰਿਆਂ ਦੇ 90 ਫ਼ੀਸਦੀ ਤੋਂ ਵੱਧ ਰਜਿਸਟਰਡ ਵੋਟਰਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਇੱਛਾ ਜਤਾਈ ਹੈ। ਲਗਪਗ 42 ਫ਼ੀਸਦੀ ਵੋਟਰਾਂ ਨੇ ਕਿਹਾ ਕਿ ਉਨ੍ਹਾਂ ਨਾਲ ਡੈਮੋਕਰੈਟਿਕ ਪਾਰਟੀ ਨੇ ਸੰਪਰਕ ਨਹੀਂ ਕੀਤਾ ਜਦੋਂ ਕਿ 58 ਫ਼ੀਸਦੀ ਨੇ ਰਿਪਬਲਿਕਨ ਪਾਰਟੀ ਵੱਲੋਂ ਪਹੁੰਚ ਨਾ ਕੀਤੇ ਜਾਣ ਦੀ ਗੱਲ ਆਖੀ।

ਇਸ ਦੇ ਬਾਵਜੂਦ 66 ਫ਼ੀਸਦੀ ਭਾਰਤੀ-ਅਮਰੀਕੀ ਵੋਟਰਾਂ ਨੇ ਕਾਂਗਰਸ ਅਤੇ ਸੈਨੇਟ ਚੋਣਾਂ 'ਚ ਡੈਮੋਕਰੈਟਿਕ ਉਮੀਦਵਾਰਾਂ ਨੂੰ ਵੋਟ ਪਾਉਣ ਦਾ ਇਰਾਦਾ ਪ੍ਰਗਟਾਇਆ ਹੈ। ਦੂਜੇ ਪਾਸੇ ਕਾਂਗਰਸ ਚੋਣਾਂ 'ਚ 18 ਫ਼ੀਸਦੀ ਅਤੇ ਸੈਨੇਟ 'ਚ 22 ਫ਼ੀਸਦੀ ਭਾਰਤੀ-ਅਮਰੀਕੀਆਂ ਨੇ ਰਿਪਬਲਿਕਨ ਉਮੀਦਵਾਰਾਂ ਦੀ ਹਮਾਇਤ ਕੀਤੀ ਹੈ। ਹਾਲਾਂਕਿ 66 ਫ਼ੀਸਦੀ ਵੋਟਰਾਂ ਨੇ ਮੰਨਿਆ ਕਿ ਉਹ ਸਿਆਸਤ ਬਾਰੇ ਸੋਚ ਕੇ ਅਕੇਵਾਂ ਮਹਿਸੂਸ ਕਰਦੇ ਹਨ। ਮਹਿੰਗਾਈ ਅਤੇ ਰੋਜ਼ੀ-ਰੋਟੀ ਕਮਾਉਣ ਦੀ ਲਾਗਤ ਇਸ ਸਮੇਂ ਏਸ਼ੀਅਨ-ਅਮਰੀਕੀ ਵੋਟਰਾਂ ਲਈ ਸਭ ਤੋਂ ਵੱਡਾ ਮੁੱਦਾ ਹੈ ਜਿਸ ਨੂੰ 90 ਫ਼ੀਸਦੀ ਲੋਕਾਂ ਨੇ ਬਹੁਤ ਅਹਿਮ ਦੱਸਿਆ ਹੈ। ਇਸ ਤੋਂ ਇਲਾਵਾ ਸਿਹਤ ਸੰਭਾਲ, ਰੁਜ਼ਗਾਰ ਅਤੇ ਸਿੱਖਿਆ ਵੀ ਮੁੱਖ ਮੁੱਦਿਆਂ 'ਚ ਸ਼ਾਮਲ ਹਨ।

# RSS ਮੁਖੀ Mohan Bhagwat ਦੀ ਲੰਡਨ ਗੁਰਦੁਆਰਾ ਫੇਰੀ

# ਵਿਰੋਧ ਦੇ ਵਿਚਕਾਰ ਸਮਰਥਨ 'ਚ ਆਈਆਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ

ਵਿਕਰਮਜੀਤ ਸਾਹਨੀ ਅਤੇ ਪੀਟਰ ਵਿਰਦੀ ਨੇ ਵਿਰੋਧ ਪ੍ਰਦਰਸ਼ਨਾਂ ਦੀ ਕੀਤੀ ਨਿਖੇਧੀ ਕੌਮੀ ਸੋਇਮਸੇਵਕ ਸੇਵਕ ਸੰਘ (ਸ਼ਸ਼) ਦੇ 100 ਸਾਲਾ ਸਥਾਪਨਾ ਵਰ੍ਹੇ ਦੇ ਕੌਮਾਂਤਰੀ ਪ੍ਰਚਾਰ ਦੌਰੇ ਦੌਰਾਨ ਲੰਡਨ ਦੇ ਇਤਿਹਾਸਕ 'ਖਾਲਸਾ ਜਥਾ ਬ੍ਰਿਟਿਸ਼ ਆਈਲਜ਼ ਗੁਰਦੁਆਰਾ' ਵਿਖੇ ਸੰਘ ਮੁਖੀ ਡਾ. ਮੋਹਨ ਭਾਗਵਤ ਦੀ ਫੇਰੀ ਨੂੰ ਲੈ ਕੇ ਜਿੱਥੇ ਵਿਦੇਸ਼ੀ ਸਿੱਖ ਜਥੇਬੰਦੀਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ, ਉੱਥੇ ਹੀ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਇਸ ਦੇ ਸਮਰਥਨ ਵਿੱਚ ਆ ਗਈਆਂ ਹਨ। ਉਦਯੋਗਪਤੀ ਅਤੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਅਤੇ ਬ੍ਰਿਟਿਸ਼-ਭਾਰਤੀ ਕਾਰੋਬਾਰੀ ਤੇ ਸਮਾਜ ਸੇਵੀ ਪ੍ਰੋ. ਪੀਟਰ ਵਿਰਦੀ (ਹਰਦੀਪ ਸਿੰਘ ਵਿਰਦੀ) ਨੇ ਇਸ ਫੇਰੀ ਦਾ ਬਚਾਅ ਕੀਤਾ ਹੈ।


ਜ਼ਿਕਰਯੋਗ ਹੈ ਕਿ ਸਿੱਖ ਫੈਡਰੇਸ਼ਨ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਰਗੇ ਵਿਦੇਸ਼ੀ ਸਮੂਹਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਖ਼ਤ ਨਿੰਦਾ ਕੀਤੀ ਸੀ। ਇਸ ਤੋਂ ਇਲਾਵਾ 'ਸਾਊਥ ਏਸ਼ੀਅਨ ਸੋਲੀਡੈਰਿਟੀ ਗਰੁੱਪ' ਵੱਲੋਂ ਲੰਡਨ ਦੇ ਪਾਰਲੀਮੈਂਟ ਸਕੇਅਰ ਵਿਖੇ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਆਨੰਦ ਨੇ ਸਪੱਸ਼ਟ ਕੀਤਾ ਸੀ ਕਿ ਮੋਹਨ ਭਾਗਵਤ ਕੇਵਲ ਸ੍ਰੀ ਗੁਰੂ ਗ੍ਰੰਥ



ਸਾਹਿਬ ਜੀ ਅੱਗੇ ਨਤਮਸਤਕ ਹੋਣ ਲਈ ਇੱਕ ਸ਼ਰਧਾਲੂ ਵਜੋਂ ਆਏ ਸਨ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਐਕਸ 'ਤੇ ਇੱਕ ਪੋਸਟ ਪਾ ਕੇ ਇਸ ਵਿਰੋਧ ਪ੍ਰਦਰਸ਼ਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਆਰ.ਐੱਸ.ਐੱਸ. ਮੁਖੀ ਇੱਕ ਸ਼ਰਧਾਲੂ ਵਜੋਂ ਆਏ ਸਨ ਅਤੇ ਉਨ੍ਹਾਂ ਨੇ ਰੁਮਾਲਾ ਸਾਹਿਬ ਭੇਟ ਕੀਤਾ। ਸਾਹਨੀ ਨੇ ਲਿਖਿਆ, "ਸਾਡੇ ਗੁਰੂਆਂ ਨੇ 'ਸਰਬੱਤ ਦੇ ਭਲੇ' ਦਾ ਸੰਦੇਸ਼ ਦਿੱਤਾ ਹੈ ਅਤੇ ਗੁਰੂ ਦੇ ਦਰਬਾਰ 'ਚ ਸ਼ਰਧਾ ਨਾਲ ਆਉਣ ਵਾਲੇ ਹਰ ਇਨਸਾਨ ਦਾ ਸਵਾਗਤ ਕੀਤਾ ਜਾਂਦਾ ਹੈ। ਜੇਕਰ ਕੋਈ ਮਤਭੇਦ ਹਨ ਵੀ, ਤਾਂ ਉਨ੍ਹਾਂ ਦਾ ਹੱਲ ਗੱਲਬਾਤ ਨਾਲ ਹੋਣਾ ਚਾਹੀਦਾ ਹੈ, ਹੰਗਾਮੇ ਨਾਲ ਨਹੀਂ।" ਉਨ੍ਹਾਂ ਉਦਾਹਰਨ ਦਿੰਦਿਆਂ ਕਿਹਾ ਕਿ ਜਦੋਂ ਰਾਹੁਲ ਗਾਂਧੀ 1984 ਦੇ ਦੁਖਾਂਤ ਦੇ ਇਤਿਹਾਸ ਦੇ ਬਾਵਜੂਦ ਸ੍ਰੀ ਦਰਬਾਰ ਸਾਹਿਬ ਆਏ ਸਨ, ਤਾਂ ਉਨ੍ਹਾਂ ਨੂੰ ਵੀ ਸ਼ਰਧਾਲੂ ਵਜੋਂ ਮੱਥਾ ਟੇਕਣ ਅਤੇ ਸੇਵਾ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਦੂਜੇ ਪਾਸੇ, ਪੀਟਰ ਵਿਰਦੀ ਨੇ ਵੀ ਐਕਸ 'ਤੇ ਲਿਖਿਆ, "ਗੁਰੂ ਦਾ ਦਰ ਸਭ ਲਈ ਖੁੱਲ੍ਹਾ ਹੈ; ਕਿਸੇ ਵੀ ਇੰਸਟਾਗ੍ਰਾਮ ਪੇਜ ਕੋਲ ਇਸ ਨੂੰ ਬੰਦ ਕਰਨ ਦਾ ਅਧਿਕਾਰ ਨਹੀਂ ਹੈ।" ਉਨ੍ਹਾਂ ਅੱਗੇ ਕਿਹਾ ਕਿ ਮੋਹਨ ਭਾਗਵਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਨਿਵਾਉਣ ਆਏ ਸਨ। ਮਹਿਮਾਨਨਵਾਜ਼ੀ ਦਾ ਮਤਲਬ ਕਿਸੇ ਦੀਆਂ ਨੀਤੀਆਂ ਦਾ ਸਮਰਥਨ ਕਰਨਾ ਨਹੀਂ ਹੁੰਦਾ ਅਤੇ ਨਾ ਹੀ ਗੱਲਬਾਤ ਕਰਨ ਦਾ ਮਤਲਬ ਆਤਮ-ਸਮਰਪਣ ਹੈ।

ਵਿਰਦੀ ਨੇ ਅਖੌਤੀ ਜਥੇਬੰਦੀਆਂ 'ਤੇ ਨਿਸ਼ਾਨੇ ਸੇਧਦਿਆਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਪੇਜ ਬਣਾ ਕੇ 'ਸਿੱਖ ਪੁਲੀਸ' ਬਣਨ ਵਾਲਿਆਂ ਕੋਲ ਸਿੱਖੀ, ਸੰਗਤ ਜਾਂ ਗੁਰੂ ਘਰ 'ਤੇ ਆਪਣਾ ਹੁਕਮ ਚਲਾਉਣ ਦਾ ਕੋਈ ਅਧਿਕਾਰ ਨਹੀਂ ਹੈ। ਗਾਲੀ-ਗਲੋਚ ਅਤੇ ਨਿੱਜੀ ਹਮਲੇ ਗੁਰੂਆਂ ਦੀਆਂ ਸਿੱਖਿਆਵਾਂ ਦੇ ਉਲਟ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਮਾਨਤਾ ਪ੍ਰਾਪਤ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਨਾਲ ਸਤਿਕਾਰਯੋਗ ਗੱਲਬਾਤ ਲਈ ਹਮੇਸ਼ਾ ਤਿਆਰ ਹਨ, ਪਰ ਕਿਸੇ ਅਣਪਛਾਤੇ ਸੋਸ਼ਲ ਮੀਡੀਆ ਖਾਤਿਆਂ ਵੱਲੋਂ ਬਣਾਏ ਝੂਠੇ ਵਿਵਾਦਾਂ ਅੱਗੇ ਝੁਕਣਗੇ ਨਹੀਂ।

# ਬ੍ਰਿਕਸ ਸਿਖ਼ਰ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਭਾਰਤ ਆਉਣਗੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ



**ਨਵੀਂ ਦਿੱਲੀ**– ਚੀਨ ਦੀ ਸਰਕਾਰੀ ਮੀਡੀਆ ਨੇ ਦਿੱਤੀ ਜਾਣਕਾਰੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਬ੍ਰਿਕਸ ਸਿਖ਼ਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਭਾਰਤ ਦਾ ਦੌਰਾ ਕਰਨਗੇ। ਚੀਨ ਦੀ ਸਰਕਾਰੀ ਮੀਡੀਆ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ।

ਸ਼ੀ ਜਿਨਪਿੰਗ ਦੀ ਇਹ ਯਾਤਰਾ ਦੋਵਾਂ ਏਸ਼ੀਆਈ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਸਥਿਰ ਕਰਨ ਦੇ ਜਾਰੀ ਯਤਨਾਂ ਅਤੇ ਆਲਮੀ ਪੱਧਰ 'ਤੇ ਉਥਲ-ਪੁਥਲ ਦੀ ਸਥਿਤੀ, ਖਾਸ ਕਰਕੇ ਪੱਛਮੀ ਏਸ਼ੀਆ ਸੰਘਰਸ਼ ਅਤੇ ਰੂਸ-ਯੂਕ੍ਰੇਨ ਯੁੱਧ ਦੇ ਵਿਚਕਾਰ ਬ੍ਰਿਕਸ ਸਹਿਯੋਗ ਲਈ ਮਹੱਤਵਪੂਰਨ ਕੂਟਨੀਤਕ ਘਟਨਾਕ੍ਰਮ ਮੰਨੀ ਜਾ ਰਹੀ ਹੈ।

ਸਰਕਾਰੀ ਸਮਾਚਾਰ ਏਜੰਸੀ ਸ਼ਿਨਹੁਆ ਨੇ ਦੱਸਿਆ ਕਿ ਰਾਸ਼ਟਰਪਤੀ ਸ਼ੀ ਬ੍ਰਿਕਸ ਸਿਖ਼ਰ ਸੰਮੇਲਨ ਵਿੱਚ ਭਾਗ ਲੈਣ ਲਈ ਭਾਰਤ ਜਾਣਗੇ। ਭਾਵਸ਼ਾਲੀ ਸਮੂਹ ਬ੍ਰਿਕਸ ਦੇ ਮੌਜੂਦਾ ਚੇਅਰਮੈਨ ਭਾਰਤ ਦੀ ਮੇਜ਼ਬਾਨੀ ਵਿੱਚ 18ਵਾਂ ਬ੍ਰਿਕਸ ਸਿਖ਼ਰ ਸੰਮੇਲਨ 12 ਅਤੇ 13 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਹੋਵੇਗਾ।

ਸ਼ੀ ਦੀ ਇਹ ਯਾਤਰਾ ਲਗਪਗ ਸੱਤ ਸਾਲਾਂ ਬਾਅਦ ਭਾਰਤ ਦੀ ਪਹਿਲੀ ਯਾਤਰਾ ਹੋਵੇਗੀ।

ਇਸ ਤੋਂ ਪਹਿਲਾਂ 2019 ਵਿੱਚ ਸ਼ੀ ਨੇ ਚੇਨਈ ਕੋਲ ਮਾਮੱਲਪੁਰਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਗ਼ੈਰ-ਰਸਮੀ ਸਿਖ਼ਰ ਬੈਠਕ ਲਈ ਭਾਰਤ ਦਾ ਦੌਰਾ ਕੀਤਾ ਸੀ।

ਇਸ ਤੋਂ ਪਹਿਲਾਂ ਉਹ 2016 ਵਿੱਚ ਗੋਆ 'ਚ ਆਯੋਜਿਤ ਬ੍ਰਿਕਸ ਸਿਖ਼ਰ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਭਾਰਤ ਆਏ ਸਨ। ਉਨ੍ਹਾਂ ਨੇ ਸਤੰਬਰ 2014 ਵਿੱਚ ਪਹਿਲੀ ਵਾਰ ਭਾਰਤ ਦੀ ਯਾਤਰਾ ਕੀਤੀ ਸੀ, ਉਦੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਵਿਆਪਕ ਗੱਲਬਾਤ ਕੀਤੀ ਸੀ। ਇਹ ਯਾਤਰਾ ਦੋਵਾਂ ਨੇਤਾਵਾਂ ਦੇ ਆਪਣੇ-ਆਪਣੇ ਕਾਰਜਕਾਲ ਦੀ ਸ਼ੁਰੂਆਤ ਦੌਰਾਨ ਹੋਈ ਸੀ।